Digitized by Panjab Digital Library | www.panjabdigilib.org

Digitized by Panjab Digital Library | www.panjabdigilib.org

6941 G

6941-G

(21)

آب کوثر

مصنفہ محمد اکرم [illegible]

8/-

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

6941G

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

ਮੰਦ੍ਯਮਦਭੰਜਨ ਮਿਤ੍ਰਮਨਰੰਜਨ।

ਅਰਥਾਤ-

ਸ਼੍ਰੀ ਮਹਾਰਾਣੀ

# ਸ਼ਰਾਬਖੋਰ

ਕ੍ਰਿਤ-

ਡਾਕਟਰ ਚਰਨਸਿੰਘ ਜੀ।

ਸ੍ਰੀ ਅੰਮ੍ਰਿਤਸਰ ਜੀ।

ਸਿੰ: ਨਾਂ: ੪੨੫।

ਵਜੀਰਹਿੰਦ ਪ੍ਰੇਸ ਹਾਲਬਜ਼ਾਰ ਸ੍ਰੀ
ਅੰਮ੍ਰਿਤ ਸਰਜੀ ਵਿਚ ਮੁਦ੍ਰਿਤ ਹੋਈ।

ਹਸਬ ਜ਼ਾਬਤਾ ਰਜਿਸਟਰੀ ਕਰਾਈ ਗਈ।

।੭

ਇਸ ਨੂੰ

ਜਰੂਰ ਹੀ ਪੜ੍ਹੋ।

# ਵਜ਼ੀਰ ਹਿੰਦ ਪ੍ਰੈਸ।

ਇਸ ਕਾਰਖਾਨੇ ਵਿਚ ਹਰ ਪ੍ਰਕਾਰ
ਦੇ ਬੀਬਮੋਟੇ ਕਾਗਤ ਤੇ ਸੁੰਦਰ ਛਾ-
ਪੇ ਦੇ ਰਿਔਤ ਵੈਦੇ ਮਿਲ ਸਕਦੇ ਹ
ਨ। ਕਣੇ ਗਾਹਕਾਂ ਨੂੰ ਕਮਿਸ਼ਨ ਬੀ
ਦਿਤੀ ਜਾਂਦੀ ਹੈ। ਕਾਨੂਨੀ ਕਤਾਬਾਮੁ
ਸ਼ਰਾ ਤੇ ਗੈਰ ਮੁਸ਼ੱਰਾ ਬੀ ਬਹੁਤ ਸਸ
ਤੀਆਂ ਵਿਕਦੀਆਂ ਹਨ। ਤੇ ਛਪਾ-
ਈ ਦਾ ਕੰਮ ਬੀ ਬਹੁਤ ਉਤਮ ਹੁੰਦਾ ਹੈ।
ਕੁਲ ਮਾਲ ਨਕਦ ਮੁਲ ਜਾਂ ਵੈਲਯੂਪੇ
ਬਿਲ ਦਵਾਰਾ ਭੇਜਿਆ ਜਾਂਦਾ ਹੈ। ਸ-
ਭ ਲਿਖਤ ਪੜ੍ਹਤ ਇਸ ਪਤੇ ਪੁਰ ਹੋਵੇ

**ਮੈਨੇਜਰ**

ਵਜ਼ੀਰ ਹਿੰਦ ਪ੍ਰੇਸ ਹਾਲ ਬਜਾਰ

ਸ੍ਰੀ ਅੰਮ੍ਰਿਤਸਰ।

Digitized by Panjab Digital Library | www.panjabdigilib.org

# ਭੂਮਿਕਾ।

69416

ਦੋਹਰਾ

ਅੰਧੇ ਖੂਹ ਤੇ ਜੋ ਪਿਖੇ, ਅੰਧਾ ਹੈ ਕਿਹ ਕਾਲ।
ਚੁਪ ਬੈਠੇ ਹੋਵੇ ਜੋ ਨਹੀ, ਹੈ ਅਪਰਾਧ ਬਿਸਾਲ।
ਇਸ ਕਲਿਕਾਲ ਕੁਚਾਲ ਮੈਂ, ਮਦਰਾ ਪ੍ਰਬਿਤ ਬਿਸਾਲ।
ਰਾਉ ਰੰਕ ਉਨਮੱਤ ਸਬ, ਦਸ਼ਾ ਦੇਸ਼ ਕੁਰ ਹਾਲ।
ਹਿਤ ਸਮੋਧ ਮਨ ਆਪਣੇ, ਜ਼ੁਲਤਾਗਿਨ ਤੇ ਬਚਾਉ।
ਕਛੁਕ ਕਥੋਂ ਉਦ੍ਵੇਗ ਮਨ, ਪੰਜਾਬੀ ਭਾਖਾਉ।
ਛਮਹੈ ਸਜਨ ਢੀਠਤਾ, ਕ੍ਰਿਪਾ ਭੀਨਤਾ ਦੇਖ।
ਨਿਜ ਹਿਅਰੇ ਕੈਨੇ ਕਛੂ, ਦੈ ਹੈਂ ਧਾਨ ਅਸੇਖ
ਮਦ ਉਤਪਤਤਾ, ਮਦ ਪ੍ਰਵਿਰਤ, ਮਦ ਅਨੁਸਾਸਨ ਰਾਜ
ਮਦ ਸਿਸਾਰਕ ਦੁਖ ਸਿਮ੍ਰਿਤ, ਮਦ ਫਾਕੇ ਤ੍ਰਮਨ ਰਾਜ।
ਇਤ ਆਦਕ ਕਛੁ ਕਛੁ ਕਥੋਂ ਮਦ ਮਦ ਭੰਜਨ ਮਾਂਹ।
ਕੇਵਲ ਨਿਜ ਹਿਤ ਸਾਂਤ ਹਿਤ, ਔਰ ਲੋਗ ਕੇਊ ਨਾਹ।
ਬਿਕ੍ਰਮੰ[੧੯] ਬਸ[੪੯] ਜੁਗ ਖੰਡ ਨਭ; ਭਾ ਅਰੰਭ ਸਤ ਪੰਥ।
ਮਦ ਮਦ ਭੰਜਨ ਸਿਤ੍ਰ ਮਨ ਰੰਜਨ ਨਾਮਕ ਗ੍ਰੰਥ।

ਨਾਤਾ ਜੀ ਇਸ ਵੇਲੇ ਰਹ ਨਹੀ ਸਕਦਾ ਕਿ ਅੰਨੇ ਨੂੰ ਅੰ-ਨੇ ਖੂਹ ਤੇ ਦੇਖਕੇ ਨਾ ਹੋੜੀਏ; ਭਾਂਵੇ ਅੰਨਾਂ ਜਾਣ ਬੁਝਕੇ ਹੀ ਡਿਗਦਾ ਹੋਵੇ, ਪਰ ਦੇਖਕੇ ਨਾ ਰੋਕਣ ਵਾਲੇ ਨੂੰ ਪਾਪ ਹੈ, ਏ-

ਸੇ ਵ੍ਰਿਸਾਂਤ ਤੇ, ਅਤੇ ਇਸ ਰਾਮ ਕੇ ਹੋਏ ਸਮੇ ਦੇ ਪ੍ਰਕਾਸ਼ ਨੂੰ ਵੇਖਕੇ {ਭਈ ਬਹੁਤ ਸਾਰੇ ਸ੍ਰੇਸ਼ਟ ਪੁਰਖਾਂ ਨੇ, ਸ਼ਰਾਬ ਨਖੇਧੀ ਵਿਖੇ ਪੁਰ ਉਰਦੂ ਤੇ ਅੰਗ੍ਰੇਜ਼ੀ ਆਦਿਕ ਬੋਲੀਆਂ ਵਿਚ ਕਈ ਗ੍ਰੰਥ ਰਚੇ ਹਨ ਜਿਨ੍ਹਾਂ ਥੋਂ ਸਾਡੇ ਪੰਜਾਬੀ ਭਿਰਾਵਾਂ ਨੂੰ ਬਹੁਤ ਘਟ ਲਾਭ ਪ੍ਰਾਪਤ ਹੁੰਦਾ ਹੈ} ਇਹ ਨਿਕਾ ਜੇਹਾ ਗ੍ਰੰਥ ਮਦਅ ਮਦ ਭੰਜਨ ਤੇ ਮਿਤ੍ਰ ਮਨਰੰਜਨ ਨਾਮੀ ਇਸ ਵੀਹਵੀਂ ਸਦੀ ਬਿਕ੍ਰਮੀ ਦੇ ਅੰਤਲੇ ਸੰਮਤ ਵਿਚ ਪ੍ਰਰਿਤ੍ਰਿਆ।

ਆਸ਼ਾ ਹੈ ਕਿ ਪਾਠਕ ਜਨ ਇਸ ਦੀ ਟੁੱਟੀ ਫੁੱਟੀ ਪੰਜਾਬੀ ਬੋਲੀ ਨੂੰ ਸਤ੍ਰ ਦ੍ਰਿਸ਼ਟਿ ਨਾਲ ਨਾ ਦੇਖਣਗੇ, ਕਿਉਂਕਿ ਮੈਂ ਇਹ ਗ੍ਰੰਥ ਵਾਦ ਵਿਵਾਦ ਵਾਸਤੇ ਨਹੀਂ ਲਿਖਿਆ ਕੇਵਲ ਆਪਣਾ ਆਸ਼ਾ ਕੁਝਿਆਂ ਨੂੰ ਰਾਨਣ ਵਿਖਾਉਣ ਲਈ ਦਸਣ ਦਾ ਪ੍ਰਯੋਜਨ ਹੈ। ਆਪਣੇ ਮਨ ਦੀ ਉਦ੍ਵੇਗਤਾ ਤੇ ਸਮੇ ਧਨਾ ਹੈ ਜੋਹ ਵਾਲੇ ਨਿਰਪੱਖ ਪੁਰਖ ਇਸ ਥੋਂ ਬਹੁਤ ਬਹੁਤ ਲਾਭ ਲੈ ਸਕਦੇ ਹਨ, ਪਰ ਵਿਪਰਜ ਦ੍ਰਿਸ਼ਟਿ ਨਾਲ ਦੇਖਣ ਵਾਲੇ ਤੇ ਨੁਕਤੇ ਚੀਨ ਸਿਕੰਦਰ ਵਾਙੂ ਅੰਮ੍ਰਿਤ ਕੁੰਡ ਥੋਂ ਫਿਰਦੇ ਰਹ ਜਾਂਦੇ ਹਨ। ਜਾਂ ਮੁਹੰਮਦ ਸ਼ਾਹ ਵਰਗੇ ਘੋਗੀ (ਜੋ ਵੈਰੀਆਂ ਦੇ ਪਹੁੰਚਣ ਦੀਆਂ ਚਿਠੀਆਂ ਸ਼ਰਾਬ ਦੇ ਹੌਜ਼ ਵਿਚ ਡੋਬ ਛਡਦਾ ਸੀ) ਤਤੇ ਤਵੇ ਤੇ ਛਿੱਟ ਜਿਨਾ ਗੁਣ ਲੈ ਸਕਦੇ ਹਨ। ਪਰ ਹਾਂ, ਉਨ੍ਹਾਂ ਲਈ ਉਹ ਸਮਾਂ ਬੀ ਦੂਰ ਨਹੀਂ, ਜਦੋਂ ਨਾਦਰ ਵਰਗੇ ਸ਼ਰਾਬ ਦੇ ਹਬ ਅਕਲ ਬਲ, ਧਨ ਨਾਮ ਕੁਲ ਆਦਿ ਦਾ ਖਜ਼ਾਨਾ ਲੁਟ ਲਿਜਾਣਗੇ।

ਮੈਂ ਇਸ ਪੋਥੀ ਵਿਚ ਆਪਣੀ ਅੱਖੀਂ ਡਿੱਠੀਆਂ, ਕੰਨੀਂ ਸੁਣੀਆਂ ਤੇ ਹੋਰ ਗ੍ਰੰਥਾਂ ਵਿਚ ਪੜ੍ਹੀਆਂ ਗੱਲਾਂ, ਅਨਮੋੜ ਅੜੀਅਲ ਮਨਾਂ ਨੂੰ ਮੋੜਨੇ ਤੇ ਰਾਹ ਸਿਰ ਲਿਆਉਣ ਲਈ ਚਾਬਕ ਨਹਰੀ ਲਗਾਮ ਪ੍ਰਕਾਰ ਵਾਙੂ ਸੋਚ ਕੇ ਲਿਖੀਆਂ ਹਨ, ਭਈ ਕਿਵੇਂ ਮੇਰੇ ਕੌਮ ਤਿਆਰੇ ਸਾਣ

ਸ੍ਰੀ ਅੰਮ੍ਰਿਤਸਰ ਜੀ
ਅਸੂ ਸੰ: ੧੯੫੫ } ਲੇਖਕ { ਗ੍ਰੰਥਕਰਤਾ।

Digitized by Panjab Digital Library | www.panjabdigilib.org

# ਸੂਚੀ ਪਤ੍ਰ।


| ਵਿਸ਼ਯ | ਪੰਨਾ | ਵਿਸ਼ਯ | ਪੰਨਾ |
|---|---|---|---|
| ਉਥਾਨਕਾ | ੪ | ਚਰਸ | ੩੯ |
| ਪ੍ਰਸ਼ਨਾਵਲੀ | ੧੬ | ਧਤੂਰਾ | ੪੨ |
| ਉੱਤਰ ਪਹਿਲੇ ਪ੍ਰਸ਼ਨ ਦਾ | ੨੯ | ਮੱਦਕ | ੪੮ |
| " ਦੂਜੇ " " | ੨੯ | ਪੋਸਤ | ੪੯ |
| " ਤੀਜੇ " " | ੩੦ | ਉੱਤਰ ਚੌਥੇ ਪ੍ਰਸ਼ਨ ਦਾ | ੫੦ |
| ਤਮਾਕੂ | ੩੦ | " ਪੰਜਵੇਂ " " | ੧੧੨ |
| ਅਫੀਮ | ੩੨ | " ਛੀਵੇਂ " " | ੧੨੯ |
| ਭੰਗ | ੩੬ | " ਸਤਵੇਂ " " | ੧੩੧ |
| | | " ਅਠਵੇਂ " " | ੧੪੫ |


## ਰੀਵੀਊ।

ਸ੍ਰੀਯੁਤ ਬਾਬਾ ਸੁਮੇਰ ਸਿੰਘ ਜੀ ਸਾਹਬ ਸ੍ਰੀ ਮਹੰਤ ਹਜ਼ੂਰ ਤਖ਼ਤ ਪਟਨਾ ਸਾਹਬ ਨੇ ਇਸ ਪੋਥੀ ਨੂੰ ਪੜ੍ਹਕੇ ਪ੍ਰਸੰਨਤਾ ਪ੍ਰਗਟ ਕੀਤੀ ਅਤੇ ਇਹ ਰਾਇ ਦਿਤੀ:—

ਮਦ ਮਦ ਭੰਜਨ ਰੀਬ ਯਹ ਮਦ ਮਦ ਭੰਜਨ ਹਾਰ।
ਯਥਾ ਨਾਮ ਗੁਣ ਅਥਾਰਥ ਚਰਨ ਸਿੰਘ ਕ੍ਰਿਤ ਚਾਰ।

ਪੰਡਤ ਹਜ਼ਾਰਾ ਸਿੰਘ ਜੀ ਗਿਆਨੀ (ਹਜ਼ੂਰ ਹਰੀ) ਜੀ ਨੇ ਇਹ ਰਾਇ ਦਿਤੀ ਹੈ।—

ਜਿਮ ਰਆਗੇ ਪੰਡਿਤ ਹੈਂ ਦੇਤ ਮਧੁਰ ਰਸ ਚੈਨ; ਬੈਨ ਕੌਰ ਸਾਰਾਬ ਕੇ ਪੌਨ ਗੀਨ ਐਨ।
ਸੁਨ ਬਚ ਕੌਰ ਸਰਾਬ ਕੇ ਭਰੇ ਮਿਸ਼ਰ ਸਦੈਰ; ਕਿਉਂ ਨਾ ਹੋਇ ਦਿਵੈ ਬੈਰ ਜੋ ਪੀਅਤ ਰੋਜ਼ ਭਰ ਕੌਰ
ਪ੍ਰਜਾ ਲਾਭ ਦੇਸ਼ੋਨਤੀ ਵਿਖਯ ਗੰਥ ਇਸ ਕੇਰ; ਬਾਬਾ ਅਲੀ ਕ੍ਰਿਤ ਆਦਿ ਗੁਣ ਕਹੂੰ ਕਹਾਂ ਲਗ ਟੇਰ
ਅਵਗੁਨ ਅਤਿ ਚਰਸਾਦਿ ਕੇ ਕਹੇ ਕਵੀ ਵਿਸਥਾਰ; ਹਰ ਹਜ਼ੂਰ ਦੇਹੈ ਤਿਨੇ ਧਰਮਾਦਿ ਕ ਫਲ ਚਾਰ।

Digitized by Panjab Digital Library | www.panjabdigilib.org

ੴ ਸਤਿ ਗੁਰ ਪ੍ਰਸਾਦਿ।

# ਉਖਾਨਕ ॥

ਅਟਲ ਅਕਲ ਨਾਨਕ ਗੁਰੂ ਗੋਬਿੰਦ ਸਿੰਘ ਪ੍ਰੀਤ, ਪ੍ਰਟ ਕਰ ਬੰਦੇ ਬਾਰ ਬਾਰ ਚਹੋਂ ਦੇਹੁ ਸੁਮਤ ਸੁਖਵੰਤ।

## ਅਥ ਮਦ ਉਤਪਤੀ।

ਦੁਰਮਤ ਮਦ ਜੋ ਪੀਵਤੇ ਬਿਖਲੀ ਪਤ ਕਮਲੀ,
ਰਾਮ ਰਸਾਇਣ ਜੋ ਰਤੇ ਨਾਨਕ ਸਚ ਅਮਲੀ।

ਇਸ ਸ਼ਰਾਬ ਖਾਨਾ ਖਰਾਬ ਦੀ ਉਤਪਤਿ ਪੁਰਾਣਾਂ ਵਿਚ ਇਉਂ ਲਿਖੀ ਹੈ, ਕਿ ਇਕ ਸਮੇਂ ਦੇਵਤਿਆਂ ਅਤੇ ਦੈਂਤਾਂ ਨੇ ਖੀਰ ਸਮੁੰਦ੍ਰ ਨੂੰ ਰਿੜਕਿਆ, ਤੇ ਏਹ ਚੌਦਾਂ ਰਤਨ ਕਢੇ :—

(ਦੋਹਾ) ਸ੍ਰੀ ਮਣ ਰੰਭਾ ਬਾਰੁਣੀ ਅਮ੍ਰਿਤ ਸੰਖ ਗਜਰਾਜ, ਕਲਪਦ੍ਰੂਮ ਸਸਿ ਧੇਨ ਧਨੁ ਧਨੰਤ੍ਰ ਬਿਖ ਬਾਜ।

ਇਨ੍ਹਾਂ ਰਤਨਾਂ ਦੇ ਵੰਡਣ ਵਿਚ ਜਦ ਝਗੜਾ ਹੋ ਪਿਆ, ਤਦ ਮੋਹਣੀ ਅਵਤਾਰ ਨੇ ਸਭਨਾਂ ਨੂੰ ਮਨਾ ਕੇ ਇਸ ਜੁਗਤ ਨਾਲ ਵੰਡ ਕੀਤੀ। ਸ਼ਿਵ ਜੀ ਨੂੰ ਭੋਲਾ ਜਾਣ ਕੇ ਬਿਖ, ਦੇਵਤਿਆਂ ਦੇ ਵੈਰੀਆਂ ਦੈਂਤਾਂ ਨੂੰ ਰੋਗ ਤੇ ਮੌਤ ਰੂਪ ਸ਼ਰਾਬ, ਦੇਵਤਿਆਂ ਨੂੰ ਅਮਰ ਹੋਣ ਲਈ ਅੰਮ੍ਰਿਤ ਦਿਤਾ। ਰੰਭਾ, ਕਲਪ ਬ੍ਰਿਛ ਤੇ ਕਾਮਧੇਨ ਸ੍ਵਰਗ ਦੀ ਸਜਾਵਟ ਲਈ ਰਖੇ। ਕੌਸਤ ਮਣੀ ਲਛਮੀ ਤੇ ਸੰਖ ਵਿਸ਼ਨੂੰ ਨੂੰ ਦਿਤੇ। ਚੰਦ੍ਰਮਾਂ ਤੇ ਧਨੁਖ ਸ਼ਿਵ ਜੀ ਨੂੰ ਗੁਸਾ ਹਟਾਉਣ ਲਈ। ਹਾਥੀ ਇੰਦ੍ਰ ਨੂੰ ਤੇ ਘੋੜਾ ਸੂਰਜ ਨੂੰ। ਅਤੇ ਧਨੰਤਰ ਰੋਗੀਆਂ ਦੇ ਦਵਾ ਦਾਰੂ ਕਰਨ ਵਾਸਤੇ ਧਰਤੀ ਉਤੇ ਖੁਲ੍ਹਾ ਛਡ ਦਿਤਾ, ਕਿ ਵਸਤਾਂ ਦੇ ਗੁਣ ਔਗੁਣ ਭੋਲੇ ਲੋਕਾਂ ਨੂੰ ਖਬਰਦਾਰ ਕਰੇ। ਇਸ ਗਲ ਵਿਚ ਭਾਵੇਂ ਸਾਡੀ ਸੰਮਤੀ ਨਹੀ

ਕਿ ਸ਼ਰਾਬ ਸਮੁੰਦ੍ਰ ਵਿਚੋਂ ਨਿਕਲੀ। ਕਿਉਂਕਿ ਜੇ ਇਹ ਗਲ ਸ- ੫
ਚ ਸੀ ਤਾਂ ਇਕੋ ਵਾਰੀ ਕਿਉਂ ਵਿਕੀ ਗਈ, ਅਜ ਕਲ ਤਾਂ ਗੁੜ ਸ-
ਕ ਤ੍ਰਕਾਕੇ ਲੋਕੀ ਪੀ ਰਹੇ ਹਨ। ਹਾਂ, ਜੇ ਕਦੀ ਸ਼ਰਾਬ ਕਢ-
ਣ ਦੀ ਜੁਗਤ ਨਿਕਲੀ ਪੁਰਾਣਾਂ ਵਾਲੇ ਲਿਖਦੇ ਤਾਂ ਭਾਵੇਂ ਠੀਕ
ਬਿਵਸਥਾ ਹੁੰਦੀ। ਹੋਰ ਸਾਰੇ ਪਦਾਰਥਾਂ ਦੀ ਇਸ ਬਿਰਤਾ ਮੰਨੀ
ਗਈ ਹੈ; ਜਿਹਾ ਕੁ ਅੰਮ੍ਰਿਤ ਦਾ ਕੁੰਡ ਸ੍ਵਰਗ ਵਿਚ, ਬਿਖ ਸ਼ਿਵ
ਜੀ ਦੇ ਕੰਠ ਵਿਚ ਆਦਿ ਸਭੇ ਇਸ ਬਿਰ ਹਨ। ਫੇਰ ਸ਼ਰਾਬ ਕਿ-
ਉਂ ਮਾਰੀ ੨ ਫਿਰੀ। ਤੇ ਗੁੜ ਸਕ ਆਦਿ ਲਿਦ ਵਿਚ ਤ੍ਰਕਾ ਕੇ ਕਢੀਂ-
ਦੀ ਰਹੀ।

ਭੁਲਾ ਜੀ ਸਾਨੂੰ ਇਨ੍ਹਾਂ ਝਗੜਿਆਂ ਨਾਲ ਕੀ? ਗਲ ਤਾਂ
ਅਸਲ ਇਹ ਹੈ, ਕਿ ਜੇਕਰ ਇਹੋ ਸ਼ਰਾਬ ਦੀ ਉਤਪਤੀ ਠੀਕ ਹੈ
ਤਾਂ ਸੋਚੋ ਕਿ ਮੋਹਣੀ ਨੇ ਤਾਂ ਮੌਤ ਤੇ ਰੋਗਾਂ ਦੀ ਖਾਣ ਸ਼ਰਾਬ ਦੇਵ-
ਤਿਆਂ ਦੇ ਵੈਰੀਆਂ ਨੂੰ ਪਿਲਾਈ। ਫੇਰ ਅਸੀਂ ਲੋਕ ਜਾਣ ਬੁਝ
ਕੇ ਕਿਉਂ ਰੋਗ ਤੇ ਮੌਤ ਸਹੇੜਦੇ ਹਾਂ। ਵੇਖੋ ਇਸ ਦਾ ਪ੍ਰਤੱਖ ਫਲ
ਕੀ ਹੋਇਆ, ਦੈਂਤ ਬੇਸੁਧ ਹੋ ਗਏ, ਅਕਲ ਗਵਾ ਬੈਠੇ, ਰਤ-
ਨਾਂ ਦੀ ਵੰਡ ਵੇਲੇ ਧੋਖਾ ਖਾ ਬੈਠੇ। ਜਦ ਹੋਸ਼ ਆਈ ਤੇ ਸੋਚਿ-
ਆ ਤਾਂ ਲਗੇ ਜੁਧ ਕਰਨ। ਅਮਰਾਵਤੀ ਦੀ ਲੁਟ ਵਿਚ ਚਿਰ ਤ-
ਨ ਫੇਰ ਹਥ ਆਏ, ਫੇਰ ਖੁਹਾਏ ਫੇਰ ਲੁਟ ਮਾਰੇ। ਕਈ ਵੇਰ ਇ-
ਸ ਪ੍ਰਕਾਰ ਲੁਟੀਂਦੇ ਰਹੇ। ਪਰ ਅਫਸੋਸ! ਮਹਾਂ ਅਫਸੋਸ!
ਦੈਂਤ ਸ਼ਰਾਬ ਪੀਣੋਂ ਨਾ ਟਲੇ।

ਪ੍ਰਤੱਖ ਪ੍ਰਹਲਾਦ ਦੀਆਂ ਕਰਾਮਾਤਾਂ ਹਰਨਾਖਸ਼
ਦੇਖਦਾ ਸੀ ਕਿ ਪਾਣੀ ਵਿਚ ਨਹੀਂ ਡੁੱਬਾ, ਪਰਬਤੋਂ ਥੋਂ ਸੁਟਿ-
ਆਂ ਨਹੀਂ ਮੋਇਆ। ਅੱਗ ਵਿਚ ਪਾਇਆਂ ਨਹੀਂ ਸ-

Digitized by Panjab Digital Library | www.panjabdigilib.org

ਕ੍ਹਿਆ। ਪਰ ਫੇਰ ਬੀ ਇਸੇ ਸ਼ਰਾਬ ਖਾਨ ਖਰਾਬ ਦੀ ਉਨ੍ਮਤਤਾ ਵਿਚ ਇਹੋ ਕੇਹੜਾ ਸੀ "ਕਿ ਤੇਰਾ ਰਖਣਹਾਰਾ ਕੋਣ ਹੈ, ਜੇ ਹੈ ਤਾਂ ਕਿਥੇ ਹੈ"। ਗਲ ਕੀ ਇਸੇ ਸ਼ਰਾਬ ਦੀ ਘੂਰਮਤਾਈ ਵਿਚ ਨਰਸਿੰਘ ਦੇਵ ਦੇ ਹਥੋਂ ਪਾੜ੍ਹਿਆ ਗਿਆ। ਵਡੇ ਸ਼ੋਕ ਦੀ ਗਲ ਹੈ, ਕਿ ਇਡੇ ਤੇਜਸ੍ਵੀ ਪ੍ਰਤਾਪੀ ਰਾਜਾ ਦਾ ਮਰਨਾ ਸੁਣਕੇ ਬੀ ਦੈਤਾਂ ਨੇ ਨਾ ਛੱਡੀ। ਵੇਖੋ ਸਾਰੇ ਮਧ ਕੈਟਭ ਸ਼ੁੰਭ ਨਿਸ਼ੁੰਭ ਬ੍ਰਿਤਾਸੁਰ ਮਹਖਾਸੁਰ ਆਦਿ ਸੂਰਬੀਰ ਸ਼ਰਾਬ ਦੀ ਮਸਤੀ ਵਿਚ ਹੀ ਸਰਬੰਸ ਨਾਸ ਕਰ ਗਏ। ਪਰ ਇੰਨ੍ਹਾਂ ਨਾ ਸੋਚਿਆ ਕਿ ਕਿਸ ਨਿਕਾਰੀ ਚੀਜ਼ ਪਿਛੇ ਨਸ਼ਟ ਹੁੰਦੇ ਹਾਂ।

ਤ੍ਰੇਤਾ ਵਿਚ ਤਾਂ ਪ੍ਰਗਟ ਹੀ ਹੈ ਕਿ ਰਾਵਣ ਮਹਾਰਾਵਣ ਆਦਿਕਾਂ ਦੇ ਘਰਾਣੇ ਸ਼ਰਾਬ ਦੀ ਕ੍ਰਿਪਾ ਨਾਲ ਹੀ ਨਸ਼ਟ ਹੋਏ। ਕਿਆ ਸੋਚ ਸਮਝ ਨਹੀ ਸਕਦੇ ਸਨ, ਕਿ ਮਨੁਖ ਤੇ ਬਾਂਦਰਾਂ ਦੇ ਹਥੋਂ ਪਰਜੇ ਜੋ ਨਿਤ ਦਾ ਅਹਾਰ। ਪਰ ਸ਼ਰਾਬ ਦੀ ਕ੍ਰਿਪਾ ਇਹੋ ਜਿਹੀ ਸੀ ਕਿ ਸਮਝ ਸੁਫਨੇ ਵਿਚ ਬੀ ਨਹੀ ਆਉਂਦੀ ਸੀ।

ਆਪ ਲੋਕ ਜਾਣਦੇ ਹੋਵੋਗੇ ਕਿ ਬ੍ਰਹਸਪਤ ਦਾ ਪੁਤ੍ਰ ਕਚ ਸ਼ੁਕ੍ਰ ਜੀ ਪਾਸੋਂ ਸੰਜੀਵਨੀ ਵਿਦਿਆ ਸਿਖਣ ਆਇਆ। ਸ਼ੁਕ੍ਰ ਦੀ ਧੀ ਦੇਵਜਾਨੀ ਕਚ ਪੁਰ ਆਸ਼ਕ ਹੋਗਈ। ਪਰ ਦੈਤਾਂ ਨੇ ਦਾਉ ਪਾਕੇ ਉਸ ਨੂੰ ਮਾਰ ਦਿਤਾ, ਭਈ ਦੇਵਤੇ ਤਾਂ ਅਗੇ ਹੀ ਅਮਰ ਹਨ, ਤਿਸ ਪੁਰ ਸਾਡੇ ਗੁਰੂ ਦੀ ਸੰਜੀਵਨੀ ਵਿਦਿਆ ਪਾਕੇ ਤਾਂ ਸਾਡੇ ਸਿਰ ਹੋਰ ਬੀ ਜ਼ੋਰ ਹੋ ਜਾਣਗੇ। ਸ਼ੁਕ੍ਰ ਦੀ ਧੀ ਨੇ ਪਿਉ ਨੂੰ ਕਹਕੇ ਕਚ ਨੂੰ ਫੇ-

ਰ ਜਿਵਾਲਿਆ । ਇਸ ਭਾਂਤ ਕਈ ਵੇਰ ਦੈਂਤਾਂ ਨੇ ਮਾਰਿਆ ਪਰ ਸ਼ੁਕ੍ਰ ਜਿਵਾ ਦਿੰਦਾ ਰਿਹਾ। ਅੰਤ ਨੂੰ ਉਨਾਂ ਨੇ ਕਚ ਦੇ ਮਾਸ ਦੀ ਸ਼ਰਾਬ ਚੁਆਈ, ਅਰ ਕੁਝ ਮਾਸ ਰਿੰਨ ਕੇ ਗੁਰੂ ਜੀ ਨੂੰ ਨੇਉਤਾ ਦਿਤਾ। ਤੇ ਦੋਵੇਂ ਪਦਾਰਥ ਖੁਲਾ ਪਿਲਾ ਦਿਤੇ। ਗੁਰੂ ਜੀ ਪ੍ਰਸੰਨ ਹੋਕੇ ਘਰ ਆ ਬੈਠੇ। ਦੇਵਯਾਨੀ ਕਚ ਦੀ ਉਡੀਕ ਵਿਚ ਅਖਾਂ ਰਸਤੇ ਵਲ ਲਾਈ ਬੈਠੀ ਸੀ। ਜਦ ਉਹ ਦੇਰ ਚਿਰ ਤੀਕ ਨਾ ਆਇਆ ਤਾਂ ਉਸਨੇ ਪਿਤਾ ਨੂੰ ਕਿਹਾ ਕਿ ਕਚ ਭਾਵੇਂ ਫੇਰ ਦੈਂਤਾਂ ਦੇ ਛੁਹੇ ਚੜ੍ਹ ਗਿਆ, ਜਿਹੜਾ ਅਜੇ ਤੀਕ ਨਹੀ ਆਇਆ, ਉਹ ਜਰੂਰ ਕਿਸੇ ਪਾਪੀ ਦੇ ਹਥੋਂ ਮਾਰਿਆ ਗਿਆ। ਇਹ ਸੁਣ ਸ਼ੁਕ੍ਰ ਜੀ ਅੰਤ੍ਰ ਧਿਆਨ ਹੋ ਕਚ ਨੂੰ ਲਭਣ ਲਗੇ, ਤਾਂ ਆਪਣੇ ਹੀ ਢਿਡ ਵਿਚ ਪਾਇਆ। ਚਿੰਤਾਮਾਨ ਹੋਕੇ ਬੋਲੇ ਬੇਟੀ ਕਚ ਹੁਣ ਨਹੀ ਜੀਉਂ ਸਕਦਾ, ਉਹ ਸ਼ਰਾਬ ਹੋਕੇ ਮੇਰੇ ਪੇਟ ਵਿਚ ਹੈ, ਜੇ ਉਹ ਜੀਵੇ ਤਾਂ ਮੇਰੀ ਮੌਤ ਹੈ। ਧੀ ਬੋਲੀ ਪਿਤਾ ਜੀ ਫੇਰ ਮੇਰਾ ਮਰਨਾ ਸਮਝੋ। ਮੈਂ ਉਸ ਬਿਨ ਜੀਉਂ ਨਹੀ ਸਕਦੀ। ਇਸ ਅਸਮੰਜਸ ਵਿਚ ਸ਼ੁਕ੍ਰ ਜੀ ਨੇ ਕਚ ਨੂੰ ਪੇਟ ਵਿਚ ਹੀ ਸੰਜੀਵਨੀ ਵਿਦਿਆ ਸਿਖਾਈ। ਅਤੇ ਸਮਝਾਇਆ ਕਿ ਪੇਟ ਫਾੜ ਕੇ ਤੈਨੂੰ ਕਢਦਾ ਹਾਂ ਇਸੇ ਵਿਦਿਆ ਨਾਲ ਫੇਰ ਤੂੰ ਮੈਨੂੰ ਜਵਾਈਂ।

ਸ੍ਰੀ ਮੁਖਵਾਕ ਚਰਿਤ੍ਰ ਪਖ੍ਯਾਨੇ ੩੨੦

ਕਾਢਤ ਤਾਂਹ ਸ਼ੁਕ੍ਰ ਮਰ ਗਯੋ, ਬਹੁਰ ਮੰਤ੍ਰ ਬਲ ਕਚ ਤਾਹ ਜਿਆਇ
ਸ੍ਰਾਪ ਦੀਯ ਮਦ੍ਰਾ ਕੋ ਤਿਹ ਤਾ, ਅਤੇ ਪੀਅਤ ਨ ਆ ਕਊ ਕੋਊ ਕਹ।

ਇਸ ਭਾਰੀ ਪਾਪ ਤੇ ਪਛਤਾਵੇ ਕਰਕੇ ਸ਼ੁਕ੍ਰ ਜੀ ਨੇ ਇਸਨੂੰ ਸ੍ਰਾਪ ਦਿਤਾ। ਉਸ ਦਿਨ ਤੋਂ ਸ੍ਰੇਸ਼੍ਟ ਪੁਰਖਾਂ ਨੇ ਇਸ ਪਦਾ-

Digitized by Panjab Digital Library | www.panjabdigilib.org

ਰਬ ਨੂੰ ਛੋਡਣਾ ਬੀ ਹੱਛਾ ਨਾ ਸਮਝਿਆ। ਇਸ ਤੋਂ ਸਾਫ ਪਰਗਟ ਹੈ, ਕਿ ਅਜ ਕਲ ਜੋ ਹਿੰਦੂ ਲੋਕ ਸ਼ਰਾਬ ਪੀ ਰਹੇ ਹਨ, ਪੁਰਾਣਾਨੁਸਾਰ ਬ੍ਰਾਹਮਣ ਦੇ ਮਿਝ ਲਹੂ ਮਾਸ ਆਦਿਕ ਦੇਹ ਦੇ ਕੁਤਸਤ ਪਦਾਰਥਾਂ ਦਾ ਸਤ ਪੀ ਰਹੇ ਹਨ।

ਦ੍ਵਾਪਰ ਦੇ ਪਸਿਧ ਤਾਂ ਕ੍ਰਿਸ਼ਨ ਗੁਣ ਛਪੇ ਹੀ ਨਹੀਂ। ਬਲਭਦ੍ਰ ਜੀ ਨੇ ਇਸੇ ਸ਼ਰਾਬ ਖਾਨ ਖਰਾਬ ਦੀ ਕ੍ਰਿਪਾ ਨਾਲ ਬ੍ਰਹਮ ਹਤਿਆ ਕੀਤੀ। ਉਸ ਵਿਚਾਰੇ ਸੂਤ ਨੂੰ ਜੋ ਨਿਰਾਪਰਾਧ ਬੈਠਾ ਕਥਾ ਕਰ ਰਿਹਾ ਸੀ ਬਿਨਾ ਸੋਚੇ ਸਮਝੇ ਇਕੋ ਵਾਰ ਨਾਲ ਮਾਰ ਮੁਕਾਇਆ।

ਮਹਾਭਾਰਤ ਦਾ ਜੁਧ ਬੀ ਇਸੇ ਦੀ ਕ੍ਰਿਪਾ ਦਾ ਫਲ ਹੈ। ਸ਼ਰਾਬ ਦੀ ਲੋਟ ਵਿਚ ਹੀ ਭੀਮ ਸੈਨ ਨੇ ਹਥਿਆਰ ਖਸਣੀ ਵਿਆਹੀ। ਇਸੇ ਦੀ ਕ੍ਰਿਪਾ ਨਾਲ ਛਪੰਜਾ ਕ੍ਰੋੜ ਜਾਦਵ ਆਪ ਵਿਚ ਕਟ ਕੇ ਮੋਰ ਗਏ, ਕੁਲ ਵਿਚ ਕੋਈ ਪਾਣੀ ਦੇਣ ਜੋਗਾ ਨਾ ਰਿਹਾ। ਭਿਗਾਸ ਖੇਤ੍ਰ ਦੇ ਮੇਲੇ ਤੇ ਕ੍ਰਿਸ਼ਨ ਚੰਦ੍ਰ ਜੀ ਜੋ ਜਾਦਵਾਂ ਦੀ ਕੁਲ ਵਿਚ ਅਗਾਊਵ ਸਨ, ਸਰਾਬ ਪੀਣ ਵੇਲੇ ਬੀ ਸਭਨਾਂ ਦੇ ਕਦਮ ਅਗੇ ਹੀ ਸਨ, ਗਟਾ ਗਟ ਪੀਤੀ। ਪਰ ਜਦ ਕਲਾ ਉਠੀ ਤਦ ਵਖਰੇ ਜਾ ਸੁਤੇ, ਜਿਥੇ ਬੱਧਕ ਨੇ ਹਰਨ ਦੇ ਭੁਲੇਖੇ ਤੀਰ ਮਾਰਿਆ। ਇਥੇ ਹੁਣ ਬੁਧਿਮਾਨ ਆਪ ਹੀ ਸਮਝ ਸਕਦੇ ਹਨ ਕਿ ਤੀਰ ਲਗਾ ਪੈਰ ਵਿਚ ਜਿਸ ਦਾ ਫਲ ਜ਼ਖਮ ਹੋਣਾ ਚਾਹੀਦਾ ਸੀ, ਨਾ ਕਿ ਦੇਹਾਂਤ। ਇਹ ਉਹੀ ਕ੍ਰਿਸ਼ਨ ਜੀ ਹਨ ਜੋ ਮਹਾਭਾਰਤ ਦੇ ਜੁਧ ਵਿਚ ਅਰਜਨ ਦੇ ਸਾਰਥੀ ਸਨ, ਜਿਥੇ ਆਪ ਨੂੰ ਵੈਰੀਆਂ ਦੇ ਤੀਰ ਛਾਨਣੀ ਕਰ ਗਏ ਸਨ, ਅਜ ਪੈਰ ਵਿਚ ਇਕ ਤੀਰ ਦੇ

Digitized by Panjab Digital Library | www.panjabdigilib.org

ਲਗਾਣ ਨਾਲ ਸਰੀਰ ਤਿਆਗਦੇ ਹਨ। ਤੇ ਬਿਦੇਸ ਬਧ-
ਕਦੇ ਸਿਰ ਛੁਡੰਤੇ ਭੁਜਦਾ ਹੈ) ਅਰ ਸ਼ਰਾਬ (ਜਿਸ ਨੈ ਪਹਿਲ
ਗਕੇ ਇਤੇ ਵਡੇ ਆਦਮੀ ਨੂੰ ਜਗਤ ਥੋਂ ਚੁਕ
ਲਿਆ) ਨੂੰ ਕੋਈ ਦੇਸ ਨਹੀਂ ਦਿੰਦਾ। ਕੈਰਵਾਂ ਪਾਂਡਵਾਂ ਦੀ
ਜੂਏਬਾਜ਼ੀ ਦ੍ਰੋਪਤੀ ਦੀ ਬੇਪਤੀ, ਲਾਖ ਦੇ ਮੰਦਰ ਦਾ ਸੜਨਾ
ਬਨਬਾਸ ਤੇ ਗਲਾ, ਭਿਆਨਕ ਜੁਧ ਤੇ ਦੇਸ ਦਾ ਨਾਸ, ਸਾਰੇ
ਉਪਦ੍ਰਵ ਸ਼ਰਾਬ ਦੇ ਖੂਨੇ ਕੀਤੇ ਹੋਏ ਹਨ।

ਲਓ ਹੁਣ ਕਲਯੁਗ ਦਾ ਭਿਆਨਕ ਹਾਲ
ਸੁਣੋ। ਕਿਸੇ[1] ਧਰਮਗਯ ਰਾਜਾ ਨੈ ਤਾਂ ਸ਼ਰਾਬ ਸ਼ਰਾਬੀ
ਦੂਰ ਕਰਨੇ ਦੇ ਡੰਡ ਰਖ ਕੇ ਸ਼ਰਾਬ ਨੂੰ ਮਾਨੋ ਦੇਸ ਨਿਕਾਲਾ ਦੇ
ਛਡਿਆ, ਜੋ ਕੋਈ ਕਢਦਾ ਜਾਂ ਪੀਂਦਾ ਫੜਿਆ ਗਿਆ, ਤਾਉ-
ਸ ਦੀ ਉਹ ਭੁਗਤ ਸੁਆਰੀ ਕਿ ਬਾਕੀਆਂ ਨੂੰ ਕੰਨ ਹੋਗ-
ਏ। ਕਿਉਂਕਿ ਉਹ ਜਾਣਦੇ ਸਨ : ਸ੍ਰੀ ਮੁਖਵਾਕ:—

ਮਦ ਕਰ ਮਤ ਭਏ ਜੇ ਰਾਜਾ ॥
ਤਿਨ ਕੇ ਗਏ ਐਸ ਹੀ ਕਾਜਾ ॥

ਕਈਕ ਆਪ ਤਾਂ ਨਹੀਂ ਪੀਂਦੇ ਸਨ ਪਰ ਪਜਾ ਨੂੰ ਰੋਕ ਨ-
ਹੀਂ ਸੀ। ਬਾਜੇ ਰਾਜੇ ਇਸ ਤੌਰ ਦੇ ਬੀਤੇ ਹਨ। ਕਿ ਰਾਜ ਪ੍ਰ-
ਬੰਧ ਵੇਲੇ ਤਾਂ ਪੀਂਦੇ ਰਹੇ, ਪਰੰਤੂ ਜਦ ਰਾਜ ਤਿਆਗ ਕੇ ਬਨ[2]
ਵਿਚ ਜਾ ਬੈਠੇ ਤਾਂ ਸ਼ਰਾਬ ਨੂੰ ਬੀ ਤਿਲਾਂਜਲੀ ਦੇ ਗਏ। ਪਰ
ਕਈ ਬਹਾਦਰ ਤਾਂ ਜੰਗਲ ਵਿਚ ਬੀ ਭਾਠੀਆਂ ਚਾੜ੍ਹਦੇ ਰਹੇ।

ਲੋਕਾਂ ਦਾ ਇਹ ਹਾਲ ਸੀ ਕਿ ਪਹਿਲੇ ਸਮਿਆਂ ਵਿਚ
ਗੋਂਡ ਭੀਲ ਆਦਿ ਨੀਚ ਜਾਤਾਂ ਦੇ ਲੋਕ ਹੀ ਬਹੁਤ ਪੀਂਦੇ ਸਨ,

(1) ਜਿਹਾ ਕੁ ਪਟਿਆਲੇ ਦੇ ਮਹਾਰਾਜਾ ਕਰਮ ਸਿੰਘ। ਹੈਦਰਾਬਾਦ ਦੇ ਨਜ਼ਾਮ ਆਸਫੁਦੌਲਾ। ਜੰਮੂ ਦੇ ਮਹਾਰਾਜਾ ਗੁਲਾਬ ਸਿੰਘ। ਇਸ ਦੇ ਸੀਨਾ ਭਾਪਤੀ ਜੀ। (2) ਭਰਥਰੀ ਆਦਿ।

Digitized by Panjab Digital Library | www.panjabdigilib.org

ਪਰ ਸੋਸ਼ਤ ਜਨ ਇਸ ਦੇ ਹੱਥੋਂ ਬਹੁਤ ਬੜੇ ਰੋਹਏ ਸਨ।

ਕੋਈ ੯੦੦ ਵਰਿਆਂ ਥੋਂ ਮੁਸਲਮਾਨ ਪਾਤਸ਼ਾ-
ਹਾਂ ਨੇ ਇਸ ਭਾਰਤਵਰਖ ਵਿਚ ਉਪਦ੍ਰ ਧੂਮੀ ਮਚਾਉਂਦੀ ਅ-
ਤੇ ਕੀਤੀ, ਅਤੇ ਦੇਸ ਦੀ ਖੂਬ ਹੀ ਮਿਟੀ ਖਰਾਬ ਕੀਤੀ। ਪਰ
ਤ ਕੋਈ ਦੇਸੀ ਵਕ੍ਹੇ ਤੇ ਤਾਂ ਉਹ ਹਨੇਰ ਮਚਾਇਆ ਕਿ ਲਕ-
ਸ਼ੀਆਂ ਤ੍ਰਾਸਨਾਂ ਤੇ ਲੁਟਾਂ ਨਾਲ ਪਰਜਾ ਦਾ ਨਕ ਵਿਚ ਦਮ ਆ
ਗਿਆ। ਚੰਨ ਸੂਰਜ ਨਵੇਂ ਖੂਨ ਨਵੇਂ ਬਖੇੜੇ। ਹਾਕਮ ਆ-
ਪਣੇ ਸੁਖਾਂ ਵਿਚ ਮਸਤ, ਗਿਲਜੇ ਪਠਾਣਾਂ ਦੀ ਲੁਟ ਸਾਹਨ
ਲੈਣ ਦੇਣ। ਹਰ ਪਾਸਿਓਂ ਇਹੋ ਅਵਾਜ ਆਉਂਦੀ ਸੀ ਲਾ-
ਹੌਰ ਲੁਟਿਆ ਗਿਆ ਦਿਲੀ ਫੂਕੀ ਗਈ, ਮੁਲਤਾਨ ਢਾਹਿਆ
ਗਿਆ, ਪੌਰ ਕਤਲਾਮ ਹੋਈ। ਸ਼ਾਹ ਜ਼ਮਾਂ ਪੰਜਾਬ ਉਤੇ ਹ-
ਥ ਸਾਫ ਕਰ ਰਿਹਾ ਹੈ, ਅਹਮਦ ਸ਼ਾਹ ਆ ਪਿਆ ਦਰਬ-
ਰ ਸਾਹਬ ਦੀ ਬੇਪਤੀ ਹੋਈ। ਫਲਾਣੀ ਥਾਂ ਹਿੰਦੂਆਂ ਦੇ ਪੁ-
ਸਤਕਾਲਯ ਸਾੜੇ ਗਏ, ਮੰਦਰ ਢਾਹੇ ਗਏ। ਫੇਰ ਇਕ ਨ-
ਹੀਂ ਦੋ ਨਹੀਂ, ਅਣਗਿਣਤ। ਲਖਾਂ ਹਿੰਦੂ ਮਲੋਮਲੀ ਮੁਸ-
ਲਮਾਨ ਕੀਤੇ ਗਏ। ਹਜਾਰਾਂ ਹੀ ਕਾਬਲ ਦੀ ਮੰਡੀ ਵਿਚ ਦੋ ਦੋ
ਰੁਪਈਂ ਵਿਕ ਗਏ। ਜਾਲ ਕਾਹਦੀ ਭਾਰਤ ਵਰਖੀ ਸ਼ਾ-
ਨ ਤੇ ਮਾਲ ਦੀ ਰਖੀ ਕਰਨੇ ਆਤਰ ਸਨ, ਜੰਗਲਾਂ ਵਿਚ ਖਾ-
ਤੇ ਖਟ ਕਰਕੇ ਦਿਨ ਕਟੀ ਕਰਦੇ। ਇਹੋ ਜਿਹੇ ਹਨੇਰ ਦੇ ਸਮੇਂ ਤ-
ਕ ਕਿਸ ਦਾ ਧਿਆਨ ਯੁਧ ਵਿਦਿਆ ਵਲ ਪੈ ਸਕਦਾ ਸੀ
ਫੇਰ ਕੁਝ ਚਿਰ ਤੀਕ ਪੰਜਾਬ ਮੁਸਲਮਾਨਾਂ ਤੇ ਸਿਖਾਂ ਦਾ
ਦੰਗਲ ਬਣਿਆ ਰਿਹਾ।

੧੭੯੯ ਬਿ: ਸਿ: ਵਿਚ ਸ੍ਰੀ ਮਹਾਰਾਜਾ ਰਣਜੀਤ ਸਿੰ-

Digitized by Panjab Digital Library | www.panjabdigilib.org

ਧਜੀ ਪੰਜਾਬ ਦੇ ਬਹਾਦਰ ਸ਼ੇਰ ਨੇ ਦੇਸ ਸੰਭਾਲਿਆ। ਤਾਂ ਕੁਝ ਰਾਮ ਰੌਲਾ ਮਠਾ ਹੋਇਆ। ਕਲਹਾ ਦਾ ਬਦਲ ਪਾਟਾ। ਅਮਨ ਦਾ ਪ੍ਰਕਾਸ਼ ਹੋਣ ਲਗਾ। ਲੋਕ ਲਗੇ ਵਿਦਿਆ ਤੇ ਵਿਦਿਆਵਾਨਾਂ ਨੂੰ ਢੂੰਡਣ। ਪਰ ਗੁਣੀ ਪੁਰਖ ਲਭਣ ਕਿਵੇਂ ਅਤੇ ਸਰਕਾਰ ਨੂੰ ਦੇਸ ਪ੍ਰਬੰਧੀ ਕਾਰਜਾਂ ਵਲੋਂ ਵਿਹਲ ਨਹੀ ਸੀ। ਇਹੋ ਜਿਹੇ ਕਾਰਣਾਂ ਤੋਂ ਵਿਦਿਆ ਦਾ ਪ੍ਰਚਾਰ ਘਟ ਹੋਇਆ।

੧੮੪੯ ਈ: ਸ: ਵਿਚ ਅੰਗ੍ਰੇਜ਼ੀ ਸਰਕਾਰ ਨੇ ਇਸ ਦੇ-ਸ ਨੂੰ ਹਿੰਦ ਦੇ ਨਾਲ ਰਲਾ ਲੀਤਾ। ਫੇਰ ਤਾਂ ਸਮੇਂ ਨੇ ਖੂਬ ਪ-ਲਟਾ ਖਾਧਾ। ਅੰਗ੍ਰੇਜ਼ੀ ਸੂਰਜ ਚੜ੍ਹਿਆ। ਹਰੇਕ ਪ੍ਰਕਾਰ ਦੀ ਭਲਾਈ ਨੂੰ ਵਾਧਾ ਪੈਣ ਲਗਾ। ਨਗਰ ੨ ਵਿਚ ਵਿਦਿਆ ਦਾ ਚਰਚਾ ਫੈਲਿਆ। ਕੋਈ ਤ੍ਰਾਸਨ ਨਹੀ, ਕੋਈ ਧਾੜ ਨਹੀ ਲੁਟ ਨਹੀ, ਕਤਲਾਮ ਨਹੀ। ਲੜਾਈ ਭੜਾਈ ਦੇ ਝੂਠੇ ਬੰਦ। ਕਿਸੇ ਧਰਮ ਵਿਚ ਸਰਕਾਰ ਦੇ ਦਖਲ ਦੇਣ ਨੂੰ ਜੈਦੇ। ਹਰ ਪਾਸੇ ਅਮਨ ਚੈਨ ਦੇ ਬਾਗ ਪ੍ਰਫੁਲਤ ਹਨ। ਤੁਰਿਆਂ ਦੀਆਂ ਨਹਰਾਂ ਉਨਤੀ ਦੇ ਨਿਹਾਲਾਂ ਨੂੰ ਸਿੰਜ ਰਹੀਆਂ ਹਨ।

ਪਰ [illegible] !!! ਉਸ ਹਨੇਰੇ ਕਾਲੇ ਅੰਧਾ ਧੁੰਧੀ ਦੇ ਸਮੇ ਸ਼ਰਾਬ ਅਜਿਹੀ ਵਧੀ ਕਿ ਇਸ ਪ੍ਰਕਾਸ਼ ਦੇ ਸ-ਮੇਂ ਵਿਚ ਘਟਣੀ ਤਾਂ ਕਿਧਰੇ ਰਹੀ ਸਗੋਂ ਦੂਣ ਸਵਾਈ ਹੋ ਈ। ਅਗੇ ਤਾਂ ਲੋਕ ਗੁੜ ਨਸਕ ਪਾਕੇ ਜਾਂ ਮਹੂਆ ਅੰਗੂਰ ਤ ਕਾਕੇ ਅਥਵਾ ਤਾੜ ਖਜੀ ਦਾ ਰਸ ਚੁਆਕੇ ਪੀ ਪਾ ਕਰਾਂ ਮਾਰ ਪਿਆਰੇ ਪ੍ਰਾਣਾਂ ਨੂੰ ਹਜ਼ਾਰ ਕਲੇਸਾਂ ਦੁਆਰਾ ਸ਼ਰਾਬ ਅਰ ਪਣ ਕਰਦੇ ਸਨ। ਪਰ ਹੁਣ ਤਾਂ ਵਲੈਤੀ ਸ਼ਰਾਬ ਸੈਂਕੜੇ ਭਾਂਤਾਂ ਦੀ ਇਕ ਥੋਂ ਇਕ ਚੜ੍ਹਦੀ ਰੰਗਾ ਰੰਗੀ ਬੋਤਲਾਂ ਤੇ ਫੈਨ ਫੈਨੀ ਦਿ

ਆ ਪੀਪਿਆਂ ਵਿਚ ਧਮਾਧਮ ਆ ਰਹੀਹੈ। ਚਮਕਾਰਾ
ਇਸ ਦਾ ਐਸਾ ਚਮਕਿਆਹੈ, ਕਿ ਨੀਚ ਜਾਤਾਂ ਤਾਂ ਕਿ-
ਧਰੇ ਰਹੀਆਂ; ਉਚੀਆਂ ਜਾਤਾਂ ਨੇ ਉਹ ਉਦਮ ਕੀਤਾ ਹੈ ਕਿ
ਇਸ ਰੋਗ ਰੂਪ ਸ਼ਰਾਬ ਖਾਨਾ ਖਰਾਬ ਨੂੰ ਵਡੇ ਆਦਰ ਨਾ-
ਲ ਮੂੰਹ ਲਾਇਆ। ਕਹਾਉਤ ਹੈ ਮੂੰਹ ਲਾਇਆ ਤੇ ਗਲ਼-
ਆਇਆ। ਮੂੰਹ ਲਾਈ ਇਹ ਡੂਮ੍ਹਣੀ ਅ ਜਿਹੀ ਸਿਰ
ਚੜ੍ਹੀ ਕਿ ਹੁਣ ਰਈਸ ਅਤੇ ਅਮੀਰ ਦੀ ਅਮੀਰੀ ਸ਼-
ਰਾਬ। ਮਜਲਸਾਂ ਦੀ ਵਡਿਆਈ ਸ਼ਰਾਬ। ਪ੍ਰਾਹੁਣਿ-
ਆਂ ਦੀ ਆਗਤ ਭਾਗਤ ਸ਼ਰਾਬ। ਮੋਲ੍ਹਿਆਂ ਦੀ ਮੌਜ
ਸ਼ਰਾਬ। ਵਿਆਹ ਸ਼ਾਦੀ ਸ਼ਰਾਬ ਬਿਨਾਂ ਥੁਟੇ। ਬਰਕਤੇਂ ਦੀ
ਮੁਮਿਆਈ ਸ਼ਰਾਬ। ਇਸ਼ਕ ਦਾ ਪਲੀਤਾ ਸ਼ਰਾਬ। ਉਦਾ-
ਰਤਾ ਦਾ ਸਰੂਪ ਸ਼ਰਾਬ। ਗੁੰਡਿਆਂ ਦਾ ਗੁੰਡ ਪੁਣਾ ਸ਼ਰਾਬ।
ਸਜਰੇ ਪਿਉ ਮੋਏ ਦੀ ਨਿਸ਼ਾਨੀ ਸ਼ਰਾਬ। ਗੁਪਤ ਪੀਣ ਵਾਲਿ-
ਆਂ ਦੀ ਸੁਧ ਮਤਾ ਸ਼ਰਾਬ, ਇਥੋਂ ਤੀਕ ਕੇ ਗੁਰਮਤੀ ਤੇ ਜੀਮਲ-
ਧੁਈ ਸ਼ਰਾਬ। ਗਲਕੀ ਦੀਨ ਸ਼ਰਾਬ, ਦੁਨੀਆਂ ਸ਼ਰਾਬ, ਸਰ-
ਬਾਂਤਰ ਗਤ ਸ਼ਰਾਬ ਹੀ ਸ਼ਰਾਬ ਹੋ ਰਹੀ ਹੈ। ਨੀਚ ਊਚ ਦਾ ਵਿਚ-
ਰ ਕੇਹਾ ਦੂਰ, ਜਿਨਾਂ ਵਡਾ ਖਾਟਿਆ ਉਤੇ ਉਸ਼ਨਾਕ, ਉਨਾ
ਹੀ ਵਡਾ ਪਿਆਰ!!!

ਜਿਨਾਂ ਜਾਤਾਂ ਘਰਾਣਿਆਂ ਵਿਚ ਰੋਕ ਚੰਗੀ ਆ
ਹੁੰਦੀ ਸੀ, ਓਹ ਲੋਕ ਬੀ ਚੋਰੀ ਛਪੀ ਗਟਾ ਗਟ ਪੀ ਰਹੇ ਹਨ
ਰੰਗ ਰਲੀਆਂ ਮਨਾ ਰਹੇ ਹਨ। ਓਹ ਕਰਮੀ ਧਰਮੀ ਤੇ ਨੇ-
ਮੀ ਹਿੰਦੂ, ਜਿਨਾਂ ਪੁਰ ਕਿਤੇ ਮਾਸ਼ਕੀ ਦੀ ਛਿਟ ਪੈ ਜਾਏ
ਜਾਂ ਕਿਤੇ ਹਡੀ ਪੁਰ ਅਡੀ ਆ ਜਾਏ, ਜਾਂ ਐਵੇਂ ਕਿਸੇ ਨਾਲ

Digitized by Panjab Digital Library | www.panjabdigilib.org

ਪਲਾਣ੍ਹੋ ਜਾਏ, ਤਾਂ ਕਪੜਿਆਂ ਸਮੇਤ ਨ੍ਹਾਉਂਦੇ, ਗੰਗਾਜ-
ਲ ਪੀਂਦੇ ਤੇ ਜਨੇਊ ਵਟਾਉਂਦੇ, ਦੂਰ ਤੇ ਛੀਰ ਕਰਦੇ ਹਨ
ਪਰ ਇਹ ਸ਼ਰਾਬ {ਗੁੜ ਸ਼ਕਰ ਦੇ ਕਾਰਖਾਨਿਆਂ ਦਾ ਧੋ-
ਣ, ਮੋਰੀਆਂ ਦੇ ਗੰਦ ਤੇ ਅਸੁਧ ਜਾਤਾਂ ਦੇ ਹਥਾਂ ਨਾਲ ਪ੍ਰੇ-
ਰਿਆ ਹੋਇਆ, ਸ਼ਰਾਬ ਦੇ ਕਾਰਖਾਨੇ ਦੇ ਮਟਾਂ ਵਿਚ ਜਾ ਪੈਂ-
ਦਾ ਹੈ, ਅਤੇ ਕਈ ਦਿਨ ਲਿਦ ਆਦਿਕ ਕੁਤਸਤ ਪਦਾਰ-
ਥਾਂ ਵਿਚ ਤ੍ਰਕਦਾ ਹੈ, ਜਿਨ੍ਹਾਂ ਜਾਤਾਂ ਦੀ ਬਹੁਤ ਛੋਹ ਮੰਨੀ ਜਾਂ-
ਦੀ ਹੈ, ਉਨ੍ਹਾਂ ਦੇ ਹਥ ਤਿਆਰ ਕਰਦੇ ਹਨ, ਤੇ ਉਨ੍ਹਾਂ ਦੇ ਚੱਖਣ ਦੀ
ਥੂਕ ਵਿਚੇ ਰਲੀ ਹੁੰਦੀ ਹੈ। ਇਹ ਸ਼ਰਾਬ ਹੈ} ਪਰਦੇ ਨਾਲ ਧ-
ਮਾਂ ਧਮ ਪੀ ਰਹੇ ਹਨ। ਅਸੀਂ ਨਹੀਂ ਸਮਝ ਸਕਦੇ ਕਿ ਇਹ ਗੰਦ-
ਪਦਾਰਥ ਕਿਉਂਕਰ ਲੁਕ ਕੇ ਪੀਣ ਵਿਚ ਪਵਿਤ੍ਰ ਤੇ ਛੋਹ ਥੋਂ ਰਹਿ-
ਤ ਹੋ ਗਿਆ। ਜੇ ਕਿਤੇ ਦੋਸ਼ ਲੂਸੇ ਤਾਂ ਝਟ ਉੱਤਰ ਦਿੰਦੇ ਹਨ "ਗੁ-
ਪਤੋ ਮੁਕਤਾ ਪ੍ਰਗਟੇ ਭ੍ਰਸ਼ਟਾ"। ਕੋਈ ਖਟ ਕਰਮੀ ਗੁਪਤ ਪੀ ਕੇ
ਪ੍ਰਾਸਚਿਤ ਕਰਦਾ ਡਿਠਾ ਜਾਂ ਸੁਣਿਆ ਜੇ? ਜਾਂ ਕਿਸੇ ਪ੍ਰਗਟ
ਪੀਣ ਵਾਲੇ ਨੂੰ ਕਿਸੇ ਬ੍ਰਾਦਰੀ ਨੇ ਕਦੇ ਡੰਡ ਦਿਤਾ ਜਾਂ ਛੇਕਿ-
ਆ? ਜੇ ਨਹੀਂ ਤਾਂ ਫੇਰ ਕਾਹਦਾ ਮਨ ਦੀ ਮੌਜ ਹੈ ਜਹਾਨ ਦੀ
ਦੀ ਅਖੀਂ ਘਟਾ ਪਾ ਕੇ ਕਰ ਲਈ।

ਅਜਕਲ ਮਾਝੇ ਮਾਲਵੇ ਵਿਚ ਤਾਂ ਸ਼ਰਾਬ ਜੀ ਮਲ
ਪੂਰੀ ਹੋ ਰਹੀ ਹੈ। ਸਿਖ ਸਰਦਾਰਾਂ ਅਮੀਰਾਂ ਵਿਚ ਵਡੇਰ
ਪਿਆਰ ਹੋ ਗਏ ਹਨ। ਭਾਵੇਂ ਹਿੰਦੂ ਮੁਸਲਮਾਨ ਗੁਪਤ ਪਰ-
ਗਟ ਦਬਾ ਦਬ ਪੀ ਰਹੇ ਹਨ। ਪਰੰਤੂ ਸਿਖ ਲੋਕ ਸਭ ਥੋਂ
ਵਧ ਕੇ ਨਾਮਵਰ ਹੋ ਗਏ ਹਨ। ਵਾਸਤਵ ਵਿਚ ਬੀ ਇਹ ਲੋ-
ਕ ਇਸ ਅੱਗ ਦੇ ਭਾਰੇ ਸ਼ੁਕੀਨ ਹਨ।

Digitized by Panjab Digital Library | www.panjabdigilib.org

ਹਰਹਨੇਰੇ ਤਾਂ ਇਸ ਅੰਗ੍ਰੇਜ਼ੀ ਸਮੇ ਦੇ ਸੂਰਜ ਦੇ ਚੜ੍ਹਿਆਂ ਮਿਟ ਗਏ, ਪਰ ਇਹ ਅਜਾਈਂ ਮੌਤ ਦਾ ਮੂਲ ਕਾਰਣ ਸ਼ਰਾਬ ਨਿਰਤੇ ਹੋ ਕੇ ਵਧੀ। ਭਾਵੇਂ ਸਰਕਾਰ ਸੰਪਤ ਭੰਡਾਰ ਨੇ ਸੁ-ਗਾਤ ਨਾਲ ਬਾਨ੍ਹੂ ਬੰਨੇ ਹਨ। ਠੇਕੇ ਆਬਕਾਰੀ ਦੇ ਦਿਨੋਂ ਦਿ-ਨ ਮਹਿੰਗੇ ਹੁੰਦੇ ਜਾਂਦੇ ਹਨ। ਮਸੂਲ ਇਲੰਕੁ ਵਧਿਆ ਕਿ ਜਿ-ਹਨੀ ਸ਼ਰਾਬ ਅਗੇ ਦੋ ਆਨੇ ਬੋਤਲ ਮਿਲਦੀ ਸੀ ਉਹ ਸਵਾ ਰੂਪੂ ਇਕ ਰਹੀ ਹੈ। ਪਰ ਅਸ਼ਕੇ ਸਾਡੇ ਦੇਸੀਆਂ ਦੀ ਸਮਝ ਦੇ! ਗਵਰਨਮਿੰਟ ਦੇ ਆਸ਼ਯ ਨੂੰ ਬਿਲਕੁਲ ਉ-ਲਟ ਜਾਤਾ। ਮਹਿੰਗੀ ਤੇ ਔਗਣ ਭਰੀ ਹੋਣ ਕਰਕੇ ਉਸ ਦਾ ਤਿਆਗ ਨਾ ਕੀਤਾ। ਸਗੋਂ ਮਹਿੰਗੀ ਚੀਜ਼ ਨੂੰ ਉਤਮ ਤੇ ਵਧੀਆ ਸਮਝਿਆ। ਗ਼ਰੀਬ ਲੋਕ ਤਾਂ ਗਹਣਾ ਕਪੜਾ ਭਾਂਡਾ ਜੋ ਕੁਛ ਪਾਸ ਹੋਇਆ ਗਹਣੇ ਪਾਕੇ ਲਗੇ ਕਲੇਜਾ ਸਾੜਨ। ਤੇ ਸਾਹੂਕਾਰ ਲੋਕ ਮਹਿੰਗ ਨੂੰ ਵਡਿਆਈ ਜਾਣਕੇ ਲਗੇ ਧਨ ਫੂਕਣ। ਇਕ ਇਕ ਰਾਤ ਦੇ ਸ਼ਰਾਬੀ ਜਸ਼ਨ ਵਿਚ ਸੈਂਕੜੇ ਰੁਪੈ ਸ਼ਰਾਬ ਸਿਰ ਪੀਣ ਕੈ ਤੇ ਬੇਸੁਧੀ ਦੀ ਖਾਤਰ ਖਰਚ ਉਠਣ ਲਗੇ।

ਇਸ ਵੇਲੇ ਕੋਈ ਹੀ ਦੇਸ ਮੁਲਖ ਰਾਜ ਖਾਲੀ ਹੋਊ, ਜਿਥੇ ਸ਼ਰਾਬਖੋਰ ਦੇ ਘੁੰਗਰੂ ਨਾ ਛਣਕਦੇ ਹੋਣ। ਕੋਈ ਕੌਮ ਅਜਿਹੀ ਨਾ ਹੋਵੇਗੀ ਜਿਸ ਵਿਚ ਗੁਪਤ ਜਾਂ ਪਰਗਟ ਸ਼ਰਾਬਖੋਰ ਦੇ ਡੇਰੇ ਨਾ ਲਗੇ ਹੋਣ। ਇਸੇ ਪ੍ਰਬਲ ਪ੍ਰਵਿ-ਰਤੀ ਨੈ ਇਸ ਦੀ ਦਿਗ ਬਿਜਅਤਾ ਸਿਧ ਕੀਤੀ ਹੈ। ਯਸ ਕੋਈ ਆਕੀ ਨਹੀ। ਇਹ ਸਮਝੋ ਕਿ ਸਭ ਸ਼ਰਾਬ ਖ਼ਾਨਮ ਬਹਾਦਰ ਦੀ ਈਨ ਮਨ ਗਏ ਹਨ। ਭਾਂਵੇ ਕਈ ਮਤ ਇਸ

Digitized by Panjab Digital Library | www.panjabdigilib.org

ਦੇ ਵਿਰੋਧੀ ਹਨ, ਪਰ ਇਸ ਦਾ ਤੇਜ ਤੇ ਲਾਲੀ ਉਹ ਮਨੋ-
ਹਨ ਝੂਲਕ ਦਿਖਾਉਂਦੇ ਹਨ, ਕਿ ਨਿਜ ਮਤਾਂ ਵੇ ਥੋ [illegible]
ਹਟੇਕੇ, ਇਸ ਦੀ ਧੀਨ ਵਿਚ ਆਉਂਦੇ ਜਾਂਦੇ ਹਨ, ਜਿਸ ਕ-
ਰਕੇ ਵਿਰੋਧੀਆਂ ਦਾ ਪਾਣੀ ਨਹੀਂ ਰਹਣਾ। ਇਸ ਦੇ [illegible]
ਰਾਜ ਦੀ ਪ੍ਰਬਲ ਪ੍ਰਵਿਰਤੀ ਤੇ ਸਰਬ ਵਿਜੈਤ [illegible]
ਦਾ ਸੂਰਜ ਠੀਕ ਦੁਪਹਰ ਪੁਰ ਹੈ। ਪਰੰਤੂ ਦੇਸ਼ ਹਿਤੈਸ਼ੀ
ਸਜਨਾਂ ਦੇ ਜਤਨਾਂ ਨਾਲ ਜੋ ਨਸ਼ਾ ਨਾਸ਼ਕ [illegible] -
ਨ ਰਹੀਆਂ ਹਨ। ਅਤੇ ਵਿਦਵਾਨਾਂ ਦੀਆਂ [illegible] -
ਲ ਜਿਨ੍ਹਾਂ ਨੇ ਇਸ ਦੀਆਂ ਜੜ੍ਹਾਂ ਪੁਟਣ ਦਾ ਪ੍ਰਣ ਧਾਰ
ਲੀਤਾ ਹੈ। ਜਿਹਾ ਕੁ ਮਿਸਟਰ ਡੀਕਿਨਸ ਸਾਹਬ ਤੇ [illegible]
ਕੇਨ ਸਾਹਬ ਐਮ ਪੀ: ਸ਼ਰਾਬ ਤੇ ਸਾਰੇ ਨਸ਼ਿਆਂ ਦੇ [illegible]
ਨੂੰ ਬੰਦ ਕਰਾਉਣ ਦਾ ਪਰਮ ਜਤਨ ਕਰ ਰਹੇ ਹਨ। ਇਸ ਪ੍ਰਤੀ-
ਤ ਹੁੰਦਾ ਹੈ ਕਿ:—

ਜੋ ਪਹੁੰਚੇ ਨਿਸ ਚੜ ਕੇ ਤਾਂ [illegible]
ਨਲ ਥਲ ਜਲ ਉਂਚੇ ਚੜ੍ਹੇ [illegible]।

ਅਰਥਾਤ ਜੇ ਆਪਣੀ ਹਦ ਨੂੰ ਪਹੁੰਚ ਜਾਂਦਾ ਹੈ ਉ-
ਸਨੂੰ ਮੌਤ ਪਟਕ ਦਿੰਦੀ ਹੈ; ਜਿਉਂ ਕਰ ਕੇ ਪਾਣੀ ਉਪ-
ਰ ਚੜ੍ਹ ਜਾਂਦਾ ਹੈ, ਫੇਰ ਨੀਚ ਨਿਵਾਣ ਨੂੰ ਹੀ ਕਿਰਦਾ ਹੈ।

# ਸ੍ਰੀ ਮਹਾਰਾਣੀ ਸ਼ਰਾਬ ਕੌਰ।

## ਅਨੂਠੀ ਕਹਾਣੀ।

ਇਕ ਦਿਨ ਇਕ ਸੁੰਦਰ ਮਕਾਨ ਵਿਚ ਬਹੁਤ ਸਾਰੇ ਸ਼ਰਾਬੀ ਜੁੜ ਮਿਲਕੇ ਬੈਠੇ, ਲਗੇ ਸ਼ਰਾਬ ਦੀਆਂ ਵਡਿਆਈਆਂ ਕਰਨ। ਦੈਵਨੇਤ ਉਨ੍ਹਾਂ ਪਿਅਕੜਾਂ ਵਿਚ ਇਕ ਇਸ ਪਾਣੀ ਦੀ ਅੱਗ ਦਾ ਡਰਾਕਲ ਬੀ ਬੈਠਾ ਸੀ। ਸੁਣ ਕੇ ਰਹਿ ਨਾ ਸਕਿਆ ਝਟ ਬੋਲ ਉਠਿਆ। ਕੀ ਤੁਸੀ ਇਸ ਕਲੇਜੇ ਸਾੜਨੀ ਉਤੇ ਮਰ ਰਹੇ ਹੋ, ਅਰ ਤਨ ਧਨ ਧਰਮ ਬੁਧ, ਵਿਦਯਾ ਤੇ ਲੋਕ ਪਰਲੋਕ ਦਾ ਨਾਸ ਕਰ ਰਹੇ ਹੋ। ਆਓ ਪਰਮੇਸੁਰ ਦੇ ਵਾਸਤੇ, ਇਸ ਚੁੜੇਲ ਦਾ ਸੰਗ ਛਡੋ। ਇਹ ਪਾਣੀ ਵਰਗਾ ਸੀਤਲ ਸ਼ਾਂਤ ਦੇਣ ਵਾਲਾ ਬਚਨ ਸ਼ਰਾਬੀਆਂ ਦੇ ਤਤੇ ਤੇਲ ਵਰਗੇ ਹਿਰਦੇ ਤੇ ਪੈਂਦਿਆਂ ਹੀ ਤੜਕ ਉਠਿਆ।

ਉਨ੍ਹਾਂ ਵਿਚੋਂ ਇਕ ਜਣਾ ਗੁਸੇ ਦੀ ਅਗ ਵਿਚ ਸੜਦਾ ਹੋਇਆ ਬੋਲਿਆ। ਇਹ ਸ਼ਰਾਬ! ਧਨੰਤਰ ਵੈਦ ਦੀ ਖਾਸ ਦਵਾ ਸਰਬ ਰੋਗਾਂ ਦੀ ਜੜ੍ਹਾਂ ਪੁਟਣ ਵਾਲੀ ਹੈ ਜੇਕਰ ਮੁਰਦੇ ਨੂੰ ਬੀ ਪਿਲਾਓ ਤਾਂ ਦੋ ਘੜੀਆਂ ਵਾਸਤੇ ਜ਼ਰੂਰ ਹੀ ਉਠ ਬੈਠੇ। ਜਾਦੂ ਹੈ ਜਾਦੂ।

ਦੂਜਾ ਸਾਰਗਾਹੀ ਬੋਲ ਉਠਿਆ, ਜੇਕਰ ਸੰਸਾਰ ਵਿਚੋਂ ਕੋਈ ਪਦਾਰਥ ਸਾਰ ਹੈ ਤਾਂ ਸ਼ਰਾਬ ਹੈ। ਰਤਾ ਪੀਕੇ ਵੇਖੋ ਤਾਂ ਪਤਾ ਲਗੇ। ਐਵੇਂ ਗਪਾਂ ਦਾ ਕੀ ਸ੍ਵਾਦ।

ਤੀਸਰੇ ਮਦਰਾ ਬ੍ਰਿਤ ਜੀ ਬੋਲੇ ਮਹਾਰਾਜ ਜੀ ਜੇ ਕਦੀ ਮਹਾ
ਰਾਣੀ ਸ਼ਰਾਬ ਕੌਰ ਦੇ ਦਰਬਾਰ ਦਾ ਦਰਸ਼ਨ ਕਰੋ ਤਾਂ ਹਰਿਆ-
ਨ ਹੋ ਜਾਓ। ਦੁਨੀਆਂ ਵਿਚ ਹਰੇਕ ਰਾਜੇ ਦੇ ਸਾਰੇ ਮੁਸਾਹਬ ਤੇ
ਅਹਲਕਾਰ ਪੈਸਿਆਂ ਦੇ ਨੌਕਰ ਹੁੰਦੇ ਹਨ, ਰਾਜਾ ਦਾ ਦਿਲੀ
ਖੈਰਖਾਹ ਕੋਈ ਨਹੀ ਹੁੰਦਾ; ਪਰੰਤੂ ਮਹਾਰਾਣੀ ਸ਼ਰਾਬ ਕੌ-
ਰ ਦੇ ਦਰਬਾਰੀਆਂ ਵਿਚੋਂ ਇਕ ਥੋਂ ਇਕ ਚੜ੍ਹਦਾ। ਜਿਥੇ ਮਹਾ-
ਰਾਣੀ ਦਾ ਪਾਣੀ ਡੁਲ੍ਹੇ ਲਹੂ ਡੁਲ੍ਹਣ ਨੂੰ ਤਿਆਰ। ਇਨ੍ਹੀ ਕਿਸਮ-
ਤ ਤੁਹਾਡੀ ਕਿਥੇ ਕਿ ਸਜੇ ਹੋਏ ਦਰਬਾਰ ਦਾ ਦਰਸ਼ਨ ਕਰ ਸਕੋ
ਪਰ ਤੁਹਾਨੂੰ ਸਮਝਾਉਣ ਲਈ ਇਕ ਨਕਸ਼ਾ ਖਿਚ ਦਿਖ-
ਉਂਦੇ ਹਾਂ। ਰਾਜ ਸਿੰਘਾਸਣ ਪੁਰ ਸ੍ਰੀ ਮਹਾਰਾਣੀ ਸ਼ਰਾਬ-
ਕੌਰ ਛਿਕ੍ਹ ਵਰਤੀ ਜਿਸ ਦੇ ਡੰਕੇ ਦੀ ਚੋਟ ਸਾਰੇ ਜਗ ਵਿਚ ਹੈ
ਜਿਸ ਦੇ ਰਾਜ ਵਿਚ ਕਦੀ ਸੂਰਜ ਨਹੀ ਡੁਬਦਾ। ਬਿਰਾ-
ਜਮਾਨ ਹੈ। ਪਾਸ ਤ੍ਰਮਾਕੂ ਜੀ ਵਜ਼ੀਰ ਖਾਸ ਰੂਮੀ ਟੋਪੀ ਪ-
ਹਨੇ ਹਥ ਬੰਨੀ ਖੜੇ ਹਨ। ਦੂਜੇ ਪਾਸੇ ਅਫੀਮ ਦੇਵੀ ਅੰ-
ਤੇਰਾ ਸਖੀ ਪ੍ਰਾਈਵੇਟ ਸੈਕ੍ਰਟਰੀ ਚੀਨੀ ਲਬਾਸ ਪਹਨੇ ਅ-
ਪਨੇ ਹੰਕਾਰ ਵਿਚ ਮਸਤ, ਪਰ ਮਹਾਰਾਣੀ ਦੇ ਹੁਕਮਾਂ ਨੂੰ
ਗੋਲੀ ਵਾਂਗੂ ਉਡੀਕਦੀ ਬੈਠੀ ਹੈ। ਰਤਾ ਕੁ ਅਗੇ ਭੰਗਾ ਦੇਵੀ
ਰਾਣੀ ਜੀ ਦੀ ਰਸੋਇਲ ਤਿਆਰ ਹੈ। ਇਹ ਗੋਲੀ ਹਰ ਵੇਲੇ ਭੋ-
ਜਨ ਤਿਆਰ ਕਰਨ ਵਿਚ ਲਗੀ ਰਹਿੰਦੀ ਹੈ ਪਰ ਕੀ
ਮਜਾਲ ਜੇ ਸੇਵਾ ਦੇ ਦੌਰ ਵਿਚ ਫਰਕ ਆਉਣ ਦੇਵੇ। ਚਰਸ
ਖਾਸ ਟਹਿਲਣ ਹੈ, ਜੋ ਹਰ ਪ੍ਰਕਾਰ ਦੀ ਸੇਵਾ ਨਿਬਾਹੁੰਦੀ ਹੈ।
ਤੇ ਜਨਾਬ ਤੰਬਾਕੂ ਖਾਂ ਖਾਂਨ ਬਹਾਦਰ ਕਾਰਦਾਰੀ ਪੁਰ ਰਹਿੰਦੇ ਹਨ
ਪੋਸਤ ਜੀ ਜਮਾਦਾਰ ਹਜੂਰੀ ਸਿਰੋਪਾ ਪਹਨੇ; ਕਿ-

ਸ਼ਾਹੀ ਸਲਾਮ ਕਰਕੇ ਖੜੋ ਗਏ ਤਾਂ ਪਾਤਸ਼ਾਹ ਨੇ ਪੁਛਿਆ ਕਿ ਬੀਰਬਰ ਆਪਦੀ ਕੱਛ ਵਿਚ ਕੀ ਹੈ। ਵਜ਼ੀਰ ਨੇ ਸਫੁਰਤ ਉਤਰ ਦਿਤਾ ਤੋਤਾ, ਸ਼ੇਰ, ਹਾਥੀ ਤੇ ਖੋਤਾ ਹੈ। ਅਕਬਰ ਹੱਕਾ ਬੱਕਾ ਹੋ ਕਹਣ ਲਗਾ ਆਪਦੀ ਕੱਛ ਵਿਚ ਇਹ ਚਾਰ ਚੀਜ਼ਾਂ ਕੀਕਰ ਸਮਾ ਸਕਦੀਆਂ ਹਨ। ਬੀਰਬਰ ਨੇ ਝਟ ਨਕਾ ਨਕ ਭਰੀ ਹੋਈ ਬੋਤਲ ਅਗੇ ਰਖ ਦਿਤੀ ਤੇ ਇਹ ਸਵੈਯਾ ਪੜ੍ਹਿਆ।

ਸ਼ਾਹਨਸ਼ਾਹ ਕਹ੍ਯੋ ਬਲਬੀਰ ਸੋ ਕਿਆ ਤੁਮ ਕਾਂਖ ਕੇ ਮਧ ਦੁਰਾਯੋ।
ਕੀਰ ਔ ਕੇਹਰ ਕੁੰਚਰ ਰਾਸਭ, ਤੇ ਕਰਤੇ ਇਸ ਠੌਰ ਬਸਾਯੋ ॥
ਕੂਰ ਕਹੀ ਕਤ ਕਾਂਖ ਦੁਰੈ, ਤਬ ਮੱਧ ਸਭਾ ਕੇ ਪ੍ਰਤੱਖ ਬਤਾਯੋ।
ਬੈਠੇ ਅਹੈ ਸੁਕ, ਔ ਅਤਿ ਕੇਹਰ, ਕੁੰਚਰ ਰਾਸਭ ਖੋਲ ਦਿਖਾਯੋ ॥

ਇਹ ਸਵੈਯਾ ਹੀ ਪ੍ਰਸ਼ਨ ਰੂਪ ਹੈ, ਜਿਸ ਦਾ ਭਾਵ ਇਹ ਹੈ, ਕਿ ਥੋੜ੍ਹੀ ਪੀ ਕੇ ਆਦਮੀ ਤੋਤੇ ਵਾਙੂ ਗੁਟਕਦਾ ਹੈ। ਇਸ ਤੋਂ ਵਧ ਪੀਤਿਆਂ ਸ਼ੇਰ ਦਾ ਪ੍ਰਾਕ੍ਰਮ ਪ੍ਰਾਪਤ ਹੁੰਦਾ ਹੈ ਤੇ ਜੇ ਹੋਰ ਪੀ ਜਾਏ ਤਾਂ ਹਾਥੀ ਵਾਙੂ ਮਸਤ ਹੋ ਕੇ ਝੂਲਦਾ ਹੈ। ਹੁਣ ਜੇ ਬਸ ਨਾ ਕਰੇ ਤਾਂ ਖੋਤੇ ਵਾਙੂ ਬੇਸੁਧ ਹੋ ਕੇ ਬਜ਼ਾਰਾਂ ਮੋਰੀਆਂ ਵਿਚ ਰੁਲਦਾ ਤੇ ਠੁੱਡੇ ਠੋਕਰਾਂ ਖਾਂਦਾ ਹੈ। ਇਸ ਲਈ ਤੋਤਾ, ਸ਼ੇਰ, ਹਾਥੀ ਤੇ ਖੋਤਾ ਬਣਾਉਣ ਵਾਲੀ ਇਹ ਬੋਤਲ ਸ਼ਰਾਬ ਦੀ ਹੈ। ਸੋ ਸਾਡੀ ਸਮਝ ਵਿਚ ਤਾਂ ਹਾਥੀ ਤਕ ਪੀਣੀ ਠੀਕ ਹੈ, ਅਤੇ "ਅਤਿ ਸਰਬਤ੍ਰ ਵਰਜਨੀਯ" ਹੈ। ਨਾ ਬਹੁਤੀ ਪੀਤੀ ਨਾ ਖੋਤੇ ਵਾਙੂ ਰੁਲੇ। ਇਹ ਤਾਂ ਦਾਰੂ ਹੈ, ਜੋ ਦਾਰੂ ਕਰਕੇ ਪੀਂਦੇ ਹਾਂ॥

ਸਤਵੇਂ ਵੈਦ ਬਾਰਣੀ ਜੀ ਕਹਣ ਲਗੇ ਕਿ ਸਾਡੀ ਸੰਮਤੀ ਤਾਂ ਛੀਵੇਂ ਮਿਤ੍ਰ ਨਾਲ ਰਲੀ ਮਿਲੀ

Digitized by Panjab Digital Library | www.panjabdigilib.org

ਹੈ, ਕਿਉਂਕਿ ਇਹ ਸਰਾਬ ਮਿਤ ਦੀ ਪੀਤੀ ਤਾਂ ਸੁਖ ਦਿੰਦੀ
ਹੈ, ਪਰ ਬਹੁਤੀ ਦੁਖਦਾਯਕ। ਇਹ ਕੀ ਹੈ, ਜੋ ਅਮ੍ਰਿਤ
ਵੀ ਬਹੁਤਾ ਪੀ ਜਾਏ ਤਾਂ ਫਿਰ ਅਫਰ ਜਾਵੇ। ਹਰ ਇਕ
ਵਿਹਾਰ ਜੁਗਤ ਨਾਲ ਕਰਨਾ ਠੀਕ ਹੈ। ਜਦ ਅਖਾਂ
ਵਿਚ ਤਾਰ ਆਈ ਪਿਆਲਾ ਹਥੋਂ ਰੱਖ ਦਿਤਾ। ਬਹੁ-
ਤੀ ਪੀਣ ਵਾਲਿਆ ਘੋਰੀਆਂ ਨੈ ਹੀ ਭੁਲਿਆ ਮਾਨ-
ਸਾਂ ਨੇ ਬਦਨਾਮ ਕਰ ਛਡਿਆ ਹੈ। ਇਸ ਸ੍ਰੇਸ਼ਟ ਪਦਾਰ-
ਥ ਦੀ ਨਾ ਮੂਰਖਾਂ ਨੂੰ ਕਦਰ, ਅਤੇ ਨ ਪੀਣ ਦਾ ਢੰਗ।

ਦੋ: ਕਰਤ ਸ਼ਰਾਬ ਖਰਾਬ ਕੰਹ ਝੂਠੀ ਬਾਤ ਪਛਾਨ।
ਮਦਰਾ ਹੋਤ ਖਰਾਬ ਸਚ ਮਿਲ ਸੰਗਤ ਨਾਦਾਨ॥

ਜਿਨਾਂ ਪੁਰਖਾਂ ਨੂੰ ਪਰਮੇਸੁਰ ਨੈ ਅਕਲ ਦਿਤੀ ਹੈ, ਉ-
ਹ ਜੁਗਤ ਨਾਲ ਸਮੁੰਦ੍ਰ ਪੀ ਜਾਂਦੇ ਹਨ, ਫੇਰ ਮੁਛਾਂ ਸੁਕੀ-
ਆਂ ਰੜਕ ਵਿਖਾਉਂਦੇ ਹਨ। ਇਹ ਜਿਹੜੀ ਅਧੀ ਦੀ
ਸ਼ਰਾਬ ਮੂਛਾਂ ਨੂੰ ਲਾਕੇ, ਭੜਕ ਉਠਣਾ ਹੈ, ਸ਼ਰਾਬ ਦੀ
ਮਿਟੀ ਪੁਟਣਾ ਹੈ। ਤੇ ਆਪਣੇ ਆਪ ਨੂੰ ਜਗਤ ਵਿਚ
ਨਸ਼ਰ ਕਰਨਾ ਕਿ ਅਸੀ ਬੀ ਸ਼ਰਾਬੀ ਹਾਂ। ਦੇਖੋ ਵੈਦਕ
ਪੁਸਤਕਾਂ ਨੈ, ਇਸਦੇ ਪੀਣ ਦੀ ਕਿਹੀ ਅਚਰਜ ਜੁਗ-
ਤ ਲਿਖੀ ਹੈ:—

(੧) ਬਿਖ ਮਦਰਾ ਤ੍ਰਿਕ ਅੰਨ ਮੇਂ; ਏਕੋ ਗੁਨ ਕਹਿ ਲੇਖ।
ਮਿਥਿਆ ਜੁਤ ਬਹੁ ਰੋਗ ਕ੍ਰਿਤ ਜੁਗਤਿ ਸੁਧਾ ਸਮ ਦੇਖ
(੨) ਜੈਸੇ ਦੇਖੋ ਅੰਨ ਕੋ; ਸਰਬ ਜਗਤ ਆਧਾਰ।

(੧) ਜ਼ਹਰ, ਸ਼ਰਾਬ ਤੇ ਤੀਸਰੇ ਅੰਨ, ਦਾ ਗੁਣ ਮਹਾਤਮਾ ਇਕੋ ਜਿਹਾ ਲਿਖਦੇ ਹਨ। ਮਿ-
ਤ ਥੋਂ ਵਧੀਕ ਪੀਤੇ ਹੋਏ ਰੋਗ ਉਪਜਾਉਂਦੇ ਹਨ, ਪਰ ਜੁਗਤ ਨਾਲ ਵਰਤੇ ਹੋਏ ਅੰਮ੍ਰਿਤ
ਵਰਗਾ ਗੁਣ ਕਰਦੇ ਹਨ। (੨) ਜਿਸ ਤਰਾਂ ਅੰਨ ਨੂੰ ਸਾਰੇ ਜਗਤ ਦਾ ਆਧਾਰ ਦੇਖਦੇ ਹੋ

Digitized by Panjab Digital Library | www.panjabdigilib.org

ਇਹ ਸ਼ਰਾਬ ਵਡੀ ਔਗਾਪਾਲ ਹੈ । ਜਿਸ ਨੈ ਇਕ ਵਾਰੀ ਮੂੰ
ਹ ਲਾਈ, ਫੇਰ ਉਸ ਦੇ ਮੂੰਹੋਂ ਜਾਰੀ ਉਮਰ ਨਾ ਲੱਥੀ। ਜਿਸ ਨੇ
ਵਡੇ ਵਿਚ ਇਸ ਨੈ ਡੇਰਾ ਲਾਇਆ, ਕੀ ਮਜਾਲ ਕਿ ਉਥੇ ਹੋਈ
ਹੋਰ ਗੁਣ ਔਗੁਣ ਰਹ ਜਾਵੇ। ਜਿਸ ਨਾਲ ਇਸ ਨੈ ਯਰਾਨਾ
ਲਾਇਆ, ਅੰਤ ਤਕ ਨਾਲ ਨਿਭੀ । ਸਗੋਂ ਮੌਤ ਦੇ ਪਿਛੋਂ ਬੀ
ਪਅਕੜ ਦੇ ਪ੍ਰੇਤ ਆਤਮਾਂ ਨੂੰ ਬਲੀਆਂ ਦੇ ਰਸਤੇ ਮਿਲਦੀ ਰ
ਹੀ। ਸ਼ਰਾਬ ਨੂੰ ਸ਼ੁਰਾਬੀ ਬਿਨ ਬੋਤਲ ਜੇਲ੍ਹਖਾਨਾ ਹੈ। ਜੇ ਇਕ
ਪਿਆਲਾ ਪੀਓ ਤਾਂ ਮਸਤ ਹੋਕੇ ਰਹੋ ਰਙੂੜ ਵਾਂਗੂ ਗੁਟਕੇ।

ਦੋਹਾ(੧)। ਜਮ ਨਹੀ ਅਪਨੇ ਜਾਮ ਮੈਂ ਦੇਖ ਕਬਹੂ ਰੋਇ।
ਏਕ ਬੂੰਦ ਮਦਰਾ ਬਿਖੇ ਹਮ ਪੇਖਤ ਹੈਂ ਜੋਇ।
ਏ ਮਦਰਾ ਬਦਰਾ ਪਿਖਤ ਉਨਤ ਹ੍ਰਿਦੇ ਮੈਂ ਸ਼ੋਰ।
ਤਜੇ ਵੈਸ਼ਨਵੀ ਮਦ ਪੀਏ ਕੌਲ ਕਰਤ੍ਰ ਪ੍ਰਜੋਰ।
ਜਿਸ ਬਿਨ ਮੰਤ੍ਰ ਨ ਸਫਲ ਹੈਂ ਦੇਵਨ ਤੇ ਟਾਲੇਤ।
ਜਿਸ ਬਿਨ ਧਯਾਨ ਨ ਇਸ਼ਟ ਸੁਖ ਮੰਦ ਮੂਢ ਤਜ ਦੇਤ।
ਮਦਯ ਅਦਯ ਧਰ ਸਭਾ ਮਦ ਗਦ ਰਹਤ ਪਿਆਇ।
ਘਟ ਮਟ ਨਦ ਬਿਨ ਨਕਲ ਕੇ ਨਕਲ ਤ ਸਿੰਧ ਸਮਾਇ
ਭਗੇ ਭਾਲ ਕੇ ਭਾਗ ਜਿਹ, ਭਾਈ ਭਅਦ ਭਆਨ।

(੧) ਜਮ ਮੈਂ ਦ ਪਾਤਸ਼ਾਹ ਨੇ ਆਪਣੇ ਪਿਆਲੇ ਵਿਚ ਓਹ ਰੰਗ ਕਦੀ ਨਹੀਂ ਡਿਠ ਹੋਣ, ਜਿਹੜ੍ਹਾ ਅਨਿਦ ਅਸੀ ਸ਼ਰਾਬ ਦੀ ਇਕ ਬੂੰਦ ਵਿਚ ਦੇਖ ਰਹੇ ਹਾਂ। (੨) ਇਹ ਸ਼ਰਾਬੀ ਦੇ ਦਿਲ ਵਿਚ ਬਦਲ ਦੇਖਕੇ ਧਯਾਨ ਲਾਉਂਦਾ ਉਠਦੀ ਹੈ। ਜਿਸ ਕਰਕੇ ਵੈਸ਼ਨਵੀ ਧਰਮ ਨੂੰ ਛਡਕੇ ਸ਼ਰਾਬ ਪੀਏ, ਕੌਲਕ ਮਤ ਮੁਜਬ ਭੈਰਵੀ ਚਕ੍ਰ ਦੇ ਜੋਰ (੩) ਜਿਸ ਸ਼ਰਾਬ ਦੇ ਬਿਨਾਂ ਮੰਤ੍ਰ ਸਫਲ ਨਹੀਂ ਹੁੰਦੇ ਤੇ ਦੇਵਤੇ ਦਾਤੇ ਕਬੂਲ ਨਹੀਂ ਲੈਂਦੇ। ਜਿਸ ਸ਼ਰਾਬ ਬਿਨਾਂ ਧਯਾਨ ਦਾ ਸੁਖ ਨਹੀਂ ਜਾਂ ਜਿਸ ਬਾਝ ਇਸ਼ਟ ਦਾ ਸੁਖ ਨਹੀਂ; ਉਸ ਨੂੰ ਮੂਰਖ ਤਿਆਗਦੇ ਹਨ। (੪) ਸ਼ਰਾਬ ਇਸ ਦੇ ਸੇਵਨ ਪਵਾਰ ਇਸ ਸਭਾ ਦਾ ਮੁਖੀ ਮਹਾਤਮਾ ਪ੍ਰਸੰਨ ਹੋਕੇ ਪਿਆਉਂਦਾ ਹੈ, ਪੀਣ ਵਾਲੇ ਘੜੇ ਤੇ ਮਟ ਨਦੀਆਂ ਵਾਲੇ ਨਕਲ ਤੋਂ ਬਿਨਾਂ ਹੀ ਪੀ ਜਾਂਦੇ ਹਨ, ਜੇ ਕਦੀ ਨਕਲ ਹੋਵੇ ਤਾਂ ਸਮੁੰਦ੍ਰ ਬੀ ਗਟਕ ਜਾਣ। (੫) ਭਜ ਗਏ ਹਨ ਜਿਨ੍ਹਾਂ ਦੇ ਮਥੇ ਤੇ ਭਾਗ, ਅਤੇ ਹੋਣੀ ਦੁਖ ਦੇਣ ਵਾਲੀ ਡਰ ਰਹੀ ਹੈ। —

Digitized by Panjab Digital Library | www.panjabdigilib.org

ਤੇ ਬੈਸ੍ਨਵ ਨਿੰਦੈ ਸੁ ਮਦ ਇਹ ਮਦ ਮਹਦ ਮਹਾਨ।
ਕੌਲਕ ਮਤ ਦੇਖੋ ਭਲੇ, ਤੰਤ੍ਰ ਸਾਰ ਮਤ ਦੇਖ।
ਪੁਨ ਅਘੋਰ ਮਤ ਦੇਖੀਏ, ਜਹ ਮਦ ਸਤੁਤ ਵਿਸੇਖ।
ਇਸ ਮਦ ਕੋ ਈਸੂਰ ਕਹੋ, ਪਰਮੇਸੂਰ ਮਦ ਭਾਖ।
ਜਿਸ ਬਿਨ ਲਾਗਤ ਲਿਵ ਨਹੀ ਹੈ ਯੋਗਨ ਕੀ ਸਾਖ।
ਤੁਮਰੇ ਮਤ ਮੇ ਲਿਖ ਗਏ ਸ੍ਰੀ ਗੁਰੂ ਗੋਬਿੰਦ ਸਿੰਘ।
ਸਬਜ਼ ਨੈਨ ਅਰ ਸੁਰਖ ਵਿਹ ਸਾਕੀ ਜਾਮ ਫਰੰਗ।
ਫਿਰ ਤੁਮ ਕਿਮ ਨਿੰਦਤ ਇਸੈ ਭਾਖਤ ਨਾਮ ਕੁਰੈਲ
ਚੁਭੀ ਚਿਤ ਕੇ ਰਹਬਰਾ ਛਾਡਤ ਛਾਹ ਨ ਗੈਲ।
ਜਿਤੇ ਸਾਕਤਕ ਜਗਤ ਮੈਂ ਮਦ ਕਰ ਸਕਤਹ ਪੂਜ।
ਜਿਤੇ ਭੈਰਵੀ ਜਗਤ ਮੈਂ, ਬਾਮੀ ਦਛਨ ਦੂਜ।

ਜਦ ਇਹ ਮਹਾਤਮਾ ਆਪਣੀ ਕਵਿਤਾ ਕਹ ਚੁਕੇ ਤਾਂ ਛੁਟੇ ਮਦ ਅਪਿ ਜੀ ਚੁਹਕ ਉਠੇ :— ਸਜਣੋ ਆਪ ਨੂੰ ਪ੍ਰਸਿਧ ਯਾਦ ਹੋਵੇਗਾ, ਕਿ ਇਕ ਦਿਨ ਬੀਰ ਬਰ ਵਜ਼ੀਰ ਕਿਤੇ ਆ ਰਹੇ ਸਨ, ਅਚਾਨਕ ਅਗੋਂ ਅਕਬਰ ਪਾਤਸ਼ਾਹ ਦੀ ਸਵਾਰੀ ਆ ਗਈ। ਬੀਰਬਰ ਪਾਤ-

(੫) ਓਹ ਵੈਸ਼ਨੋ ਨਿੰਦਦੇ ਹਨ ਸੁੰਦਰ ਸ਼ਰਾਬ ਨੂੰ, ਜੋ ਨਹੀ ਜਾਣਦੇ ਕਿ ਇਹ ਸਭ ਤੋਂ ਵਡੀ ਚੀਜ਼ ਹੈ। (੬) ਥਾਸੀ ਸਾਕਤਕ ਮਤ ਦੇ ਗ੍ਰੰਥਾਂ ਨੂੰ ਦੇਖੋ ਚੰਗੀ ਤਰਾਂ ਫੇਰ ਤੰਤ੍ਰ ਮਤ ਦੇ ਗ੍ਰੰਥਾਂ ਨੂੰ ਵਿਚਾਰੋ, ਫੇਰ ਅਘੋਰ ਮਤ ਦੇ ਗ੍ਰੰਥ ਪੜ੍ਹੋ ਜਿਨ੍ਹਾਂ ਵਿਚ ਮਦਰਾ ਦੀ ਉਸਤਤੀ ਲਿਖੀ ਹੈ ਬਹੁਤ ਸਾਰੀ। (੭) ਇਸ ਸ਼ਰਾਬ ਨੂੰ ਈਸ਼ੂਰ ਕਹੀਏ ਪਰਮੇਸੂਰ ਕਹੀਏ ਕਿਉਂਕਿ ਯੋਗ ਸਾਧਨ ਦਾ ਮੂਲ ਹੈ, ਜਿਸ ਬਿਨਾਂ ਯੋਗ ਦੀ ਤਾਰ ਨਹੀ ਲਗਦੀ, ਇਸ ਪ੍ਰਤ ਸਾਰੇ ਯੋਗੀ ਆਂਦੀ ਗਵਾਹੀ ਹੈ। (੮) ਤੁਹਾਡੇ ਮਤ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਲਿਖ ਗਏ ਹਨ ਸਬਜ਼ ਰੰਗ ਦਾ ਪਿਆਲਾ ਨੈਨ ਪਾਨ ਤੇ ਸੁਰਖ ਰੰਗ ਦਾ ਕੋਕਨਾਰ ਅਤੇ ਫਿਰੰਗੀ ਸ਼ਰਾਬ ਦਾ ਪਿਆਲਾ ਹੇ ਸਾਕੀ ਸਾਨੂੰ ਪਿਆ। (੯) ਫੇਰ ਤੁਸੀ ਕਿਸ ਤਰਾਂ ਇਸ ਨੂੰ ਨਿੰਦ ਸਕਦੇ ਹੋ, ਤੇ ਇਸ ਦਾ ਨਾਮ ਕੁਰੈਲ ਰਖਦੇ ਹੋ, ਚੁਭੀ ਮਾਰ ਕੇ ਦੇਖੋ ਆਪਣੇ ਚਿਤ ਦੇ ਚੁਬਚੇ ਵਿਚ। ਇਸ ਦੇ ਅਨੰਦ ਤੇ ਛਾਇਆ ਦੇ ਰਸਤੇ ਨੂੰ ਕੌਣ ਛਡਦਾ ਹੈ। (੧੦) ਜਿਨੇ ਸਾਕਤਕ ਮਤ ਦੇ ਜਗਤ ਵਿਚ ਹਨ ਮਦਰਾ ਕਰਕੇ ਦੁਰਗਾ ਪੂਜਾ ਕਰਦੇ ਹਨ ਜਿਨੇ ਭੈਰਵ ਮਤ ਵਾਲੇ ਤੇ ਬਾਮ ਅਦਾਛਣਾਯ ਦੇ ਤਾਂਹੇਂ ਪਰ ਸ਼ਰਾਬ ਦੇ ਭ੍ਰਿਸ਼ਟੋ ਕੌਲ ਦਾਛਨਾਯ ਵਿਚ ਵਿਖੇ ਅਗ।

ਆਨ ਬਾਨ ਨਾਲ ਬੂਹੇ ਪੁਰ ਸਾਵੀ ਚੋਬ ਲਈ ਖੜ੍ਹੇ ਹਨ ਤੇ ਮੱਦਕ ਝਾੜੂ ਲਈ ਵਰਾਂਡਾ ਸਾਫ ਕਰ ਰਿਹਾ ਹੈ।

ਜਿਸ ਮਨੁਖ ਨੇ ਇਸ ਮਹਾਰਾਣੀ ਦੇ ਦਰਬਾਰ ਦੀ ਸੈਰ ਨਹੀ ਕੀਤੀ, ਕਬਾਬ ਵਰਗੇ ਉਤਮ ਭੋਜਨ, ਤੇ ਰਮਣੀਅ ਇਸਤ੍ਰੀ ਨਾਲ ਬਰਸਾਤ ਵਿਚ ਇਸ ਦਰਬਾਰ ਦੀ ਬਹਾਰ ਨਹੀ ਲਈ; ਨਿਸਚੈ ਜਾਣੋ ਕਿ ਮਨੁਖ ਜਨਮ ਹੀ ਔਗਤ ਕਰ ਗਿਆ।

ਚੌਬੇ ਮਹਾਤਮਾ ਮਦ ਕਰਮੀ ਕੋਲੋਂ ਬੀ ਨਾ ਰਿਹਾ ਗਿਆ, ਝਟ ਬੋਲੇ, ਕਿਉਂ ਬਈ ਇਸ ਵਿਚ ਕੋਈ ਪਾਪ ਹੈ, ਹਿੰਸਾ ਇਸ ਵਿਚ ਨਹੀ, ਛੋਹ ਇਸ ਵਿਚ ਨਹੀ ਵਡੇ੨ ਰਿਖੀ, ਮੁਨਿ ਤਪਸ੍ਵੀ, ਰਾਜਾ, ਅਵਤਾਰ, ਸ਼ੰਕਰ ਭੈਰਵ, ਦੁਰਗਾ ਆਦਿ ਸਭ ਪੀਂਦੇ ਆਏ ਹਨ। ਦਸੋ ਇਸ ਵਿਚ ਪਾਪ ਕੀ ਹੈ? ਕੀ ਗੁੜ ਵਿਚ ਦੋਸ ਹੈ, ਜੋ ਸਾਰਾ ਜਹਾਨ ਵਰਤ ਰਿਹਾ ਹੈ? ਕਿੱਕਰ ਦੀਆਂ ਦਾਤਣਾਂ ਆਪ ਰੋਜ ਕਰਦੇ ਹੋ, ਉਸ ਵਿਚ ਕੀ ਔਗਣ ਹੈ? ਜਿਸ ਬਿਨਾਂ ਮੂੰਹ ਪਵਿਤ੍ਰ ਹੀ ਨਹੀ ਹੁੰਦਾ। ਜੇਕਰ ਮਹੂਆ ਜਾਂ ਸੇਧੀ ਨੂੰ ਬੁਰਾ ਕਹੋ ਤਾਂ ਸਾਰੇ ਜੱਗ ਨੂੰ ਕਹੋ ਜੋ ਮਹੂਆ ਫਲ ਤੇ ਖਜੂਰਾਂ ਖਾਂਦੇ ਹਨ। ਤਾੜੀ ਨੂੰ ਦੋਸ ਦਿਓ ਤਾਂ ਘਰ੨ ਉਸ ਦੇ ਪੱਖੇ ਵਰਤੀਂਦੇ ਹਨ। ਭਾਈ ਸਾਹਬ ਕਾਗਤ ਤਾਂ ਅਜਬ ਬਣ ਗਏ, ਪਿਛਲੇ ਸਮੇਂ ਵੇਦ ਸ਼ਾਸਤ੍ਰ ਸਭ ਤਾੜ ਦੇ ਪਤ੍ਰਿਆਂ ਪੁਰ ਹੀ ਲਿਖੇ ਜਾਂਦੇ ਸਨ। ਜੇ ਅੰਗੂਰ ਵਿਚ ਔਬ ਕਢੋਂ ਤਾਂ ਮੁਨੱਕਾ ਦਾਖ ਸੌਗੀ ਸਦਾ ਵਰਤੀਂਦੇ ਹਨ, ਜੇ ਖਮੀਰ ਉਠਣ ਪੁਰ ਸ਼ੰਕਾ ਕਰੋ, ਤਾਂ ਸਿਰਕੇ ਨੂੰ ਕਿਉਂ ਸ਼ੁਧ ਮੰਨਦੇ ਹੋ

Digitized by Panjab Digital Library | www.panjabdigilib.org

ਜੇ ਨਾਲ ਰਸਤੇ ਚੁਆਉਣਾ ਬੁਰਾ ਹੈ, ਤਾਂ ਸੌਂਫ ਆਦਿਕ ਅ-
ਰਕ ਕਿਉਂ ਪੀਂਦੇ ਹੋ। ਅਜਿਹੀ ਨਿਰਦੋਸ ਵਸਤ ਦਾ ਨਾ-
ਉਂ ਕਦੀ ਕਲੇਜੇ ਸਾੜਨੀ ਤੇ ਭੈੜਾ ਚੁੜੇਲ ਨਹੀਂ ਰਖਣਾ
ਚਾਹੀਏ। ਪਰ ਸਚ ਹੈ, ਆਪ ਇਸ ਅਨੰਦ ਖਾਲੀ ਹੋ।
ਇਕ ਵੇਰੀ ਪੀਓ, ਫੇਰ ਇਕੁਰ ਕਹੋ, ਤਾਂ ਜਾਣੀਏ।

ਪੰਜਵੇਂ ਸ਼ਰਾਬੀ ਆਪਣੇ ਭਰਾਵਾਂ ਦੀ ਗਲ ਨੂੰ
ਹੋਰ ਪਕਿਆਂ ਕਰਨ ਲਈ ਉਚਰੇ। ਅਹਾ ਹਾ! ਸੁਰ-
ਆਬ "ਅਰਥਾਤ ਦੇਵਤਿਆਂ ਦਾ ਪਾਣੀ" ਕਿਹਾ ਭਾਗੀਂ ਭਰਿ-
ਆ ਨਾਉਂ ਹੈ। ਗ੍ਵਾਲ ਕਵਿ ਨੇ ਇਸ ਦੀ ਕਿਡੀ ਉਪਮਾ ਕੀ-
ਤੀ ਹੈ।— ਕਬਿਤ:—

(੧) ਜਾਹਰ ਜਹਾਨ ਬੀਚ ਪਯਾਰੀ ਸੁਰਾ ਐਂ ਬਾਕੀ
ਜਾਹਿ ਪੀਏ ਮਹਿਖਾਸੁਰ ਮਾਰ ਦਿਓ ਸਿਤਾਬ ਹੈ।
ਚੰਡ ਮੁੰਡ ਮੁੰਡਨ ਚਢਾਇ ਡਾਰੇ ਚੂਰ ਕਰ
ਰੁੰਡਨ ਕੇ ਝੁੰਡ ਦੀਏ ਕੁੰਡਨ ਮੈਂ ਦਾਬ ਹੈ।
ਗ੍ਵਾਲ ਕਵਿ ਕਾਰਨ ਅਨੰਦ ਤਾ ਕੀ ਸਿਧ ਹੋਤ,
ਅੰਮ੍ਰਿਤ ਸਾਥ ਕਢੀ ਤਾਂ ਤੇ ਰਤਨ ਇਲਕਾਬ ਹੈ।
ਸ਼ਿਵ ਤੇ ਸ਼ਕਾਰ ਲੈਕੇ ਰਾਮ ਤੇ ਰਕਾਰ ਲੈਕੇ,
ਬਿਸ਼ਨੁ ਤੇ ਬਕਾਰ ਲੈਕੇ ਬਿਰਚੀ ਸੁਰਾਬ ਹੈ॥

(੧) ਅਰਥਾਤ:— ਇਹ ਗਲ ਜਹਾਨ ਵਿਚ ਪਰਗਟ ਹੈ ਕਿ ਸ਼ਰਾਬ ਦੇਵੀ ਨੂੰ ਪਿਆਰੀ ਹੈ। ਜਿਸ ਨੂੰ ਪੀਕੇ ਦੇਵੀ ਨੇ ਮਹਖਾਸਰ ਨਾਮੇ ਰਾਕਸ਼ ਨੂੰ ਮਾਰਿਆ। ਚੰਡ ਮੁੰਡ ਆਦਿਕ ਰਾਖਸਾਂ ਦੇ ਸਿਰ ਖੇਤ ਵਿਚ ਰੀਲਾਹ ਦਿਤੇ ਅਤੇ ਦੋਵੇਂ ਸਿਰਾਂ ਨਾਲ ਭਰ ਦਿਤੇ। ਗ੍ਵਾਲ ਤਦੀ ਕ-ਹਦਾ ਹੈ ਕਿ ਖੁਸ਼ੀ ਸਰਾਬ ਪੀਕੇ ਹੁੰਦੀ ਹੈ। ਅਰ ਸ਼ਰਾਬ ਪੀਕੇ ਸਿਧ ਹੁੰਦਾ ਹੈ ਕਿ, ਇਹ ਅੰਮ੍ਰਿਤ ਨਾਲ ਨਿਕਲਣ ਕਰਕੇ ਰਤਨ ਕਹਾਉਂਦੀ ਹੈ। ਸ਼ਿਵ ਦਾ ਪਹਿਲਾ ਅਖਰ "ਸ਼" ਹੈ ਤੇ ਰਾਮ ਦਾ "ਰਾ" ਇਕੁਰ ਬਿਸ਼ਨੂ ਦਾ "ਬ" ਇਨਾ ਤਿਨਾ ਅਖਰਾਂ ਨੂੰ ਜੋੜੇ ਤਾਂ "ਸ਼ਰਾਬ" ਬਣਦੀ ਹੈ।

ਅਪ੍ਰਮਾਨ ਤਾਂ ਕੋ ਭਖੈ, ਤੌ ਬਹੁ ਕਰੇ ਬਿਕਾਰ।

(੧) ਬਿਧ ਸੋ ਮਾਤ੍ਰ ਕਾਲ ਮੈ, ਮਦਰਾ ਕਰੈ ਸੁਪਾਨ।

ਹਰਖ ਆਯੁ ਹਿਤ ਬਲ ਬਢੈ ਸੁਧਾ ਰਸਾਯਨ ਜਾਨ।

(੨) ਅਬ ਮਦਰਾ ਕੀ ਜੁਗਤ ਸੁਨ, ਕਹਤ ਬੈਦ ਸਿਰਦਾਰ।

ਉਤਮ ਨਰ ਅੰਨ ਵਾ ਮਾਸ ਕੇ, ਗ੍ਰਾਸ ਗ੍ਰਾਸ ਜੁਤ ਸਾਰ।

ਸਵੈਯਾ: (੩) ਦਛਨ ਹਾਥ ਬਿਖੈ ਮਦ ਭਾਜਨ ਉਤਰ ਅੰਗ ਬਿਰਾਜਤ ਭਾਮ।

ਭੂੰਨਤ ਜਾਂਗਲ ਮਾਸ ਧਰੀ ਪੁਨ ਸੈਂਧਵ ਤੇ ਟੁਕਲਾ ਗਤ ਸ੍ਯਾਮ।

ਬੀਨ ਬਜੰਤ੍ਰ ਮ੍ਰਿਦੰਗ ਬਜੈ ਪੁਨ ਨਾਚਤ ਗਾਵਤ ਸੁੰਦਰ ਬਾਮ।

ਕਾਮਨਿ ਲੋਲਪ ਚਿਤ ਬਿਖੈਂ ਰਤਿ ਸੋ ਧਨ ਪੀਵਤ ਹੈ ਮਦ ਕਾਮ।

(੪) ਕੋਕਿਲ ਕੀਰ ਮਯੂਰ ਰਟੈ, ਸੁਰ ਗੂੰਜਤ ਹੈ ਭ੍ਰਮਰਨ ਕੇ ਪੁੰਜਾ।

ਅੰਬ ਕਦੰਬ ਸੁਰੰਭ, ਤਰੂ ਘਨ, ਬੇਲ ਮਿਲੀ ਮਧ ਮਾਲਤੀ ਕੁੰਜਾ।

ਸੀਤਲ ਮੰਦ ਸਮੀਰ ਬਹੈ ਜਲ ਫੂਲ ਰਹੀ ਚਹੂੰ ਓਰਨ ਕੁੰਜ।

ਛੀਨ ਕਟੀ ਨਰ ਕਾਮ ਕਲਾ, ਰਤਿ ਪੀਤ ਸੁਰਾ ਪਲ ਸੀਕਨ ਭੁੰਜਾ।

---

(੧) ਪਰ ਜੇ ਵਿਤੋਂ ਵਧਕੇ ਖਾਵੇ ਤਾਂ ਵਿਕਾਰ ਕਰਦਾ ਹੈ। ਜੁਗਤ ਨਾਲ ਵਿਚ ਮੂਜਬ ਵੇਲੇ ਸਿਰ ਜੋ ਸਰਾਬ ਪੀਂਦੇ ਹਨ, ਉਨ੍ਹਾਂ ਦੀ ਖੁਸ਼ੀ ਉਮਰ ਪ੍ਰੀਤ ਤੇ ਬਲ ਵਧਦੇ ਹਨ, ਅਤੇ ਅੰਮ੍ਰਿਤ ਵਰਗੇ ਗੁਣ ਕਰਦੀ ਹੈ, ਜੇਗੋਂ ਸਮਝੋ ਤਾਂ ਰਸਾਯਨ ਹੈ। (੨) ਹੁਣ ਸ਼ਰਾਬ ਦੀ ਜੁਗਤ ਸੁਣੋ, ਵੈਦ ਮਤ ਵਾਲੇ ਉਤਮ ਪੁਰਖ ਕਹਿੰਦੇ ਹਨ, ਕਿ ਉਹ ਅੰਨ ਜਾਂ ਮਾਸ ਦੀਆਂ ਗਿਰਾਹੀਆਂ ਨਾਲ ਘੁਟ ਪੀਏ। (੩) ਸਜੇ ਹਥ ਵਲ ਸ਼ਰਾਬ ਦਾ ਪਿਆਲਾ ਤੇ ਖਬੇ ਵਲ ਸੁੰਦਰ ਇਸਤ੍ਰੀ ਬੈਠੀ ਹੋਵੇ। ਭੁੰਨਿਆ ਹੋਇਆ ਜੰਗਲੀ ਜੀਵ ਦਾ ਮਾਸ, ਥੋੜਾ ਲੂਣ ਮਰਚ ਲਗਾਇਆ ਹੋਵੇ। ਸਤਾਰ ਜੋੜੀ ਮ੍ਰਿਦੰਗ ਆਦਿ ਵਜਦੇ ਹੋਣ, ਤੇ ਸੁਰ ਗਤ ਨਾਲ ਗਾਉਂਦੀਆਂ ਤੇ ਨਚਦੀਆਂ ਹੋਣ ਤੀਮੀਆਂ, ਇਸਤ੍ਰੀ ਦੀ ਚਿਤ ਵਿਚ ਹੋਵੇ ਪ੍ਰੀਤ; ਐਸਾ ਧਨਾਢ ਪੁਰਖ ਪੀਂਦਾ ਹੈ ਸ਼ਰਾਬ ਕਾਮਾਰਥੀ ਹੋਕੇ। (੪) ਜਿਥੇ ਕੋਇਲਾਂ ਤੋਤੇ ਮੋਰ ਸੁਰਾਂ ਨਾਲ ਬੋਲਦੇ ਹੋਣ, ਅਤੇ ਗੂੰਜ ਰਹੇ ਹੋਣ ਬਹੁਤ ਸਾਰੇ ਭੌਰ। ਅੰਬ ਕਦੰਬ ਕੇਲਿਆਂ ਦੇ ਸੁਹਣੇ ਬੂਟੇ ਸੰਘਣੇ ਹੋਣ, ਤੇ ਵੇਲਾਂ ਫੁਲਾਂ ਵਾਲੀਆਂ ਨਾਲ ਰਲੀਆਂ ਹੋਣ ਮਾਲਤੀ ਤੇ ਰਤਕਾਂ ਦੀਆਂ। ਠੰਢੀ ਤੇ ਸਹਜੇ ਚਲਦੀ ਹੋਵੇ ਪੌਣ, ਪਾਣੀ ਦੀਆਂ ਕੂਲਾਂ ਵਗਦੀਆਂ ਹੋਣ ਤੇ ਫੁਲਾਂ ਦੀਆਂ ਕਿਆਰੀਆਂ ਚੌਂਹ ਪਾਸੀਂ ਖਿੜੀਆਂ ਹੋਣ, ਛੋਟੇ ਪਤਲੇ ਲਕ ਵਾਲੀਆਂ ਨਾਲ ਮਨੁਖ ਕਾਮ ਕੇਲ ਦਾ ਪ੍ਰੀਤਮ ਹੋਵੇ ਪੀਕੇ ਮਦਰਾ ਅਤੇ ਖਾਕੇ ਮਾਸ ਸੀਖਾਂ ਦਾ ਭੁੰਨਿਆ ਹੋਇਆ।

Digitized by Panjab Digital Library | www.panjabdigilib.org

(੧) ਸ੍ਯਾਮ ਘਟਾ ਉਮਗੀ ਚਹੂੰ ਓਰਨ ਮਧ ਚਲਸੇ ਚਪਲਾ ਦੁਤ ਭਾਰੀ।
ਸੀਤਲ ਮੰਦ ਸਮੀਰ ਲਗੇ ਤਨ, ਸਾਥ ਗਿਰੇ ਲਘੁ ਬੂੰਦਨ ਝਾਰੀ।
ਛੰਦ ਪ੍ਰਬੰਧ ਬਚਿਤ੍ਰ ਰਚੇ ਕਵਿ ਸੁੰਦਰ ਨਾਰ ਬਚਿਤ੍ਰ ਉਚਾਰੀ।
ਈਦ੍ਰਿਗ ਕਾਲ ਬਿਖੇ ਸੁਖਦਾਇਕ ਪੀਵਤ ਹੈਂ ਮਦਰਾ ਮਦਕਾਰੀ।
(੨) ਸੁਧ ਸਰੀਰ ਬਿਖੈ ਉਠ ਪ੍ਰਾਤਹ ਪਾਨ ਕਰੈ ਮਦਰਾ ਪਲ ਦੋ।
ਫੇਰ ਦੁਯਾਮ ਸਮੇਂ ਦੁਗਨੀ ਪਿਵ ਚੀਕਨ ਮਾਸ ਅਹਾਰ ਕਰੋ।
ਸਾਂਝ ਸਮੇਂ ਪਲ ਆਠ ਪਿਵੈ ਪਲ ਭੋਜਨ ਕਾਮਨਿ ਕੇ ਸੰਗ ਸੋ।
ਕੋਵਿਤ ਹੀਸੁ ਪਲੀ ਮਤ ਭਾਖਤ ਮਾਤ੍ਰ ਪ੍ਰਮਾਨ ਲਖੋ ਮਿਤ ਜੋ।
(੩) ਗ੍ਰੀਖਮ ਰੁਤ ਮਦਰਾ ਮਧੁਰ ਦਾਖ ਆਦ ਕ੍ਰਿਤ ਪਾਨ। (ਦੋਹਾ:
ਸੀਤਲ ਕਾਲ ਤੀਖਨ ਪਿਵੈ ਗੋਣਕ ਪਿਸ਼ਟ ਸੁਜਾਨ।
(੪) ਕਹਤ ਰਸਾਯਨ ਤਾਸ ਕੋ ਕੋਲ ਤਰਨਿ ਸੁਖ ਦੈਨ।
ਜਰਾ ਬ੍ਯਾਧ ਤਨ ਕੀ ਹਰੈ ਸਾਰਿੰਗ* ਧਰ ਕੇ ਬੈਨ।
(੫) ਥੂਲ ਹੋਇ ਤਨ ਤਾਸ ਕੋ ਆਯੁ ਬਢੇ ਤਨ ਕੇਰ।
ਤੇਜ ਬਢੈ ਬਿਕ੍ਰਮ ਬਢੈ, ਬਢੈ ਕਾਮ ਹਿਤ ਹੇਰ।

(੧) ਕਾਲੀਆਂ ਰ ਘਟਾਂ ਚੌਂਹ ਪਾਸੀ ਉਮਡੀਆਂ ਹੋਣ ਉਨ੍ਹਾਂ ਵਿਚ ਸੁੰਦ੍ਰ ਬਿਜਲੀ ਲਿਸ਼ਕਦੀ ਹੋਵੇ ਠੰਢੀ ਤੇ ਹੌਲੀ ਲਗਦੀ ਹੋਵੇ ਪੌਣ ਸਰੀਰ ਨੂੰ ਨਾਲ ਹੀ ਨਿਕੀਆਂ ਬੂੰਦਾਂ ਪੈਂਦੀਆਂ ਹੋਣ, ਪਾਸ ਬੈਠੇ ਕਵੀਸਰ ਸੋਹਣੇ ਛੰਦ ਬਣਾ ਰਹੇ ਹੋਣ, ਤੇ ਇਸਤ੍ਰੀਆਂ ਬੀ ਕਵਿਤਾ ਗਾਉਂਦੀਆਂ ਹੋਣ। ਐਹੋ ਜਿਹੇ ਸੁਖਦਾਇਕ ਸਮੇ ਵਿਚ ਪੀਂਦੇ ਹਨ ਸ਼ਰਾਬ ਅਮਲ ਜਾਂ ਹੰਕਾਰ ਕਰਨ ਵਾਲੀ। (੨) ਸਵੇਰੇ ਸੁਤਿਆਂ ਉਠਿਆਂ ਨ੍ਹਾ ਧੋ ਸੁਧ ਹੋਕੇ ਛੇ ਤੋਲੇ ਸ਼ਰਾਬ ਪੀਵੇ। ਫੇਰ ਦੁਪਹਰ ਸਮੇ ਦੂਣੀ (੧੨ ਤੋਲੇ) ਪੀਵੇ ਨਾਲ ਚਿਕਨਾ ਮਾਸ ਖਾਵੇ। ਫਿਰ ਸੰਧਯਾ ਵੇਲੇ ੨੪ ਤੋਲੇ ਪੀਵੇ, ਤਿਨ ਤੋਲੇ ਰੋਟੀ ਖਾਣ ਵੇਲੇ, ਤੇ ਤਿਨ ਸ੍ਤ੍ਰੀ ਸੰਗ ਮੇਲਣ ਵੇਲੇ, ਪਰ ਕਈ ਸਿਆਣੇ ਇਨ੍ਹਾਂ ਪੰਜਾਂ ਵੇਲਿਆਂ ਲਈ ਤਿੰਨ, ਤਿਨ ਤੋਲੇ ਹੀ ਪ੍ਰਮਾਣ ਦਸਦੇ ਹਨ। (੩) ਸਾਉਣ ਭਾਦ੍ਰੋਂ ਵਿਚ ਸ਼ਰਾਬ ਮਿਠੀ ਸੋਵੇ ਮੁਨੱਕੇ ਆਦਿਕ ਦੀ ਪੀਵੇ। ਸਿਆਲ ਵਿਚ ਤਿਖੀ ਤਰਕੇ ਦੀ ਸ਼ਰਾਬ ਪੀਵੇ ਗੁੜ ਤੇ ਪੀਠੇ ਹੋਏ ਸੱਕਾਂ ਦੀ ਚਤੁਰ ਮਨੁਖ। (੪) ਕਹਿੰਦੇ ਹਨ ਸਿਆਣੇ ਰਸਾਇਣ ਉਸਨੂੰ ਜੋ ਇਸਤ੍ਰੀ ਕ੍ਰੀੜਾ ਵਿਚ ਸੁਖ ਦੇਵੇ, ਅਤੇ ਬੁਢਾਪਾ ਆਦਿਕ ਰੋਗ ਸਰੀਰ ਦੇ ਸਾਰੇ ਦੂਰ ਕਰੇ। ਇਹ ਗਲ ਸਾਰਿੰਗਧਰ ਨੇ ਲਿਖੀ ਹੈ। (੫) ਸਰੀਰ ਮੋਟਾ ਹੋ ਜਾਂਦਾ ਹੈ ਉਸਦਾ ਅਤੇ ਉਮਰ ਵਡੀ ਹੋ ਸਰੀਰ। ਤੇਜ ਵਧ ਜਾਂਦਾ ਹੈ, ਬਲ ਵਧਦਾ ਹੈ, ਕਾਮ ਦੀ ਪ੍ਰੀਤ ਵਧਦੀ ਹੈ ਭਾਵੇਂ ਦੇਖ ਲਓ।

* ਰਸਾਯਨੰ ਤੁ ਤਤ ਪ੍ਰੋਕ੍ਤੰ ਯਦ੍ਧਿ ਜਰਾ ਵ੍ਯਾਧਿ ਨਾਸ਼ਨੰ !

Digitized by Panjab Digital Library | www.panjabdigilib.org

ਉਸ ਵਿਚ ਸ਼ਰਾਬ ਸਾਰ । ਇਹ ਯੁਕਤੀ ਠੀਕ ਇਸਤ੍ਰਾਂ ਹੈ "ਫਲਾਣਾ ਆਦਮੀ ਧਰਮੀ ਤੇ ਨਿਹਪਾਪ ਹੈ, ਪਰ ਕਦੀ ੨ ਚੋਰੀ ਕਰਦਾ ਹੈ"। ਭਲਾ ਜੀ ਜੇ ਸ਼ਰਾਬ ਸਾਰ ਹੈ, ਤਾਂ ਥੋੜੇ ਚਿਰ ਵਿਚ ਅਸਾਰਤਾ ਰੂਪੀ ਵੇਟ ਕਿਉਂ ਦਿਖਾਉਂਦਾ ਹੈ। ਸ਼ਰਾਬ ਸਾਰ ਹੈ; ਤਾਂ ਸਵੇਰੇ ਉਠਕੇ ਪੇਤ੍ਰਿਆਂ ਦੀ ਲਜੀ ਨੂੰ ਕਿਉਂ ਧਾਤੂ ਪੈਂਦੀ ਹੈ? ਮੇਰੇ ਪੀਣ ਵਲੋਂ ਜੋ ਕੁਝ ਆਪ ਕਹਿਦੇ ਹੋ; ਮੈਂ ਆਪ ਬੀ ਇਸ ਕਲੇਜੇ ਲੂਹਣੀ ਨੂੰ ਵਰਤਦਾ ਰਿਹਾ ਹਾਂ, ਤਦੇ ਹੀ ਤਾਂ ਇਸ ਦੇ ਔਗੁਣਾ ਦਾ ਭੇਤੀ ਹਾਂ "ਇਸ ਦੇ ਰਹ ਪਿਆਂ ਜਾਣੀਏ ਜਾਂ ਵਾਹ ਪਿਆ ਜਾਣੀਏ" ਤਦੇ ਹੀ ਮੈਂ ਨੇਮ ਕੀਤਾ ਹੈ ਕਿ ਬੇਖਬਰਾਂ ਨੂੰ ਇਸ ਨਾਗਨ ਦੇ ਡੰਗਾਂ ਦੀ ਖਬਰ ਦੇਕੇ, ਅਜਾਈ ਮੌਤ ਮਰਨੋਂ ਬਚਾਵਾਂ ॥

### ਤੀਸਰੇ ਪ੍ਰਸ਼ਨ ਵਾਲੇ ਨੂੰ ਉਤਰ

ਆਪ ਨੇ ਕਿਹਾ ਅਚਰਜ ਸ਼ਰਾਬ ਕੌਰ ਦਾ ਦਰਬਾਰ ਸਜਾ ਦਿਖਾਇਆ, ਕਿਹਾ ਅਚਰਜ ਰੂਪਕ ਅਲੰਕਾਰ ਬਧਾ ਹੈ! ਲਓ ਹੁਣ ਤੁਹਾਡੇ ਸਾਰੇ ਦਰਬਾਰੀਆਂ ਦੀ ਖਬਰ ਲਈਏ ਇਕ ਇਕ ਦੀ ਵੱਖ ੨ ਕਰਤੂਤ ਦਸੀਏ।

ਸਚ ਹੈ! ਜਿਹੀ ਮਹਾਰਾਣੀ ਤਿਹਾ ਵਜ਼ੀਰ! ਜਿਹੀ ਕੁੱਕਰ ਦੀ ਚੁੜੇਲ ਰਾਣੀ, ਤਿਹਾ ਖੇਤਾਂ ਦਾ ਭੂਤ ਪ੍ਰਧਾਨ ਮੰਤ੍ਰੀ ਭੈੜੀ ਵੇਟ ਸ਼ਰਾਬ ਦੀ, ਪਰ ਤਮਾਕੂ ਦੀ ਉਸ ਤੋਂ ਬੀ ਵਧ੍ਹੀ ਕਿਉਂਕਿ ਇਸ ਦਾ ਅਮਲ ਤਾਂ ਧੂਏਂ ਵਾਕਰ ਉਠਦਾ ਹੀ ਜਾਂਦਾ ਹੈ। ਭਲਾ ਸ਼ਰਾਬ ਪੀਤਿਆਂ ਫਿਰ ਤਾਂ ਆਫਰੂ, ਪਰ ਤਮਾਕੂ ਦੀ ਤਾਂ ਸੁਆਹ ਬੀ ਅੰਦਰ ਨਹੀ ਜਾਂਦੀ।

ਸ਼ਰਾਬ ਵਾਂਗੂ ਤਮਾਕੂ ਹੁਰੀ ਬੀ ਕਰਮ ਧਰਮ ਦਾ ਕੱਖ

ਨਹੀ ਛਡਦੇ। "ਮਾਰੇ ਝੂਠ ਜਾਂ ਮਾਰੇ ਜੂਠ।" ਜੋ ਰੋਗ ਉਨ-
ਮਾਦ, ਮੂਰਛਾ, ਚਿਤ ਭ੍ਰਮ, ਖੂਧਾਤ ਖੇਗ, ਸ੍ਵਾਸ ਕਾਸ ਅ-
ਦਿਕ ਪ੍ਰਗਟ ਹੁੰਦੇ ਹਨ, ਤ੍ਰਮਾਕੂ ਨਾਲ ਕੁਝ ਹੋਰ ਬੀ ਵਧਕੇ
ਹੁੰਦੇ ਹਨ। ਕੀਹਦੇ ਹਨ ਕਿ ਤ੍ਰਮਾਕੂ ਸਾਰੇ ਅਮਲਾਂ ਵਿ-
ਚੋਂ ਨਖਿਧ ਹੈ, ਕਿਉਂਕਿ ਬੇਸਬਰਾ, ਦੁਰਗੰਧ ਵਾਲਾ, ਦ-
ਲਿਦ੍ਰ ਦਾ ਰੂਪ ਤੇ ਦੂਣਾ ਹੋਇਆ ਅਮਲ ਹੈ, ਹਰ ਵੇਲੇ ਲੋ-
ੜ ਲਗੀ ਰਹਿੰਦੀ ਹੈ। ਭਾਵੇਂ ਕਿੰਨੀਆਂ ਚਿਲਮਾਂ ਫੂਕੀ ਜਾਏ
ਬਸ ਨਹੀਂ। ਸ਼ਰਾਬ ਤਾਂ ਕੁਝ ਚਿਰ ਸਰੂਰ ਰਖੂ ਬੀ, ਪਰ ਇ-
ਸ ਦੀ ਬੇਸਬਰੀ ਦੀ ਕੋਈ ਹਦ ਹੀ ਨਹੀਂ? ਕਿਉਂ ਨਾ ਹੋ-
ਵੇ ਜੇ ਕਦੀ ਇਨੀ ਵਡਿਆਈ ਬੀ ਇਸ ਵਿਚ ਨਾ ਹੋਵੇ, ਤਾਂ
ਹੋਰ ਵਡਿਆਈ ਇਸ ਦੀ ਸੁਆਹ ਹੈ। ਵਜ਼ੀਰ ਪੂਰਾ ਹੈ।

ਦੇਖੀਏ! ਹੁਕਈਆਂ ਦੀ ਹਥਾਂ ਦੀਆਂ ਤਲੀ-
ਆਂ ਤੇ ਮੁਛਾਂ ਧੂੰਏ ਦੀਆਂ ਨਿਸ਼ਾਨੀਆਂ ਦਸਦੀਆਂ ਹ-
ਨ [ਸ਼ਾਸਤ੍ਰ ਮੂਜਬ ਹੁਕਈ ਸਦੀਵ ਹਥ ਮੂੰਹ ਜੂਠੇ ਹੋਣ ਕਰਕੇ
ਪਿਤ੍ਰ ਕਰਮ ਦੇ ਲਾਇਕ ਨਹੀਂ] ਦੰਦਾਂ ਤੇ ਮੈਲ ਜੰਮੀ ਰਹਿੰ-
ਦੀ ਹੈ; ਮੂੰਹ ਵਿਚੋਂ ਬੋ ਆਉਂਦੀ ਹੈ, ਜਿਸ ਕਰਕੇ ਸ੍ਰੇਸ਼ ਸ-
ਥਾਨਾਂ ਵਿਚ ਬੈਠਣ ਜੋਗਾ ਨਹੀਂ ਰਹਿੰਦਾ। ਹੁਕਈ ਦਾ ਸੀ-
ਨਾ ਅੰਦਰੋਂ ਧੂਆਂਖਿਆ ਜਾਂਦਾ ਹੈ, ਇਸ ਗਲ ਦੀ ਉਗਾ-
ਹੀ ਲਈ ਨੇਲਾ ਤੋੜ ਕੇ ਦੇਖ ਲਓ। ਹੁਕਈ ਨੂੰ ਦਮਾ,
ਖੰਘ ਦਾ ਰੋਗ ਬਹੁਧਾ ਹੁੰਦਾ ਹੈ, ਅਤੇ ਛੋਹ ਵਾਲੇ ਰੋਗ
ਉਸ ਨੂੰ ਬਹੁਤ ਛੇਤੀ ਲਗਦੇ ਹਨ। ਹੋਰ ਸਭ ਕੰਮਾਂ ਵਿਚ
ਦਲਿਦ੍ਰੀ, ਪਰ ਹੁਕੇ ਦੇ ਆਹਰ ਵਿਚ ਦਿਨ ਰਾਤ ਉਦਮੀ।
ਹਜ਼ਾਰ ਗਾਲੀ ਖਾਏ, ਪਤ ਲਾਹ ਜਾਏ, ਚਿਲਮ ਭਰਨਾ ਏ

Digitized by Panjab Digital Library | www.panjabdigilib.org

ਸਾਨ ਦੇ ਭੰਗੇ ਫਾਕਿਆ, ਵਿਚ ਕਛੂਲ ਫਾਲੇ ਕਦ ਵਿਲ
ਫਰਉਦਾਰ ਆਤਮਾ ਸ਼ਰਾਬੀਆਂ ਦੀ ਰੀਸ ਕਰ ਸਕਦੇ ਹਨ
ਜਿਥੇ ਸੈਂਕੜਿਆਂ ਦੀ ਗਿਣਤੀ ਨਹੀਂ, ਲਖਾਂ ਤੇ ਹਜ਼ਾਰਾਂ ਨੂੰ
ਗਾਥ ਨਹੀਂ, ਗਿਦੜ ਦਾਖ ਤਕ ਜਦ ਪਹੁੰਚ ਨਹੀਂ ਸਕਦਾ
ਤਾਂ ਕੌੜੀ ਤੇ ਖਟੀ ਕਹਕੇ ਮਨ ਨੂੰ ਧਿਰਾਸ ਦਿੰਦਾ ਹੈ; ਇਕੂਰ
ਹੀ ਆਪ ਜੈਸੇ ਮਹਾਤਮਾ ਸ਼ਰਾਬ ਦੇ ਪ੍ਰਾਪਤ ਨਾ ਹੋਣ ਕਰ
ਕੇ ਉਸ ਦੀ ਨਿੰਦਾ ਵਿਚ ਹੀ ਚਿਤ ਪਰਚਾ ਛਡਦੇ ਹਨ। ਬਿ-
ਨਾ ਸੋਚੇ ਸਮਝੇ ਕਿਸੇ ਪਦਾਰਥ ਨੂੰ ਬੁਰਾ ਕਹਣਾ ਚੰਗਾ
ਨਹੀਂ। ਇੰਨਾ ਤਾਂ ਵਿਚਾਰੋ ਕਿ ਮਾਨੁਖ ਜਨਮ ਦਾ ਫਲ ਕੀ
ਹੈ, ਜੇ ਸ਼ਰਾਬ ਨਹੀਂ ਪੀਣੀ ਸੀ ਤਾਂ ਇਸ ਮਾਨੁਖ ਸਰੀਰ ਵਿ-
ਚ ਆਏ ਕਿਉਂ, ਜੋ ਮਾਨੁਖ ਮੂਰਤ ਹੋਕੇ ਸ਼ਰਾਬ ਨਹੀਂ ਪੀਂਦੇ
ਉਨਾਂ ਨਾਲੋਂ ਪਸੂ ਚੰਗੇ, ਕਿਉਂਕਿ ਨਿੰਦਾ ਤਾਂ ਨਹੀਂ ਕਰਦੇ।

ਲਓ ਹੁਣ ਜੇ ਕੁਝ ਹਥ ਪਲੇ ਹੈ ਤਾਂ ਉਤਰ ਦਿਓ, ਨ-
ਹੀ ਤਾਂ ਆਪਣੇ ਗੁਰੂ ਗੋਬਿੰਦ ਸਿੰਘ ਜੀ ਦੀ ਲਿਖੀ ਹੋਈ ਤੁ-
ਕ ਆਦ ਕਰਕੇ ਗਟਾਗਟ ਪੀਓ. ਦੇਖੋ ਕੈਸਾ ਆਨੰਦ ਹੈ

"ਮਹਾਂਕਾਲ ਕੋ ਸਿਖ ਕਰ ਮਦਰਾ ਭਾਂਗ ਪਆਇ"

ਸਾਡੇ ਪਾਠਕ ਪਾਸੂ ਸੁਣਕੇ ਹੈਰਾਨ ਹੋਣਗੇ ਕਿ ਅਰਥਾਂ ਨੇ
ਸ੍ਰੀ ਗ੍ਰੰਥ ਸਾਹਿਬ† ਨੂੰ ਅਜਿਹਾ ਘੇਰਿਆ ਹੈ, ਤੇ ਛੇਕੜ ਲੇਖਕ ਨੇ ਤਾਂ ਚ-
ਰਿਤ੍ਰ ਪ੍ਰਸੰਗ ਦੀ ਅਜਿਹੀ ਤੁਕ ਸੁਣਾਈ ਹੈ, ਕਿ ਉਹ ਮਹਾ-
ਤਮਾ ਅਨੁਤਰ ਹੋਏ ਜਾਪਦੇ ਹਨ, ਕਿ ਪੀਣ ਨੂੰ ਤਿਆਰ ਹੋਣ-
ਗੇ! ਪਰ ਕਦੀ ਨਹੀਂ, ਕਦੀ ਨਹੀਂ, ਕਦੀ ਨਹੀਂ। ਆਪ ਹਰੇਕ ਨੂੰ
ਵਾਰੋ ਵਾਰ ਅਜਿਹੇ ਉਤਰ ਦੇਣਗੇ ਕਿ ਸਾਰੇ ਅਨੁਤਰ ਹੋ ਜਾਣ।

Digitized by Panjab Digital Library | www.panjabdigilib.org

# ਉਤਰ।

ਕੁਛ ਚਿਰ ਸੋਚ ਕੇ ਸਿੰਘ ਸਾਹਬ ਬੋਲੇ, ਭਰਾਓ, ਤੁਸਾਂ ਸ
ਰਿਆਂ ਨੇ ਇਕੋ ਵਾਰੀ ਆਪਣੇ ਪ੍ਰਸ਼ਨ ਕਰ ਦਿਤੇ, ਕਿ ਜਿਨ੍ਹਾਂ ਦੇ
ਉਤਰ ਮੈਂ ਵਾਰੋ ਵਾਰੀ ਇਕ ਇਕ ਕਰ ਕੇ ਦਿਆਂਗਾ। ਪਰੰਤੁ ਪ
ਹਲੇ ਤੁਸੀਂ ਪੱਖ ਪਾਤ ਨੂੰ ਦਿਲੋਂ ਕੱਢ ਦਿਓ, ਅਤੇ ਜੋ ਕੁਛ ਮੈਂ
ਬੇਨਤੀ ਕਰਾਂ ਦਿਲ ਦੇ ਕੰਨਾਂ ਨਾਲ ਸੁਣੋ, ਜੋ ਤੁਹਾਨੂੰ ਸਤ ਅ
ਸੱਤ ਮਲੂਮ ਹੋਵੇ ਤੇ ਤਿਆਗੀ ਹੋ ਜਾਓ।

## ਪਹਲੇ ਪ੍ਰਸ਼ਨ ਵਾਲੇ ਨੂੰ ਉਤਰ।

ਵਾਹ ਮਹਾਰਾਜ, ਆਪ ਨੇ ਖੂਬ ਕਹੀ – ਸ਼ਰਾਬ ਰੋਗ ਦੂ
ਰ ਕਰਦੀ ਤੇ ਮੁਰਦੇ ਜਿਵਾ ਦਿੰਦੀ ਹੈ – ਕਦੀ ਆਪ ਨੇ ਕੋਈ
ਮੁਰਦਾ ਸ਼ਰਾਬ ਪੀ ਕੇ ਭੂੜਕ ਕਰ ਉਠਦਾ ਡਿਠਾ ਹੈ? ਜਾਂ ਕਦੀ ਕਿਸੇ
ਸ਼ਰਾਬੀ ਨੂੰ ਸਾਰੀ ਉਮਰ ਅਰੋਗ ਰਹਿੰਦਿਆਂ ਆਪ ਨੇ ਵੇਖਿ
ਆ ਹੈ? ਕਦੀ ਨਹੀਂ। ਸਗੋਂ ਸੈਂਕੜੇ ਗਭਰੂ ਤੇ ਰੰਗੀਲੇ ਜੁਆਨ ਇਸ
ਦੀ ਬਦੌਲਤ ਨਿਤ ਦੇ ਰੋਗੀ ਤੇ ਦੁਖੀ ਹੁੰਦੇ ਡਿਠੇ ਹੋਣਗੇ, ਤੇ ਹਜ਼ਾ
ਰਾਂ ਮਾਵਾਂ ਦੇ ਲਾਲ ਇਸ ਪਾਣੀ ਦੀ ਅੱਗ ਨੇ ਜੋਬਨ ਦੇ ਪੰਘੂੜੇ
ਵਿਚੋਂ ਚਿਖਾ ਵਿਚ ਉਤਾਰੇ ਹੋਣਗੇ। ਮੇਰੇ ਕੋਲੋਂ ਆਪ ਵਰ੍ਹ
ਇਆਂ ਛੋਟੇ ਹੋ, ਜ਼ਰਾ ਸ਼ੀਸ਼ੇ ਵਿਚ ਵੇਖੋ ਕਿ ਕਿਸ ਦੇ ਮੂੰਹ ਪੁਰ
ਝੁਰੀਆਂ ਪੈ ਗਈਆਂ ਹਨ। ਇਸ ਲਈ ਤੁਸੀਂ ਤਾਂ ਵਡਿਆਈ ਕਰੋ।

## ਦੂਜੇ ਪ੍ਰਸ਼ਨ ਵਾਲੇ ਨੂੰ ਉਤਰ।

ਕਹੀਏ ਭਾਈ ਸਾਹਬ ਆਪ ਤਾਂ ਵਡੇ ਲਾਇਕ
ਜਾਪਦੇ ਹੋ, ਕਿਹੀ ਅਚਰਜ ਪੁਛਣੀ ਹੈ, ਕਿ ਅਸਤ੍ਰ ਮਿਸਾਰ

(੧) ਮਦਰਾ ਚਾਰ ਪ੍ਰਕਾਰ ਗਿਨ, ਸਾਤੁਕ, ਰਾਜਸ, ਰੀਤ; ਤਾਮਸ ਤੇ ਬਹੁ ਰੋਗਨੀ ਤਿਨ ਤਿਨ ਸੁਨ ਮੀਤ ॥

ਸਵੈਯਾ (੨) ਬੁਧ ਪ੍ਰਕਾਸ਼ ਕਰੈ, ਚਿਤ ਸੰਮਿਤ ਪ੍ਰੀਤ ਕਰੈ ਅਤਿਸੈ ਸੁਖ ਹੋਈ
ਸਾਤੁਕ ਲਛਨ ਭੋਜਨ ਪਾਨ ਬਿਭੋਗ ਬਿਖੈ ਸੁਖਦਾਅਕ ਨੀਂਦ ਬਢੈ ਰਤਿ ਦੋਈ
ਪਾਠਕ ਗੀਤ ਬਢਾਵਤ ਹੈ ਸੁਰ ਆਤਮ ਬ੍ਰਹਮ ਬਿਚਾਰਤ ਜੋਈ
ਆਦਿ ਸੁਰਾ ਦੁਖ ਦੂਰ ਕਰੈ, ਕਵਿ ਰੀਗਅਤੀ ਲਖ ਸਾਤੁਕ ਸੋਈ
(੩) ਲਿਪਤ ਬੁਧ ਬਿਨਾ ਚਿਤ ਸੰਮਿਤ, ਬੈਨ ਅਹੰਕ੍ਰਿਤ ਜੋ ਮੁਖ ਭਾਖੈ
ਰਾਜਸ ਸਾਂਤ ਬਿਨਾ ਮਦ, ਲਾਲਸ ਲਾਲਤ, ਕ੍ਰੋਪ ਕਰੈ ਅਪਨੇ ਕਰ ਰਾਖੈ
ਆਲਸ ਨੀਂਦ ਕਛੂ ਤਨ ਆਵਤ, ਬਾਰਹੀ ਬਾਰ ਰਜੋ ਗੁਨ ਸਾਖੈ
ਈਂਦ੍ਰਿਗ ਲਛਨ ਜਾਸ ਬਿਖੈ ਕਵਿ ਗੀਗਅਤੀ ਮਦ ਰਾਜਸ ਆਖੈ
(੪) ਮਾਤ ਪਿਤਾ ਗੁਰ ਆਨ ਨ ਮਾਨਤ, ਭੋਗਤ ਹੈ ਭਗਨੀਨ ਸੁਤਾ ਕੋ,
ਤਾਮਸ ਭਖ ਅਭੱਖ ਭਖੈ ਬਿਨ ਚੇਤਨ, ਸੁਧ ਸਰੀਰ ਰਹੇ ਨਹਿ ਵਾ ਕੋ।
ਗੋਪ ਅਗੋਪ ਕਥੈ ਸਭ ਹੀ, ਨਰ ਏਵ ਨ ਜਾਨਤ ਬੋਲਤ ਕਾ ਕੋ।
ਚਾਲ ਕੁਚਾਲ ਸੁਤੰਤ੍ਰ ਚਲੈ, ਕਹ ਗੀਗਅਤੀ ਮਦ ਤਾਮਸ ਜਾ ਕੋ ॥

(੧) ਸ਼ਰਾਬ ਚਾਰ ਪਕਾਰ ਦੀ ਗਿਣਦੇ ਹਨ, ਸਾਤਕੀ, ਰਾਜਸੀ, ਤਾਮਸੀ ਤੇ ਚੌਥੀ ਬਹੁਤੇ ਰੋਗ ਉਪਜਾਣ ਵਾਲੀ, ਹੁਣ ਵਖੋ ਵਖਰੀ ਰੀਤ ਤੇ ਲਛਨ ਸੁਣ ਲਓ ਪਆਰੇ। (੨) ਅਕਲ ਨੂੰ ਚਾਨਣਾ ਕਰਦੀ, ਚਿਤ ਚੇਤੇ ਵਾਲਾ ਕਰਦੀ ਹੈ, ਪ੍ਰੀਤ ਕੀਤਿਆਂ ਵਡਾ ਸੁਖ ਹੁੰਦਾ ਹੈ। ਅੰਨ ਪਾਣੀ ਤੇ ਭੋਗ ਦੇ ਸਮੇ ਸੁਖ ਦੇ ਦੇਣੇ ਵਾਲੀ ਹੈ, ਨੀਂਦ ਵਧ ਜਾਂਦੀ ਹੈ, ਤੇ ਪ੍ਰੀਤ ਦੋਹਾਂ ਵਿਚ। ਪਾਠੀ ਤੇ ਗਵਯੇ ਦੀ ਸੁਰ ਵਧਾਉਂਦੀ ਹੈ, ਜਿਹੜੇ ਆਤਮਾ ਤੇ ਬ੍ਰਹਮ ਵਿਚਾਰਦੇ ਹਨ, ਉਨਾਂ ਦੀ ਵਿਚਾਰ ਵਧਾਉਂਦੀ ਹੈ, ਇਹ ਪਹਲੀ ਸਾਤੁਕ ਸ਼ਰਾਬ ਦੁਖਾਂ ਨੂੰ ਦੂਰ ਕਰਦੀ ਹੈ, ਕਵਿ ਗੀਗਅਤੀ ਕਹਿੰਦਾ ਹੈ। (੩) ਲਿਪਟੇ ਜਾਂਦੀ ਹੈ ਬੁਧ, ਚਿਤ ਬਿਨਾ ਚੇਤਿਓਂ ਤੇ ਹੰਕਾਰ ਦੇ ਬਚਨ ਮੂੰਹੋਂ ਕਹਿੰਦਾ ਹੈ। ਕ੍ਰੋਧ ਦਾ ਭਰਿਆ ਤੇ ਹੰਕਾਰ ਤੇ ਇਛਾ ਲਾਂਦੀ, ਕ੍ਰੋਧ ਵਿਚ ਸਭ ਨੂੰ ਆਪਣਾ ਬਣਾ ਰਖਦਾ ਹੈ। ਆਲਸ ਤੇ ਨੀਂਦ ਕੁਝ ਕ ਸਰੀਰ ਵਿਚ ਆਉਂਦੀ ਹੈ। ਘੜੀ ੨ ਆਪਣੇ ਐਸ਼੍ਵ ਦੀਆਂ ਗਲਾਂ ਕਹਿੰਦਾ ਹੈ। ਇਹੋ ਜੇਹੇ ਲਛਣ ਜਿਸ ਵਿਚ ਹੋਣ ਕਵਿ ਗੀਗਅਤੀ ਉਸ ਸ਼ਰਾਬ ਨੂੰ ਰਾਜਸ ਕਹਿੰਦਾ ਹੈ। (੪) ਮਾਂ ਪਿਉ ਤੇ ਗੁਰੂ ਦੀ ਆਗਿਆ ਨਹੀ ਮੰਨਦਾ, ਭੋਗਦਾ ਹੈ ਭੈਣ ਧੀਆਂ ਨੂੰ। ਖਾਧ ਅਖਾਧ ਸਭ ਨਿਘੋਰੀ ਜਾਂਦਾ ਹੈ, ਭੁਲਾ ਹੋਇਆ ਤੇ ਸਰੀਰ ਦੀ ਚੇਤਨ ਤੋਂ ਬਿਨਾ ਹੋ ਜਾਂਦਾ ਹੈ। ਲੁਕਿਆ ਛਿਪਿਆ ਆਪਣਾ ਭੇਤ ਸਭ ਕਹ ਦੇਂਦਾ ਹੈ। ਮਨੁਖ ਇਹ ਨਹੀ ਜਾਣਦਾ ਕਿ ਮੈ ਕਿਸ ਨਾਲ ਬੋਲਦਾ ਹਾਂ। ਚੰਗੇ ਮੰਦੇ ਕਰਮਾਂ ਦੀ ਚਾਲ ਨਿਰਭੈ ਹੋਕੇ ਚਲਦਾ ਹੈ। ਗੀਗਾਰਾਮ ਕਹਿੰਦਾ ਹੈ ਇਉਂ ਤਾਮਸੀ ਸਰਾਬ ਹੈ ਜਿਸ ਨੂੰ।

Digitized by Panjab Digital Library | www.panjabdigilib.org

ਦੋਹਾ: (੧) ਜੈ ਨਰ ਚੌਥਾ ਮਦ ਪਿਵੈ ਮੂੜ੍ਹ ਆਤਮਾ ਹੋਇ।
ਟੂਟੀ ਕਣਛੀ ਜਿਮ ਲਖੈ ਕ੍ਰਿਆ ਹੀਨ ਤਿਮ ਸੋਇ॥
(੨) ਭਲੇ ਬੁਰੇ ਜਾਨੈ ਨਹੀ ਮਾਨਵ ਮਿਤ੍ਰ ਸਮਾਨ।
ਚੇਤਨ ਚਿਤ ਮੈਂ ਹੋਤ ਨਹਿ ਸਰਬ ਰੋਗ ਕੀ ਖਾਨ॥
(੩) ਬਿਨਾਂ ਸੁਦਾਈ ਪੀਤ ਕੋ ਐਸੇ ਮਦ ਕ੍ਰਿਤ ਮੌਨ
ਸਕਲ ਦੋਖ ਦੁਖ ਦਾਯਨੀ ਅਟਵੀ ਜਾਵੈ ਕੌਨ॥

ਸਤਵੇਂ ਮਹਾਤਮਾਂ ਨੈ ਜਦ ਇਨੇ ਪ੍ਰਮਾਣ ਦੇਕੇ ਸਿਧ ਕਰ ਦਿਤਾ ਕਿ ਸ਼ਰਾਬ ਪੀਣੀ ਵਡੀ ਉਤਮ ਹੈ, ਪਰ ਅਕਲ ਨਾਲ, ਵਿਧ ਮੁਜਬ, ਸਮੇਂ ਸੇਤੀ ਤੇ ਵਿਤ ਦੀ, ਤਦ ਅਠਵੇਂ ਸ਼ਰਾਬੀ ਨੈ ਸੋਚਿਆ, ਕਿ ਬਈ ਸਾਰਿਆਂ ਭਰਾਵਾਂ ਨੈ ਸ਼ਰਾਬ ਦੀ ਉਪਮਾਂ ਦੇ ਓ ਪੁਲ ਬੰਨ ਦਿਤੇ ਕਿ ਭਾਈ ਸਾਹਬ ਅਨੰਦ ਹੋਕੇ ਸ਼ਰਾਬ ਪੀ ਜਾਣਗੇ; ਪਰ ਸਾਨੂੰ ਏਹ ਸਾਰੇ ਮਖੌਲ ਕਰਨਗੇ ਕਿ ਅਸਾਂ ਨਵਾਂ ਮੁਰਗਾ ਫਾਹ ਲਿਆ ਤੇ ਤੂੰ ਘੁਘੂਮਟ ਹੋਕੇ ਬੈਠਾ ਰਿਹਾ। ਇਹ ਵਿਚਾਰ ਕੇ ਆਪ ਬੋਲ ਉਠੇ। ਭਲਾ ਜੀ ਹੁਣ ਦਸੋ ਸ਼ਰਾਬ ਨਿੰਦ ਹੈ ਕਿ ਅਨਿੰਦ? ਇਹ ਤਾਂ ਪੈਸੇ ਦੀ ਖੇਡ ਹੈ, ਅਸਤਬਾਜੀ ਵਾਙੂ ਘਰ ਫੂਕ ਤਮਾਸ਼ਾ ਦੇਖਣਾ ਹੈ। ਕਿਰਪਣ, ਕੰਜੂਸ, ਮਖੀਚੂਸ, ਰੁਖੀ ਰੋਟੀ ਖਾ ਖਾ ਕੇ ਨਿਰਬਾਹ ਕਰਨ ਵਾਲੇ, ਨਕ-

(੧) ਜੋ ਆਦਮੀ ਚੌਥੇ ਪ੍ਰਕਾਰ ਦੀ ਸ਼ਰਾਬ ਪੀਂਦਾ ਹੈ, ਆਤਮਾ ਕਰਕੇ ਮੂਰਖ ਹੈ। ਟੁਟੀ ਕੜਛੀ ਵਾਙੂ ਜਾਣੋ ਕੋਈ ਕੰਮ ਨਹੀਂ ਕਰ ਸਕਦਾ ਉਹ ਆਦਮੀ। (੨) ਮੰਦਾ ਚੰਗਾ ਕੁਝ ਨਹੀ ਜਾਣਦਾ ਮਾਨੁਖ ਮੁਰਦੇ ਦੇ ਸਮਾਨ ਹੁੰਦਾ ਹੈ। ਅਤੇ ਚੇਤਨਤਾ ਚਿਤ ਵਿਚ ਨਹੀ ਹੁੰਦੀ। ਇਹ ਸ਼ਰਾਬ ਸਾਰੇ ਰੋਗਾਂ ਦੀ ਖਾਣ ਹੈ। (੩) ਜੋ ਬਿਨਾਂ ਸੁਦਾਈ ਪਾਗਲ ਦੇ ਕੌਣ ਪੀਂਦਾ ਹੈ ਇਹੋ ਜਿਹੀ ਸ਼ਰਾਬ ਚੁਪ ਕ੍ਰਿਮ ਕਰਾਉਣ ਵਾਲੀ। ਸਾਰੇ ਹੀ ਰੋਗ ਤੇ ਦੁਖਾਂ ਦੇ ਦੇਣ ਵਾਲੀ। ਜੰਗਲ ਨੂੰ ਕੌਣ ਜਾਵੇ ਇਸ ਦੇ ਦੁਖ ਨਾਲ ਮਸਾਣਾਂ ਵਿਚ। ਅਰਥਾਤ ਜੰਗਲ ਨੂੰ ਮਰ ਜਾਂਦਾ ਹੈ।

Digitized by Panjab Digital Library | www.panjabdigilib.org

ਦਰ ਦਰ ਧੱਕੇ ਖਾਏ, ਰਬ ਸਤਾਏ, ਪਰ ਤਮਾਕੂ ਦੇ ਪ੍ਰੇਮੀ ਥੋਂ ਮੂੰ-
ਹ ਬੂਲਸਲੇ ਨਹੀ ਟਲਦਾ। ਕੋਈ ਸਵੇਰੇ ਉਠ ਕੇ ਪਾਠ ਪੂਜਾ
ਕਰੂ, ਕੋਈ ਜਾਪ ਕਰੂ, ਕੋਈ ਨਿਮਾਜ਼ ਪੜ੍ਹੂ, ਹੁੱਕੇ ਦੀ ਹੂਰੀ ਚਿ-
ਲਮ ਹੱਥ ਵਿਚ ਲਈ ਭੁਨ ਭੁੰਨੀਆਂ ਅਤੇ ਹਲਵਾਈਆਂ
ਦੀਆਂ ਹਟੀਆਂ ਤੇ ਗਾਲਾਂ ਖਾ ਰਹੇ ਹਨ। ਤਮਾਕੂ ਵਿਚ
ਇਕ ਹੋਰ ਵਾਧਾ ਹੈ, ਕਿ ਆਪਣੇ ਪ੍ਰੇਮੀਆਂ ਦੀ ਬੁਰੀ ਵਾਰੇ
ਉਹ ਦੁਰਦਸ਼ਾ ਕਰਦਾ ਹੈ, ਕਿ ਜਿਸ ਨੂੰ ਫੇਰ ਬਿਖਾ ਬਿਨ
ਹੋਰ ਕੋਈ ਦੂਰ ਨਹੀ ਕਰ ਸਕਦਾ। ਜ਼ਰਾ ਸੋਚੋ ਕਿਹੀ ਅਚ-
ਰਜ ਵਜੀਰੀ ਹੈ। ਜਾਤਾਂ ਭੁਜ ਤਾਂ ਦੀਆਂ ਜੂਠੀਆਂ ਚਿਲਮਾਂ
ਪੀਣੀਆਂ, ਰੋਗ ਸਹੇੜਨੇ, ਧਰਮ ਕਰਮ ਨੂੰ ਵੇਚਣਾ, ਧਨ ਖਰ-
ਚ ਕੇ ਦੁਰ ਦਰ ਤੇ ਫਿਰ ਰਕਰਾਉਣੀ। ਗਿਰਧਰ ਜੀ ਲਿਖਦੇ ਹਨ:-

ਹੁਕੇ ਨੈ ਹਰ ਮਤ ਖੁਈ ਨੇਮ ਧਰਮ ਗਿਆ ਛੂਟ।
ਅਨਾਜ ਵੇਚ ਕੇ ਲਏ ਤਮਾਕੂ ਗਈ ਪੀਏ ਕੀ ਫੂਟ।
ਗਈ ਪੀਏ ਕੀ ਫੂਟ, ਆਗ ਕਉ ਘਰ ਘਰ ਡੋਲੇ।
ਜਿਸ ਪੈ ਮਾਂਗੇ ਆਗ, ਵਹੀ ਅਕੜਾਤਾ ਬੋਲੇ।
ਕਹਿ ਗਿਰਧਰ ਕਵਿ ਰਾਇ, ਜਬ ਮੌਕਾ ਆਇਆ ਰੁਕਾ।
ਜਬ ਛੂਟੇਂਗੇ ਪ੍ਰਾਣ ਤਬੀ ਛੂਟੇ ਗਾ ਹੁੱਕਾ।

ਦੋਹਾ: ਤਲਬ ਤਮਾਕੂ ਕੀ ਲੀਏ ਭੂਜੇ ਜਲ ਗੁਲ ਹੂਕ।
ਹੁਕੇ ਹੀਕੇ ਧਯਾਨ ਮੈਂ ਹਕਾ ਭੂਲਯੋ ਮੂਕ।

**ਅਫੀਮ**

ਲਓ ਹੁਣ ਹਫੀਮ ਦੇ ਗੁਣ ਔਗਣਾਂ ਪੁਰ ਵਿਚਾ-
ਰ ਕਰੀਏ। ਹਫੀਮ ਗੋਲੀ ਠੀਕ ਹੈ। ਕਿਉਂ ਕਿ ਇਸ ਦੀ
ਗੋਲੀ ਹੀ ਵੱਟ ਕੇ ਖਾਂਦੇ ਹਨ। ਦੂਜਾ ਗੋਲਪੁਣਾ ਇ-
ਸ ਦਾ ਇਹ ਹੈ ਕਿ ਚਾਰ ਛੇ ਪਹਰ ਤਕ ਰੋਟੀ ਵਾਂਗੂ ਅਮਲੀ
ਨੂੰ-

ਖਦੀ ਹੈ; ਪਰ ਟੋਟ ਵੇਲੇ ਓਹੋ ਹਾਲ ਜੋ ਸ਼ਰਾਬ ਦੀ ਟੋਟ ਦਾ ਸਗੋਂ ਨਿਛਾਂ,ਤੇ ਅੱਖ ਨੱਕ ਵਿਚੋਂ ਪਾਣੀ ਵਾਧੇ ਦਾ ਵਗਣ ਲਗ ਪੈਂਦਾ ਹੈ।

ਅਫੀਮ ਦਾ ਗੋਲੀ ਹੋਣਾ ਇਉਂ ਭੀ ਹੈ, ਕਿ ਸ਼ਰਾਬ ਛਡਣ ਵਿਚ ਸ਼ਰਾਬੀ ਨੂੰ ਕੋਈ ਜਤਨ ਨਹੀ ਕਰਨਾ ਪੈਂਦਾ, ਕੇਵਲ ਮਨ ਕਰਕੇ ਤਿਆਗੀ ਸੋ ਤਿਆਗੀ ਗਈ ਤਨ ਕਰਕੇ ਸੁਖੀ ਹੋ ਜਾਂਦਾ ਹੈ, ਪਰੰਤੂ ਅਫੀਮ ਨੂੰ ਜੇ ਕੋਈ ਮਨ ਕਰਕੇ ਤਿਆਗੇ ਬੀ ਤਾਂ ਤਨ ਦੁਖੀ ਹੋ ਜਾਂਦਾ ਹੈ। ਜਦ ਤਕ ਕੋਈ ਉਥਾਂ ਸਿਆਣਾ ਕਿਸੇ ਜੁਗਤ ਨਾਲ ਨਾ ਛੁਡਾਵੇ, ਤਦ ਤਕ ਇਸ ਬਲਾ ਦਾ ਖਯੋਂਖਰਾ ਕਠਿਨ ਹੈ।

ਅਫੀਮੀ "ਗੋਲੀ ਦੇ ਸੇਵਕ" ਦੀ ਦਸ਼ਾ ਕਿਹੀ ਅਚਰਜ ਹੁੰਦੀ ਹੈ, ਅਖਾਂ ਦੀਆਂ ਪੁਤਲੀਆਂ ਸੁੰਗੜੀਆਂ ਹੋਈਆਂ, ਚਿਹਰੇ ਦੀ ਕ੍ਰਾਂਤ ਨਾਸ, ਆਲਸ ਤੇ ਨੀਂਦ੍ਰ ਕਰਕੇ ਉਂਘਲਾਣ, ਸਰੀਰ ਦੇ ਨਿਰਬਲ ਤੇ ਸੁਕੇ ਹੋਏ, ਜਿਥੇ ਬੈਠੇ ਉਥਾਂ ਦੀ ਬੇਪਰਵਾਹੀ, ਤੇ ਨੀਂਦ੍ਰ ਦਾ ਕੋਈ ਹਦ ਹਿਸਾਬ ਹੀ ਨਹੀ। ਕਦੀ ਤਾਂ ਚਾਰ ਪਹਰ ਦਿਨ ਤੇ ਚਾਰ ਪਹਰ ਰਾਤ ਸੁਤਿਆਂ ਲੰਘ ਗਏ, ਦੀਨ ਦੁਨੀਆਂ ਦੀ ਕੋਈ ਖਬਰ ਹੀ ਨਹੀ। ਕਦੀ ਜੇ ਨੀਂਦ੍ਰ ਉਖੜੀ ਤਾਂ ਸਾਰੀ੨ ਰਾਤ ਉਸਲਵੱਟੇ ਭੰਨਦਿਆਂ, ਉਬਾਸੀਆਂ ਲੈਂਦਿਆਂ, ਲਤਾਂ ਬਾਹਾਂ ਮਾਰਦਿਆਂ, ਢਿਡ ਘੁਟਦਿਆਂ ਉਠਦਿਆਂ ਬੈਠਦਿਆਂ, ਪਿਆਰੇ ਦੁਕ੍ਹਾਉਂਦਿਆਂ, ਪਿਟਦਿਆਂ ਰੋਂਦਿਆਂ ਅਫੀਮੀ ਦੀ ਰਾਤ ਜਾਂਦੀ ਹੈ, ਪਰ ਨੀਂਦ ਨਹੀ ਆਉਂਦੀ। ਜਜੇ ਮਜੇ ਦਿਨ ਚੜ੍ਹਿਆਂ ਉ-

ਠੇ, ਪਖਾਨੇ ਗਏ ਤਾਂ ਸਹੀ, ਪਰ ਹਫੀਮ ਨੇ ਆਂਦਾਂ ਨੂੰ ਜੰਦ੍ਰਾ ਮਾਰਿਆ ਹੋਇਆ ਹੈ, ਲਕ ਤੇ ਮੁਕੀਆਂ ਮਾਰੀ ਜਾਂਦੇ ਹਨ, ਜੋਰ ਨਾਲ ਕਿਲ੍ਹਦੇ ਹਨ। ਮੂੰਹ ਲਾਲ ਹੋ ਗਿਆ ਅਖਾਂ ਲਹੂ ਲੁਹਾਨ ਹੋ ਗਈਆਂ, ਪੁਟ ਪੁੜੀਆਂ ਦੀਆਂ ਨਾੜਾਂ ਫੁਪਕ ੨ ਕਰ ਰਹੀਆਂ ਹਨ, ਲਕ ਨੂੰ ਕੁਟੀ ਜਾਂਦੇ ਹਨ ਤੇ ਕਹੀ ਜਾਂਦੇ ਹਨ "ਨਿਕਲ ਓਏ ਦੁਸ਼ਟਾ ਨਿਕਲ। ਉਈ ਰਬਾ! ਨਿਕਲ ਓਇ ਭੈੜਿਆ ਮੈਂ ਤੈਨੂੰ ਖਾਂਦਾ ਤਾਂ ਨਹੀ" ਗਲ ਕੀ ਇਸ ਦੁਰਦਸ਼ਾ ਵਿਚ ਉਸਦਾ ਢੇਰ ਚਿਰ ਬੀਤ ਜਾਂਦਾ ਹੈ, ਪੈਰ ਸੌਂ ਜਾਂਦੇ ਹਨ, ਝਰਣਾਟ ਛਿੜ ਪੈਂਦੀ ਹੈ, ਸਿਰ ਭੌਣ ਲਗ ਜਾਂਦਾ ਹੈ, ਅਖਾਂ ਅਗੇ ਸਾਵੇ ਤੋਤੇ ਉਡਣ ਲਗ ਜਾਂਦੇ ਹਨ, ਮਸੇ ੨ ਪੁੜ ਜੇ ਮੇਦੀ ਵਧਾਈ ਲੈ ਕੇ ਉਠੇ, ਹਥ ਪਾਣੀ ਕਰਕੇ ਪੰਜ ਇਸ਼ਨਾਨਾ ਕੀਤ ਨਾਉਣ ਵਲੋਂ ਤਾਂ ਹਫੀਮੀ ਦੀ ਬੜੀ ਉਘੀ ਗਲ ਹੈ। "ਕਾਗਤ ਭਿਜੇ ਤਾਂ ਸੁਕਾਇਆਂ ਫਿਰ ਕਾਗਤ ਦਾ ਕਾਗਤ ਪਰ ਹਫੀਮੀ ਜਾਂ ਘੋੜੇ ਭਿਜੇ ਦਾ ਕਖ ਨਹੀ ਰਹਿੰਦਾ"। ਹਫੀਮੀ ਨੇ ਪਾਣੀ ਡਿਠਾ ਤੇ ਕਾਂਬੂ ਛਿੜ ਪਿਆ।

ਜੇ ਕਿਤੇ ਹਫੀਮ ਖਾਣ ਦਾ ਵੇਲਾ ਖੁੰਜ ਜਾਏ ਤਾਂ ਹਫੀਮੀ ਜੀ ਸਬਰ ਲਬੇ। ਅਚਵੀ ਤੇ ਖੁਸਣ, ਨਕ ਅਖਾਂ ਵਿਚੋਂ ਪਾਣੀ, ਹੁਣ ਮੋਏ ਖਬਰ ਨਹੀ ਘੜੀ ਹਨ ਕਿ ਪਲ, ਗਲ ਤਕ ਮੂੰਹੋਂ ਨਹੀ ਨਿਕਲਦੀ। ਜਦ ਚਿਨਿਆਂ ਬੇਗਮ ਮਿਲੀ ਜਾਨ ਵਿਚ ਜਾਨ ਆਈ, ਦੁਨੀਆਂ ਟਸਦੀ ਡਿਠੀ, ਚੋਠੇ, ਲਗੇ ਊਂਘਾ ਤੇ ਝੂਟੇ ਖਾਣ, ਇਥੋਂ ਤੀਕ ਕਿ ਉਂਘਲਾਉਂਦੇ ੨ ਮੱਥਾ ਜਿਮੀਨ ਨਾਲ ਠਿਨਕ-

ਰਦਾ ਜਾ ਠਣਕਦਾ ਹੈ। ਹੁਣ ਚੌਂਕੇ ਤਾਂ ਸਹੀ, ਪਰ ਅਖਾਂ ਨ-
ਹੀ ਖੁਲ੍ਹਦੀਆਂ, ਫਿਰ ਉਹੋ ਹਾਲ। ਜੇ ਕਿਸੇ ਪਾਸ ਬੈ-
ਠੇ ਨੈ ਉਬਾਸੀ ਲਈ, ਝਟ ਹਫੀਮੀ ਦਾ ਅਮਲ ਟੁਟ
ਗਿਆ। ਲਗੇ ਕੁੜ੍ਹ ਕੁੜ੍ਹਾਉਣ, ਕੁਝ ੨ ਮੂੰਹ ਵਿਚ ਬੜਬ-
ੜਾਉਣ, ਤੇ ਹਫੀਮ ਦੇ ਪਆਰੇ ਢੂੰਡਾਉਣ।

ਪਹਲੇ ਤਾਂ ਚਾਈਂ ੨ ਵਿਸ਼ਅ ਸੁਖ ਦੀ ਪ੍ਰੇਜ ਵਾਸਤੇ ਹ-
ਫੀਮ ਲਾਈ ਸੀ, ਤੇ ਅਨੰਦ ਦੀ ਖੂਬ ਪਾਇਆ ਸੀ। ਪ-
ਰ ਹੁਣ ਤਾਂ ਨਾੜੀਆਂ ਅਜਿਹੀਆਂ ਸਿਥਲ ਹੋਈਆਂ
ਹਨ ਕਿ ਕਿਸੇ ਗੱਲ ਜੋਗੇ ਰਹੇ ਹੀ ਨਹੀ, ਪਠੇ ਤੇ ਲਹੂ ਸ-
ਰੀਰ ਦਾ ਸੁਸਤ ਹੋ ਗਿਆ, ਮਾਸ ਘਟ ਗਿਆ, ਪਿੰਜਰ
ਨਿਕਲ ਆਇਆ, ਚਿਹਰੇ ਦੀ ਸੁੰਦਰਤਾ ਮਾਰੀ ਗਈ
ਦਲਿਦ੍ਰੀ, ਆਲਸੀ, ਸੁਖੀਲਾ ਤੇ ਹਠਰਖ ਹੋ ਗਿਆ।

ਦੈਵ ਨੇਤ ਜੇ ਹਫੀਮੀ ਨੂੰ ਕੋਈ ਰੋਗ ਲਗ ਗਿਆ
ਤਾਂ ਹਕੀਮਾਂ ਨੂੰ ਇਲਾਜ ਕਰਨੇ ਵੇਲੇ ਵਡਾ ਔਖ ਹੁੰਦਾ ਹੈ,
ਹਫੀਮੀ ਨੂੰ ਦਵਾ ਛੇਤੀ ਅਸਰ ਨਹੀ ਕਰਦੀ, ਕਿਉਂਕਿ ਉ-
ਸ ਦੀਆਂ ਧਾਤਾਂ(੧) ਤੇ ਉਪ ਧਾਤਾਂ(੨) ਹਫੀਮ ਰੂਪ ਹੋ ਗਈਆਂ ਹੁੰ-
ਦੀਆਂ ਹਨ, ਅਤੇ ਨਾਹੀ ਸਰੀਰ ਵਿਚ ਬਲ ਹੁੰਦਾ ਹੈ, ਹ-
ਕੀਮ ਬਾਕੀ ਹੁੰਦੇ ਹਨ, ਜੋ ਸੰਭਾਲਦੇ ਸਿਆਣੇ ਨੂੰ ਕਠ-
ਨ ਹੋ ਜਾਂਦੇ ਹਨ। ਹਫੀਮੀ ਨੂੰ ਕੈ ਕਰਾਉਣੀ, ਜੁਲਾਬ ਦੇ-
ਣਾ ਜਾਂ ਦਸਤ ਮੋੜਨੇ ਬੰਦ ਕਰਨੇ, ਕਿਸੇ ਸਿਰ ਦੇ ਰੋਗ ਦਾ
ਦਵਾ ਕਰਨਾ, ਹਕੀਮ ਲਈ ਕੋਈ ਖਾਲੇ ਜੀ ਦਾ ਵਾੜਾ ਨ-
ਹੀ, ਉਠੇ ਤੇ ਖਰਬੂਜਾ ਤੋੜ ਕੇ ਖਾ ਲਿਆ।

(੧) ਧਾਤਾਂ ਸਤ ਹਨ ੧ ਅੰਨ, ਰਸ, ਲਹੂ, ਮਾਸ, ਹਡੀ, ਮੱਜਾ, ਬੀਰਜ। (੨) ਤਿਨ ਦੋਸ਼ ਤਿਨ ਵਿਦਜੇ ਤ੍ਰੈਦੋਸ਼

(੧) ਚੀਨ ਪਰਬਤੀ ਮਾਲਵਾ ਮਾਰਵਾੜ ਕੀ ਠੀਕ।
ਪੋਸਤ ਤਨੁਜਾ ਘੋਰ ਬਿਖ ਮਾਚੇ ਤੇਤੁ ਰਫੀਕ।
(੨) ਬਲ, ਸ੍ਰੂਪ, ਬੀਰਜ, ਚੇਤਨਾ ਇਮ ਲੋਕੈ ਕਤ ਪ੍ਰਕਾਸ਼
"ਰਤੀ ਖਾਵੇ ਰਤ ਨੂੰ ਮਾਸ ਖਾਵੇ ਮਾਸ"।
(੩) ਘੋਰ ਨੀਂਦ ਤੰਦ੍ਰਾ ਨਿਲਜ ਬਿਟ ਬਧ ਅਧਕ ਸੁਤੇਦ
ਲਖ ਅੰਮ੍ਰਿਤ ਬਿਖ ਭਖਤ ਜਗ ਧਰਹਿ ਅਨੰਦ ਪ੍ਰਮੋਦ।

ਅਫਸੋਸ ਇਨੇ ਔਗਣਾ ਦੀ ਭਰੀ ਨੀਚ ਇਹ ਚੀਜ ਲੋਕੀ ਖਾਈ ਜਾਂਦੇ ਹਨ, ਹਜਾਰ ਦੁਖੀ ਹੋਣ ਪਰ ਨਹੀ ਸਮਝਦੇ। ਹਜਾਰਾਂ ਹਫੀਮੀ ਡਿਠੇ ਪਰ ਸਭ ਦਾ ਅੰਤ ਭੈੜਾ ਡਿਠਾ।

ਵਾਹ ਵਾਹ ਭੰਗ ਦੇਵੀ ਕਿਹੀ ਚਤੁਰ ਸੂਪ ਤਾਰ ਹੈ। ਕੜ-ਛੀ ਰੂਪ ਸੋਟਾ ਸਰੀਰ ਹਥ ਵਿਚ, ਟੋਕਨੀ ਰੂਪ ਸੁਨਹ-ਰਾ ਸਿਰ ਹਾਂਦੀ ਪਵਾਦੀ। ਮਗਜ, ਕਾਸਨੀ ਬਦਾਮ ਮੁਲਠੀ ਮਰਚਾਂ ਖਸਖਾਸ ਦੁਧ ਮਿਠਾ ਆਦਿ ਮਿ-ਸਾਲੇ ਦਾਰ ਪਦਾਰਥ, ਜਿਸ ਦੇ ਨਾਲ ਰਗੜੇ ਦੀ ਅੰ-ਗ ਵਿਚ ਪਕੇ ਹੋਏ, ਤੇ ਪੁਣ ਕੇ ਪ੍ਰੇਮੀ ਭੰਗੀ ਪੁਰਸ਼ ਬਾਇਆਂ ਦੇ ਬਾਟੇ ਪੈਰਾਂ ਭਾਰ ਬੈਠੇ ਹੋਏ ਝੀਕੇ ਝੀਕ ਚ-ੜ੍ਹ ਰਹੇ ਹਨ। ਮਸਤੀ ਚੜ੍ਹੀ, ਸਿਆਰ ਦੀ ਸੁਧ ਰੁੜ੍ਹੀ, ਅ-

(੧) ਚੀਨ, ਪਹਾੜ, ਮਾਲਵਾ ਮਾਰਵਾੜ ਇਨਾਂ ਦੇਸਾਂ ਦੀ ਬਹੁਤ ਚੰਗੀ ਹੁੰਦੀ ਹੈ। ਪੋਸਤ ਦੀ ਧੀਹ-ਫੀਮ, ਕਰੜੀ ਜਹਰ। ਮਾਰਵਾੜੀ ਲੋਕ ਹਫੀਮ ਦੇ ਪ੍ਰੇਮੀ ਮਾਚੇ ਤੇਤੁ ਕਰੀਦੇ ਹਨ, ਤਿਨਾਂ ਦੀ ਪਰ-ਮ ਪਿਆਰੀ ਹੈ। (੨) ਸਰੀਰ ਦਾ ਬਲ ਅਤੇ ਅਕਲ ਤੇ ਬੀਰਜ ਚੇਤੰਨਤਾ ਸਭ ਹਫੀਮ ਖਾ ਲੈਂਦੀ ਹੈ, ਲੋਕ ਬੀ ਇਉਂ ਕਹਿੰਦੇ ਹਨ। ਰਤੀ ਭਰ ਹਫੀਮ ਸਰੀਰ ਦਾ ਲਹੂ ਨਹੀ ਛਡਦੀ, ਅਤੇ ਮਾਸ, ਅਫੀਮ ਮਾਸ ਨੂੰ ਖਾ ਜਾਂਦੀ ਹੈ। (੩) ਘੋਰ ਨੀਂਦਰ, ਆਲਸ ਬੇ ਹਯਾਈ ਕਬਜੀ ਖੁਸਕ ਅਜਰਦੀ ਆਦਿਕ ਦੇਣ ਵਾਲੀ; ਜਗਤ ਰੂਪੀ ਹਫੀਮ ਨੂੰ ਅੰਮ੍ਰਿਤ ਵਰਗੀ ਜਾਣਕੇ ਖਾ ਰਿਹਾ ਹੈ ਸੰਸਾਰ, ਚਿਤ ਵਿਚ ਪ੍ਰੇਮ ਅਤੇ ਪ੍ਰਸੰਨਤਾ ਰਖਕੇ।

Digitized by Panjab Digital Library | www.panjabdigilib.org

ਖਾਂ ਘੁਟੀਂਦੀਆਂ ਜਾਂਦੀਆ ਹਨ, ਸੰਕਲਪ ਦੀ ਤਾਰ ਜਿਧਰ 
ਬਝੀ ਸੋ ਬਝੀ, ਜੇ ਕਿਤੇ ਚਿੜੀ ਉਡਦੀ ਆਈ ਜਾਵਿਆਂ
ਢੀਂਡਾ ਹੈ, ਝਟ ਲੰਮੇ ਪੈ ਗਏ, ਢੀਂਡਾ ਲੰਘ ਗਿਆ ਤਾਂ ਉਠ
ਬੈਠੇ। ਹੁਣ ਲਗੇ ਚੰਦ ਵਲ ਵੇਖਣ, ਤਾਰ ਬਝ ਗਈ, ਪ੍ਰ-
ਤੀਤ ਹੋਇਆ ਕਿ ਚੰਦ ਡਿਗਦਾ ਆਉਂਦਾ ਹੈ। ਬਹੁਤ ਚਿਰ
ਤਕ ਜੋ ਇਕ ਟਕ ਵੇਖਦੇ ਰਹੇ, ਗਿਚੀ ਥਕ ਗਈ, ਇੰਨੇ
ਤਾਈਂ ਅਖ ਝਮਕੀ ਗਈ, ਝਟ ਚੌਂਕ ਉਠੇ "ਚੰਦ ਡਿਗ
ਪਿਆ ਚੰਦ ਡਿਗ ਪਿਆ" ਅਖਾਂ ਮਲ ਕੇ ਉਪਰ ਵਲ
ਵੇਖਦੇ ਹਨ, ਤਾਂ ਚੰਦ ਓਥੇ ਦਾ ਓਥੇ ਹੀ, ਇਧਰ ਗਰਦਨ ਬੀ
ਦੁਖਦੀ ਹੈ, ਹੱਕੇ ਬੱਕੇ ਬੈਠੇ ਹਨ, ਸਮਝ ਵਿਚ ਕੁਝ ਆ-
ਉਂਦਾ ਹੀ ਨਹੀ, ਛੇਕੜ ਇਹ ਸਮਝੇ ਕਿ ਗਿਚੀ ਵਿਚ ਲ-
ਤ ਮਾਰ ਕੇ ਫੇਰ ਉਤੇ ਚੜ੍ਹ ਗਿਆ। ਜੇ ਕਿਤੇ ਰੋਣ ਬੈਠੇ ਤਾਂ
ਚੁਪ ਨਹੀ, ਜੇ ਹਸਣ ਬੈਠੇ ਤਾਂ ਬਸ ਨਹੀ। ਭੰਗੀ ਦੇ ਭੋ-
ਜਨ ਦਾ ਅਚਰਜ ਹਾਲ ਹੈ।

ਅਫੀਮ ਚਬਾਏ ਰੇਵੜੀਆਂ ਤੇ ਪੋਸਤ ਚਬਾਏ ਗੰਨੇ
ਭੰਗ ਵਿਚਾਰੀ ਆਲੀ ਭੋਲੀ ਜੋ ਆਵੇ ਸੋ ਬੰਨੇ।

ਪਰ ਮਿਠੇ ਪਦਾਰਥ ਦੀ ਚਾਹ ਭੰਗੀ ਨੂੰ ਬਹੁਤ ਹੁੰਦੀ ਹੈ। ਜਿ-
ਉਂ੨ ਅਮਲ ਚੜ੍ਹਦਾ ਜਾਂਦਾ ਹੈ, ਤਿਉਂ੨ ਭੱਖ ਅਭੱਖ ਕੱਚੇ
ਪੱਕੇ ਦੀ ਪਰਖ ਥੋਂ ਬਿਨਾਂ ਅੰਨੇ ਵਾਹ, ਹਪ ਗੜਪ ਖਾ-
ਈ ਹੀ ਜਾਂਦਾ ਹੈ। ਇਥੋਂ ਤਕ ਕਿ ਪਕੌੜੀਆਂ ਦੇ ਭੁਲੇਖੇ
ਮੋਛਣਾ, ਖਿਚੜੀ ਦੀ ਥਾਂ ਖਲ ਵੰਡ ਵੜੇਵੇਂ, ਮਲਾਈ
ਦੇ ਭੁਲੇਖੇ ਸਿਰ ਦੀ ਟੋਪੀ, ਗੁੜ ਦੇ ਭੁਲੇਖੇ ਮਿਟੀ ਆ-
ਦਿਕ ਪਦਾਰਥ ਭੰਗੀ ਖਾ ਗਏ, ਪਰ ਭੰਗ ਦੇ ਨਸ਼ੇ ਵਿਚ ਪਤ॰

ਨਾਲ ਲੱਗਾ। ਅਫਸੋਸ !!!

ਭੰਗੀ ਸੁਤਾ ਪਿਆ ਓਹ ਘੁਰਾੜੇ ਮਾਰਦਾ ਹੈ, ਕਿ ਘ-
ਰ ਵਿਚ ਬਾਲ ਬਚੇ ਡਰ ੨ ਉਠਦੇ ਹਨ। ਤਿਲ ਸਰੀਰ ਨਾਲੋਂ
ਗਿਠ ਉਚਾ ਅਜਿਹਾ ਕਰੂਪ ਲਗਦਾ ਹੈ, ਕਿ ਅਸ੍ਵਾਲ ਵੀ ਦੇ-
ਖਕੇ ਸ਼ਰਮਾਵੇ। ਕਿਸੇ ੨ ਵੇਲੇ ਪਾਸਾ ਪਰਤਦੇ ਹਨ ਤਾਂ ਅਧੋਵ-
ਯੂ ਇਸ ਜ਼ੋਰ ਨਾਲ ਸਰਦੀ ਹੈ, ਕਿ ਛੋਟੀ ਮੋਟੀ ਗਡ੍ਹੀ ਦੇ ਆ-
ਕੀ ਭਾਵੇਂ ਇਨਾਂ ਤੋਪਾਂ ਦੀ ਫਲਕ ਤੇ ਨਸ ਜਾਣ। ਨੀਂਦ੍ਰ ਦੇ ਉਂਘ-
ਲਟੇ ਹੋਏ ਆਂਦ੍ਰੀਆਂ ਵਾ ਆਂਦ੍ਰੀਆਂ ਦੇ ਭਾਣੇ ਕੋਈ ਛਤ ਕ-
ੜਕ ਰਹੀ ਹੈ। ਸਵੇਰੇ ਉਠੇ ਤਾਂ ਸਰੀਰ ਸਿਥਲ, ਢਿਡ ਆ-
ਫਰਿਆ ਹੋਇਆ, ਨਕ ਮੂੰਹ ਸਿਘ ਸੁਕ ਕੇ ਲੱਕੜ, ਜੀ ਕ-
ਚਾਰ, ਢੇਹਦੇ ਡਿਗਦੇ ਪਖਾਨੇ ਪਹੁੰਚੇ। ਪਰ ਅਫਸੋਸ ਭੰ-
ਗ ਦੇ ਨਸ਼ੇ ਵਿਚ ਜੋ ਅਲਮ ਗਲਮ ਖਾ ਗਏ ਸਨ, ਉਸ ਨੇ
ਆਂਦ੍ਰਾਂ ਵਿਚ ਠੱਕਾ ਪਾ ਛਡਿਆ ਹੈ। ਹਕੀਮੀ ਵਾਙੂ ਭੰਗੀ
ਦੀ ਕਬਜ਼ ਬੀਤਾਙੀ ਕਰਣੀ ਹੁੰਦੀ ਹੈ। ਇਹ ਤਾਂ ਅੰਦਰ ਮੌ-
ਜ ਵਿਚ ਹਨ, ਤੇ ਬਾਹਰ ਹੋਰ ਉਮੈਦਵਾਰ ਖੜੇ ਖੰਘੂਰ ਰਹੇ
ਹਨ। ਭੰਗੀ ਜੀ ਊਂਘਾਂ ਵਿਚ ਮਸਤ ਹਨ, ਇਨਾਂ ਊਂਘਾਂ ਵਿ-
ਚ ਇਕ ਅਜਿਹਾ ਝੂਟਾ ਆਇਆ ਕਿ ਖੜੱਪ ਕਰਦੇ ਅਗ-
ਲੇ ਪਾਸੇ……। ਬਾਹਰ ਦੇ ਲੋਕ ਖਿੜ ਖਿੜਾ ਕੇ ਹਸ
ਪਏ। ਸਿਰ ਮੂੰਹ ਪੂੰਝਦੇ ਲੋਟਾ ਲੈ ਇਕ ਪਾਸੇ ਹੋਏ। ਬ-
ੜੇ ਚਿਰ ਪਿਛੋਂ ਭੰਗੀ ਨੇ ਨਾਉਣ ਤਾਂ ਕੀਤਾ ਪਰ ਪੇਟ ਵਿ-
ਚ ਕੁਰਕੁਰੀ ਹੋ ਰਹੀ ਹੈ, ਕਿਸੇ ੨ ਵੇਲੇ ਕੋਈ ੨ ਤੋਪ ਵੀ
ਦਗ ਜਾਂਦੀ ਹੈ। ਸਰੀਰ ਮੁੰਜ ਵਾਙੂ ਭੁਜਾ ਹੋਇਆ ਹੈ,
ਆਲਸ ਨੇ ਰਗ ੨ ਵਿਚ ਘਰ ਕੀਤਾ ਹੋਇਆ ਹੈ। ਭੁਖ

Digitized by Panjab Digital Library | www.panjabdigilib.org

ਦਾ ਨਾਉਂ ਨਿਸ਼ਾਨ ਨਹੀ। ਗੱਲ ਕਾਹਦੀ ਇਕੁਰ ਹੀ ਆਲਸ ਤੇ ਉਬਾਸੀਆਂ ਵਿਚ, ਫੇਰ ਭੰਗ ਦਾ ਵੇਲਾ ਆਗਿਆ। ਉਠੇ, ਰਗੜੇ ਲਾਏ, ਪੀਤੀ, ਫੇਰ ਉੱਲੂ ਦੇ ਉੱਲੂ। ਨਸ਼ੇ ਵਿਚ ਭੁਖ ਚਮਕ ਉਠਣ ਦੇ ਕਾਰਣ ਅਲ ਪਲ ਖਾ ਜਾਂਦਾ ਹੈ, ਜਿਸ ਦਾ ਫਲ ਇਹ ਹੁੰਦਾ ਹੈ, ਕਿ ਕਈ ਤਰਾਂ ਦੇ ਪੇਟ ਦੇ ਰੋਗ ਉਪਜ ਪੈਂਦੇ ਹਨ, ਤੇ ਰੋਜ ਦੀ ਭੰਗ ਦਿਮਾਗ ਤੇ ਪਠਿਆਂ ਉਪਰ ਅਜਿਹਾ ਅਸਰ ਕਰਦੀ ਹੈ, ਜੋ ਅੰਤ ਨੂੰ ਖਫਕਾਨ ਤੇ ਸੁਦਾ ਹੋ ਜਾਂਦਾ ਹੈ, ਅਰ ਕਈ ਰ ਆਦਮੀ ਪੁਣਾ ਬੀ ਗੁਆ ਬੈਠਦੇ ਹ-
ਹਨ।

ਜਿਸ ਘਰ ਭੰਗ ਨਾ ਮੰਗਣ ਕੇਹਾ।
ਜਿਸ ਘਰ ਭੰਗ ਤਾ ਲਿਖਣ ਕੇਹਾ।
ਰੁੱਖਾ ਸੁੱਖਾ ਮਾਖੀ ਜੇਹਾ।
ਸਾਰਾ ਦੇਹੁ ਵਿਸਾਖੀ ਜੇਹਾ॥
ਮਖੀ ਹਰ ਰਾਤ ਕਰ ਘੋਂਸਲਾ ਭੰਗੀ ਕੇ ਮੁਖ ਸਾਚ।
ਘੂੰਮ ਹੋਤ ਘੂੰ ਘੂੰ ਪ੍ਰਗਟ ਕਹੈ ਰਹੇ ਰਸ ਮਾਚ॥

ਕੁਝ ਚਿਰ ਠਹਰ ਕੇ ਸਿੱਧ ਸਾਹਬ ਜੀ ਬੋਲੇ - ਕਿਉਂ ਭਾਈ ਜੀ ਚਰਸ ਆਪਨੇ ਖਾਸ ਖ਼ਾਸ ਅਰ ਬਾਤ ਅੰਤਰੰਗ ਸਖੀ ਕਹੀ ਸੀ। ਠੀਕ ਹੈ! ਜੇਹੀ ਰਾਣੀ ਤੇਹੀ ਸਖੀ ਜਿਸ ਦਾ ਨਿਤ ਨਵਾਂ ਗੁਲ ਖਿੜਦਾ ਹੈ। ਰਾਣੀ ਦਾ ਨਸ਼ਾ ਚੜ੍ਹਦਿਆਂ ਤਾਂ ਕੁਝ ਚਿਰ ਲਗਦਾ ਹੈ, ਕਿਉਂ ਕਿ ਉਸ ਦੀ ਮਸਤ ਚਾਲ ਅਮੀਰਾਨਾ ਹੈ, ਪਰ ਇਹ ਖ਼ਾਸ ਅਜਿਹੀ ਚੰਚਲ ਹੈ, ਕਿ ਉਧਰੋਂ ਇਸ ਦਾ ਧੂੰਆਂ ਹੋਣਾਂ ਤਕ ਪੁਜਾ ਝਟ ਸਿਰ ਚਕ੍ਰ ਵਿਚ। ਇਧ-

Digitized by Panjab Digital Library | www.panjabdigilib.org

ਤੇ ਚਿਲਮ ਵਿਚੋਂ ਧੂਆਂ ਧਾਰ ਲੰਬ ਨਿਕਲੀ, ਉਪਰ ਚ-
ਰਸੀ ਹੂਰੀ ਉਲੂ; ਅਖੀਂ ਰਤ੍ਹ ਗਈਆਂ, ਖਆਲ ਵਡੇ
ਤਉਚੇ ਹੋ ਗਏ। ਭਾਈ ਜੀ ਆਪਨੈ ਭੁਲਕੇ ਇਸ ਨੂੰ ਵਹ-
ਲਣ ਬਣਾਇਆ, ਇਹ ਤਾਂ ਸ਼ਰਾਬ ਕੌਰ ਦੀ ਮਾਸੀ ਨਾ-
ਣੀ ਜਾਪਦੀ ਹੈ। ਆਪ ਨੂੰ ਚਰਸੀਆਂ ਦਾ ਹਾਲ ਮਲੂਮ
ਨਹੀ, ਉਹ ਸ਼ਰਾਬ ਨੂੰ ਚਰਸ ਦੇ ਸਾਮ੍ਹਣੇ ਤੁਛ ਜਾਣਦੇ ਹ-
ਨ। ਲਓ ਤੁਹਾਨੂੰ ਚਰਸ ਦੀ ਅਸਲ ਦਸੀਏ:—

ਮੋਟੀ ਭੰਗ ਦੇ ਪਤਾਂ ਦੀ ਰੇਹ ਵਡੇ ਅਤਨ ਨਾਲ
ਕਠੀ ਕੀਤੀ ਹੋਈ ਦਾ ਨਾਮ ਚਰਸ, ਗਾਂਜਾ ਹੈ। ਇਸ ਦੀ
ਗੋਲੀ ਜਿਹੀ ਚਿਲਮ ਵਿਚ ਰੱਖ ਕੇ, ਹੁਕੇ ਵਾਙੂ ਜ਼ੋਰ ਨਾ-
ਲ ਧੂਆਂ ਖਿਚਦੇ ਹਨ, ਜਿਸਨੂੰ ਚਰਸ ਦਾ ਦਮ ਸਦਦੇ-
ਹਨ, ਉਹ ਧੂਆਂ ਸਿਰ ਦੇ ਪਠਿਆਂ ਤੇ ਵਡੀ ਛੇਤੀ ਅਸ-
ਰ ਕਰਦਾ ਹੈ, ਅਰਥਾਤ ਉਨ੍ਹਾਂ ਨੂੰ ਸੁਸਤ ਕਰਕੇ ਨਸ਼ਾ ਉਤਪ
ਤ ਕਰ ਦਿੰਦਾ ਹੈ। ਸਿਰ ਭੌਣ ਲਗ ਜਾਂਦਾ ਹੈ, ਚਰਸੀ ਅ-
ਸਤ ਵਿਅਸਤ ਬਕਣ ਲਗ ਜਾਂਦਾ ਹੈ। ਅਰ ਥੋੜੇ ਦਮਲ
ਕੇ ਅਮਲ ਵਿਚ ਅਜਿਹਾ ਗੁਟ ਹੁੰਦਾ ਹੈ, ਕਿ ਆਪਣੇ
ਆਪ ਨੂੰ ਪਰਮੇਸੁਰ ਜਾਂ ਕੋਈ ਹੋਰ ਮਹਾਂਨ ਪੁਰਖ ਮੰਨ ਬੈ-
ਠਦਾ ਹੈ, ਜੇ ਕਰ ਥੋੜੀ ਪੀਕੇ ਬਸ ਕਰ ਦੇਵੇ, ਤਾਂ ਹੋਸ਼ ਬ-
ਣੀ ਰਹਿੰਦੀ ਹੈ। ਜੇਕਰ ਦਮ ਤੇ ਦਮ ਤੇ ਸੂਟੇ ਤੇ ਸੂਟਾ ਅੰ-
ਨੇਵਾਹ ਲਾਈ ਗਿਆ ਤਾਂ ਮੂਲੋਂ ਬਿਸੁਧ ਹੋ ਜਾਂਦਾ ਹੈ। ਕ-
ਦੀ ਤਾਂ ਇਹ ਬੇਹੋਸ਼ੀ ਦੋ ਚਾਰ ਪਹਰਾਂ ਮਗਰੋਂ ਆਪੇ ਹੀ
ਹਟ ਜਾਂਦੀ ਹੈ। ਕਦੀ ਮੌਤ ਦਾ ਡਰ ਹੋ ਜਾਂਦਾ ਹੈ, ਤਦ ਸਿ-
ਆਣਿਆਂ ਦੇ ਵਸ ਪੈਂਦਾ ਹੈ। ਵਡੇ ਦੁਖ ਤੇ ਜਤਨਾਂ ਨਾਲ ਹੋ-

Digitized by Panjab Digital Library | www.panjabdigilib.org

ਸ਼ ਆਉਂਦੀ ਹੈ। ਪਰ ਕਿਸੇ ੨ ਵੇਲੇ ਹਕੀਮਾਂ ਦੀ ਵਾਹ ਬੀ ਨਹੀ ਚਲਦੀ। ਚਰਸੀ ਹੁਰੀ ਨਸ਼ੇ ਵਿਚ ਹੀ ਤੁਰ ਜਾਂਦੇ ਹਨ।

ਜਦ ਹੋਸ਼ ਆਈ ਤਾਂ ਅੰਗ ੨ ਭਜ ਰਿਹਾ ਹੈ, ਸੁਸਤੀ ਦੇ ਤੋੜੇ ਲਗੇ ਹੋਏ ਹਨ, ਕਲੇਜਾ ਧੜਕ ਰਿਹਾ ਹੈ, ਉਦਾਸੀ ਤੇ ਉਬਾਸੀ ਆ ਰਹੀ ਹੈ, ਅਫਰੀ ਦੰਮ ਨਹੀ ਲੈਣ ਦਿੰਦੀ, ਕਲੇਜੇ ਵਿਚ ਘੇਰੀਆਂ ਪੈ ਰਹੀਆਂ ਹਨ। ਇਹ ਵੇਟ ਪ੍ਰਾਣਾਂਤ ਤਕ ਪੁਚਾ ਸਕਦੀ ਹੈ; ਅਵਸ਼ ਪੀਣੀ ਪਈ; ਪੀਤੀ ਤਾਂ ਨੇਮ, ਬੱਝਾ, ਨੇਮ ਬੱਝਾ ਤਾਂ ਦੁਨੀਆਂ ਦੇ ਕੀਮਾ ਧੀਧਿਆਂ ਥੋਂ, ਮਾਨੋ ਜੀਉਂਦੇ ਹੀ ਮਰ ਗਏ। ਨੇਮੀਆਂ ਦੇ ਚਿਹਰੇ ਕਰੂਪ, ਬਲ ਤੇ ਨੀਂਦ੍ਰ ਦਾ ਨਾਸ, ਭੁਖ ਦਾ ਬੁਰਾ ਹਾਲ, ਧਾਤ ਖੀਣ, ਨਾਤੀਮੀ ਨਾਮਰਦ, ਵਾਧਾ ਇਹ ਕਿ ਖੁਸਰਾ ਬੀ ਨਹੀ, ਧੜਕਾ ਕੰਪਵਾਤ, ਅਫਾਰਾ, ਢਿਡਪੀੜ, ਚਿਤਭ੍ਰਮ, ਸੁਭਾਉ ਭਰਾਕਲ, ਉਨਮਾਦ ਤੇ ਮੂਰਛਾ ਆਦਿਕ ਰੋਗ ਪਰਗਟ ਹੋ ਪੈਂਦੇ ਹਨ। ਓੜਕ ਅਚਵੀ ਦਸਤ ਮਰੋੜ ਜਾਂ ਦਮਾ ਆਦਿ ਕੋਈ ਪ੍ਰਬਲ ਹੋ ਜਾਂਦਾ ਹੈ; ਇਸ ਦੁਰਦਸ਼ਾ ਵਿਚ ਨਿਰਬਲ ਨਿਢਾਲ ਹੋਕੇ, ਚਰਸ ਤੇ ਚਰਸ ਖਾਨਾ ਤੇ ਚਰਸੀ ਭਰਾ ਭਾਈ ਸਭ ਰੋਂਦੇ ਕੁਰਲਾਂਦੇ ਛਡਕੇ ਦੂਸਰੇ ਜਹਾਨ ਨੂੰ ਰਾਹੀ ਹੁੰਦਾ ਹੈ। ਇਸ ਖ੍ਯਾਸ ਥੋਂ ਬਿਨਾ ਫਕੀਰਾਂ ਦੀ ਲਿਵ ਨਹੀ ਲਗਦੀ, ਇਸ ਥੋਂ ਬਾਝ ਢਉਂਏ ਪੀਲੇ ਨਹੀ ਹੁੰਦੇ। ਇਸ ਗਾਂਜੇ ਥੋਂ ਬਿਨਾਂ ਔਲਿਆਈ ਤੇ ਪੀਰੀ ਨਹੀ ਫੁਰਦੀ, ਸਚ ਕਿਹਾ ਹੈ "ਕਹਤ ਕਮਲੇ ਸੁਨਤ ਬਾਵਰੇ"।

ਚਰਸੀ ਜਿਥੇ ਬੈਠੇ ਖੰਘਾਰਾਂ ਦੇ ਢੇਰ, ਭਜੀਆਂ ਟੁਟੀਆਂ ਚਿਲਮਾਂ, ਸੁਆਹ, ਕੂੜਾ, ਦੁਰਗੰਧੀ, ਖੰਘ, ਬਕਦਾ

ਸ: ਇਸ ਕਾਰਣ ਚਰਸੀ ਨੂੰ ਸਭ ਬਾਂਹਟਰ ਤੇ ਦੂਰ ਰਹੁ-
ਦੀ ਰਹਿੰਦੀ ਹੈ। ਬਿਨਾ ਚਰਸੀ ਦੇ ਕੋਈ ਸਤਕਾਰ ਨਹੀਂ ਕ-
ਰਦਾ

ਚਰਸੀ ਜੀ ਸੜ ਗੁਲ ਭਏ ਅਕਲ ਉੜੀ ਧੂੰ ਰਾਹ;
ਪਿੰਜਰ ਲੇਟਤ ਸੂਹ ਮੈਂ ਖਾਂਸਤ ਆਹ ਕਰਾਹ।
ਗਾਂਜਾ ਨੈ ਮਾਂਜਾ ਦੀਆ ਪਤ ਮਤ ਧਨ ਸਭ ਸਾਫ;
ਮਦ ਅੰਧਾ ਈ ਸੂਰ ਬਨੇ, ਡਾਂਟੇ ਪਰ ਕਹਿ ਮਾਫ।

ਵਾਹ ਮਹਾਰਾਜ, ਕਾਰਦਾਰੀ ਚੇਰੇ ਨੂੰ ਸੌਂਪੀ ਜੇ, ਜਿਸਦਾ ਨਾਂ ਹੀ ਚੰਡੂ ਖਾਂ ਹੈ, ਉਹ ਕਿਉਂ ਨਾ ਹਨੇਰੇ ਚੇਰ ਰਖਾਉਂਦਾ ਹੋਊ। ਪਹਲੇ ਦੇਖੋ ਗੋਲੀ ਦਾ ਪੁਤ, ਦੂਜੇ ਇਹ ਚੰਡੂ ਬਾਜ ਇਸ ਦੇ ਡੇਰਾ ਟਜਣ ਥੋਂ ਪਹਲੋਂ ਹੀ ਲੰਮਾ ਪੈ ਜਾਂਦਾ ਹੈ, ਤੀਜੇ ਇਸ ਦੇ ਡੇਰੇ ਦਾ ਨਾ ਦਵਾ ਨਾ ਮੰਤ੍ਰ। ਲਓ ਤੁਹਾਨੂੰ ਇਸ ਦੀ ਕਾਰਦਾਰੀ ਦਸੀਏ। ਚੰਡੂ ਬਾਜ ਹੁਰੀ ਅਫੀਮ ਪਕੀ ਹੋਈ ਬੂਕ ਅਰਥਾਤ ਸਿਲਾਈ ਦੇ ਸਿਰੇ ਤੇ ਚੁਕ ਕੇ ਜਗਦੇ ਲੈਂਪ ਪੁਰ ਰਖ ਕੇ ਗਰਮ ਕਰਦੇ ਹਨ, ਤਾਂ ਉਹ ਫੁਲ ਬੁਲਾ ਜਿਹਾ ਬਣ ਜਾਂਦੀ ਹੈ। ਫੇਰ ਪੋਟਿਆ ਨਾਲ ਰਗ ਘੁਟ ਕੇ ਸੇਕਦੇ ਹਨ, ਜਦ ਸੜ ਉਠਣ ਦੇ ਨੇੜੇ ਪਹੁਚੀ ਤਾਂ ਨਕਾਲੀ (ਜੋ ਬਾਂਸ ਦੀ ਨਲੀ ਦੇ ਸਿਰੇ ਤੇ ਲਗੀ ਹੁੰਦੀ ਹੈ) ਦੇ ਛੇਕ ਵਿਚ ਰਖ ਦਿਤੀ, ਤੇ ਨਕਾਲੀ ਨੂੰ ਲੈਂਪ ਦੀ ਲਾਟ ਉਤੇ ਕਰ ਦਿਤਾ, ਹਫੀਮ ਧੁਖਣ ਲਗ ਜਾਂਦੀ ਹੈ, ਤੇ ਪ੍ਰੇਮੀ ਜੀ ਬਾਬੂ ਦੇ ਰਸਤੇ ਧੂੰਆਂ ਖਿਚ ਰਹੇ ਹਨ। ਅਫੀਮ ਸੜ ਕੇ ਇਕੀ ਬਨ ਗਈ

Digitized by Panjab Digital Library | www.panjabdigilib.org

ਇਸ ਦਾ ਨਾਉਂ ਇਕ ਛੀਂਟਾ ਹੈ। ਅਮਲ ਚੰਡੂ ਬਾਜ ਦੇ ਸਿ-
ਰ ਚੜ੍ਹਿਆ, ਬਾਬੂ ਰਖ ਦਿਤਾ, ਹੁਣ ਛੋਟੇ ਲੋਟੇ ਕੁਝ ਖੋ-
ਆ, ਮਲਾਈ, ਕੜਾਹ, ਖੀਰ ਆਦਿ ਖਾ ਰਹੇ ਹਨ, ਹੁਕ-
ਗੁੜਗੁੜਾ ਰਹੇ ਹਨ।

ਇਸੇ ਜੁਗਤ ਨਾਲ ਕਈ ਛੀਂਟੇ ਪੀਤੇ ਗਏ। ਇਕੀ
ਅਰਥਾਤ ਹਫੀਮ ਦਾ ਸਾੜ ਛੀਂਟਿਆਂ ਵਿਚ ਜਾਗ ਸਮਝ
ਕੇ, ਰਲਾ ਕਰ ਕੇ ਉਡਾਈ ਜਾਂਦੇ ਹਨ। ਜਦ ਅਮਲ ਦੀ ਤਾਰ
ਬਝੀ ਤਾਂ ਜੋ ਪਏ ਤਦ ਪਏ ਹੀ ਰਹੇ। ਜੇ ਬੈਠੇ ਤਾਂ ਪਿਣ-
ਕਾਂ ਖਾਦਿਆਂ ਚਾਰ ਪਹਰ ਬੀਤੇ, ਜੇ ਕਿਸੇ ਪਾਸੇ ਡਿਗੇ
ਤਾਂ ਡਿਗੇ ਹੀ ਰਹੇ। ਜੇ ਕਿਸੇ ਹਿਲਾਇਆ ਜੁਲਾਇਆ ਤਾਂ ਚੌਂਕ
ਉਠੇ। ਵਾਧਾ ਚੰਡੂ ਦਾ ਇਹ ਕਿ ਭਾਵੇਂ ਕਿੰਨਾ ਹੀ ਪੀਏ ਬਸ
ਨਹੀ। ਹੋਰ ਤਾਂ ਸੱਭੇ ਗਲਾਂ ਇਸ ਵਿਚ ਹਫੀਮ ਦੀਆਂ
ਹਨ, ਪਰ ਦੋਂਹ ਵਿਚ ਫਰਕ ਹੈ। ਇਕ ਤਾਂ ਚੰਡੂ ਵਿਚ ਹ-
ਫੀਮ ਦੀ ਕਬਜੀ ਨਹੀ। ਦੂਸਰੇ ਚੰਡੂ ਹਟੇਂ ਲੰਘਿਆ ਹੋ-
ਇਆ ਭਾਂਵੇਂ ਜੀ ਕਚਾ, ਉਕਾਈਆਂ ਸਿਰ ਪੀੜ, ਭੁਖ
ਬੰਦ ਸੁਸਤੀ ਆਦਿਕ ਰੋਗ ਕਰ ਦਿੰਦਾ ਹੈ, ਪਰ ਹਫੀਮ
ਵਾਙੂ ਬੇਹੋਸ਼ੀ ਦੀ ਮੌਤ ਨਹੀ ਦਿੰਦਾ।

ਪਰ ਚੰਡੂ ਬਾਜ ਦਾ ਸਰੀਰ ਅਚਰਜ ਢਾਂਚ ਦਾ
ਹੋ ਜਾਂਦਾ ਹੈ। ਲਹੂ ਮਿਝ ਮਾਸ ਮੂਲੋਂ ਸੁਕ ਸੜ ਜਾਂਦੇ ਹ-
ਨ, ਛਿਤ ਕੋਟ ਕਿਰਲੀ ਵਾਙੂ ਨਾਲ ਲਗਾ ਹੋਇਆ, ਚਿ-
ਹਰਾ ਫਿਕਾ ਉਦਾਸ ਤੇ ਸੁਸਤ, ਬਲ ਦਾ ਨਾਸ, ਆਲ-
ਸ ਤੇ ਦਲਿੱਦ੍ਰ ਰੱਜ ਕੇ। ਦਿਨ ਚੜ੍ਹਿਆ ਤਾਂ ਚੰਡੂ ਦਾ
ਆਹਰ। ਰਾਤ ਪਈ ਤਾਂ ਚੰਡੂ ਦਾ ਫਿਕਰ। ਸਾਡੇ ਦੇਖਦਿ-

Digitized by Panjab Digital Library | www.panjabdigilib.org

-ਆਂ ਕਈ ਘਰ ਇਸ ਨੇ ਉਜਾੜੇ। ਪੂਰਬ ਵਿਚ ਕਈ ਨ-
ਵਾਬੀਆਂ ਇਸ ਨੇ ਗਾਰਕ ਕੀਤੀਆਂ। ਤੇ ਕਈ ਕਮਾਊ
ਟੁਕੜਿਆਂ ਤੋਂ ਆਤਰ ਹੋ ਗਏ।

ਇਕ ਧਨਾਢ ਦਾ ਤੁਹਾਨੂੰ ਹਾਲ ਸੁਣਾਈਏ।
ਪਹਲੇ ਪਹਲੇ ਕਿਸੇ ਭੈੜੇ ਦੀ ਖੋਟੀ ਸੰਗਤ ਨਾਲ ਇਕ
ਅਧਾ ਛੀਂਟਾ ਪੀਤਾ, ਅਜਿਹਾ ਸੁਆਦ ਪਿਆ ਕਿ ਘ-
ਰ ਨੂੰ ਚੰਡੂ ਖਾਨਾ ਬਣਾ ਦਿਤਾ, ਮਹੀਆਂ ਲਵੇਰੀਆਂ ਖੇ-
ਤਾਂ ਦੀਆਂ ਬੋਰੀਆਂ ਮੇਵਾ ਬਦਾਮ ਪਿਸਤਾ, ਛੁਹਾਰੇਆ
ਦਿਕਾਂ ਦੇ ਮਟ ਨੌਕਰ ਚਾਕਰ ਇਸ ਕਾਰਦਾਰ ਦੀ ਖਾਤ੍ਰ ਹਾ-
ਜਰ ਕਰ ਦਿਤੇ। ਹਜਾਰਾਂ ਰੁਪੈ ਲਾਕੇ ਚੰਡੂ ਖਾਨਾ ਸਜਾਇ-
ਆ। ਉਧਰੋਂ ਧੂਆਂ ਧੁਖਿਆ, ਉਧਰੋਂ ਮੁਖਤਖੋਰੇ ਮ-
ਖੀਆਂ ਵਾਕਰ ਹਾਜਰ, ਕਰੇ ਕੁਸਾਮਤੀ ਅਣਗਿਣ-
ਤ; ਆਪੋ ਆਪਣੇ ਘਰ ਫੂਕ, ਮੁਆਤਿਆਂ ਜੇਡੇ ਬ
ਥੁ ਹਥਾਂ ਵਿਚ ਲੈਕੇ, ਇਸ ਦੇ ਘਰ ਬੀ ਧੁਖਾ ਰਹੇ ਹਨ, ਬਸ
ਹੁਣ ਸੁਲਗਣ ਦੀ ਢਿਲ ਹੈ। ਦੋਸਤਾਂ ਦੀ ਖਾਤਰ ਜੇਕਰ
ਚੰਡੂਖਾਨੇ ਵਿਚ ਸੌ ਰੁਪਿਆ ਖਰਚ ਹੋ ਗਿਆ ਹੈ, ਤਾਂ ਕੁਝ
ਪਰਵਾਹ ਨਹੀ, ਜੇ ਪੰਜ ਸੌ ਉਡ ਗਿਆ ਹੈ, ਤਾਂ ਕੋਈ ਵਿ-
ਚਾਰ ਨਹੀ, ਜੇ ਹਜਾਰ ਸਾੜਕੇ ਧੂਆਂ ਕਰ ਦਿਤਾ ਹੈ, ਤਾਂ
ਕੋਈ ਗਿਣਤੀ ਨਹੀ। ਬਸ ਘਰ ਵਿਚ ਦੂਜੇ ਆਦਮੀ
ਦਾ ਨਾਂਉ ਨਹੀ, ਚੰਡੂਬਾਜ ਹੀ ਚੰਡੂਬਾਜ। ਇਸ ਦੇ ਹਨ
ਵਹੁਟੀ ਜੋ ਨਿਤ ਹੋੜਦੀ ਸੀ, ਪੇਕੇ ਕਢ ਦਿਤੀ। ਸਾਰੇ ਦਿਨ
ਦੀ ਮਸਤੀ ਨੇ ਆਉਂਦਣ ਦੇ ਰਸਤੇ ਬੰਦ ਕਰ ਦਿਤੇ ਤੇ
ਖਰਚ ਦੀ ਨਹਰ ਵਿਚ ਹੜ੍ਹ ਆਏ ਹੋਏ ਹਨ। ਨਕਦੀ

Digitized by Panjab Digital Library | www.panjabdigilib.org

ਤੇ ਗਹਣਾ ਤਾਂ ਕਰਜ ਦਾਰ ਲੈ ਗਏ। ਫੇਰ ਮਕਾਨ ਹਵੇਲੀਆਂ 
ਕੁਰਕ ਹੋਏ। ਪਲੇ ਕਖ ਨਹੀ, ਬਦਾਮ ਤੇ ਮਲਾਈਆਂ
ਕਿਥੋਂ ਆਉਣ, ਨੌਕਰਾਂ ਦੇ ਦਰਮਾਹੇ ਸਿਰ ਚੜ੍ਹੇ ਹਨ
ਕੁਝ ਵਡੇ ਵਡੇਰਿਆਂ ਦੇ ਵੇਲੇ ਦੀ ਜਮੀਨ ਤੇ ਬਗੀਚੇ
ਸਨ, ਸੋ ਪਾਂਧੇ ਪਏ ਲਗੇ ਮੁਹਾਰਨੀ ਬੋਲਣ, ਜੋ ਕੁ-
ਝ ਦਾਇਆ ਸੋ ਚੰਡੂ ਖਾਂਦੇ ਵੱਟੇ ਖਾਤੇ ਪਿਆ। ਗਲ
ਕਾਹਦੀ ਰੁਪੈ ਦੀ ਮਿਠਾਸ ਘਟ ਜਾਣ ਕਰਕੇ ਮਖੀਆਂ
ਉਡਣ ਲਗੀਆਂ। ਚੰਡੂਖਾਨਾ ਬੰਦ ਹੋ ਗਿਆ। ਟਕੇ ਦੀ
ਮਲਾਈ ਮੰਗਾਈ ਇਕਲੇ ਬੈਠੇ ਧੂਆਂ ਧੁਖਾ ਰਹੇ ਹ-
ਨ, ਉਹ ਬੀ ਕਿਥੋਂ? ਵਹੁਟੀ ਨੂੰ ਪੇਕਿਓਂ ਸਦਾ ਲਿਆ
ਚਾਰ ਟੂਮਾਂ ਜੋ ਉਸ ਦੇ ਉਦਾਲੇ ਸਨ ਓਹ ਬੀ ਚੰਡੂ ਦੇ ਮੂੰ-
ਹ ਉਡ ਗਈਆਂ। ਪਰ ਉਹੋ ਨੰਗ ਦੇ ਨੰਗ। ਪਰ ਸੁ-
ਭਾਉ ਵਿਗੜਿਆ ਹੋਇਆ, ਅਮਲ ਦਾ ਸੁਆਦ
ਨਹੀ ਟੋਟ ਹਣ ਪੈਰ ਭੰਨਦੀ ਹੈ। ਹੁਣ ਇਛੀ ਕਢ ਖਾ-
ਣ ਲਗੇ। ਅੰਤ ਨੂੰ ਇਨੇ ਥੋਂ ਬੀ ਰਹੇ। ਘੁਸ ਮੁਸੇ ਵੇਲੇ
ਨਿਕਲੇ ਕਿਸੇ ਚੰਡੂਖਾਨੇ ਜਾਂਦੇ ਨੇ। ਕੋਈ ਇਕ ਅਧ ਛੀਂਟਾ
ਕਿਸੇ ਰਬ ਤਰਸੀ ਪਿਲਾ ਦਿਤਾ। ਪਰ ਇਨੇ ਨਾਲ
ਟੋਟ ਦਾ ਟੋਟਾ ਪੂਰਾ ਨਹੀ ਹੋ ਸਕਦਾ। ਲਗੇ ਆਨੇ ਬਹਾ-
ਨੇ ਇਛੀ ਘੋਲ ਜਾਂ ਗਾਂਢੂ ਧੋ ਧੋ ਕੇ ਪੀਣ। ਜਾਂ ਇਸ ਥੋਂ ਬੀ
ਰਹੇ ਤਾਂ ਜੋਗਾ (ਹਕੀਮ ਦੀ ਮੈਲ) ਲੱਭ ਕੇ ਖਾਣ ਲਗੇ। ਇਹ
ਜੋਗਾ ਮੌਤ ਦਾ ਘਰ ਹੁੰਦੀ ਹੈ। ਇਕ ਦਿਨ ਇਹ ਜੋਗਾ ਆਂ-
ਦਾਂ ਵਿਚ ਫਸ ਗਈ। ਢਿਡ ਪੀੜ ਅਜਿਹੀ ਉਠੀ ਕਿ ਇ-
ਲਬਰ ਚੂਹੜੇ ਹੋ ਗਏ। ਇਸ ਵੇਲੇ ਕੋਈ ਆਸ ਨਹੀ ਬ-

Digitized by Panjab Digital Library | www.panjabdigilib.org

ਣਦਾ। ਜਿਨਾਂ ਮਿਤ੍ਰਾਂ ਨੇ ਇਸ ਨੂੰ ਚੂਣ ੨ ਕੇ ਖਾਧਾ ਸੀ, ਓਹ ਇਕ ਅਧੀ ਦੀ ਜਲੇਬੀ ਵੀ ਨਹੀ ਲੈ ਦਿੰਦੇ। ਕੋਈ ਇਸ ਵੇਲੇ ਇਨੀ ਸਹਾਇਤਾ ਨਹੀ ਕਰਣ ਜੋਗਾ ਕਿ ਵਿਚਾਰੇ ਨੂੰ ਘਰ ਤਕ ਤਾਂ ਪੁਚਾ ਦੇਵੇ। ਛੇਕੜ ਤੜਫ ੨ ਕੇ ਉਠੇ, ਢਿਡ ਨੂੰ ਹਥਾਂ ਨਾਲ ਘੁਟਦੇ ਹਾਇ ੨ ਕਰਦੇ ਢੇਹਦੇ ਡਿਗਦੇ ਮਰ ੨ ਕੇ ਘਰ ਪਹੁੰਚੇ। ਕਰਮਾਂ ਦੀ ਸੜੀ ਤੀਮੀ ਤੇ ਬਚੇ ਅਗੇ ਇਸ ਦੇ ਹਥੋਂ ਸੜੇ ਹੋਏ ਸਨ। ਨਾ ਇਨਾਂ ਨੇ ਕਿਸੇ ਨੂੰ ਕਦੀ ਖਿੜੇ ਮਥੇ ਬੁਲਾਇਆ ਸੀ, ਤੇ ਨਾ ਹੀ ਇਨਾਂ ਨੂੰ ਕੋਈ ਦੇਖਣਾ ਚਾਹੁੰਦਾ ਸੀ। ਆਕੇ ਭੁਏਂ ਪੈ ਗਏ ਤੇ ਲਗੇ ਹਾਇ ੨ ਕਰਨ। ਅੰਤ ਨੂੰ ਉਸੇ ਵਹੁਟੀ ਨੇ ਜਿਸ ਨੂੰ ਇਨਾਂ ਨੇ ਖਾਕਸ਼ਾਹ ਕਰ ਦਿਤਾ ਸੀ, ਕੋਲ ਆਈ ਪੁਛਿਆ ਅਜ ਕੀ ਹੈ? ਬਾਲਾਂ ਨੂੰ ਸੌਣ ਬੀ ਨਹੀ ਦਿੰਦੇ ਬੋਲੇ ਅਜ ਕਾਰਦਾਰੀ ਦਾ ਮੈਲਾ ਖਾ ਗਿਆ, ਸੋ ਢਿਡ ਪੀੜ ਨਾਲ ਜਾਨ ਚਲੀ ਹੈ।

ਦੇਖੋ, ਇਹ ਓਹੋ ਚੋਤੂ ਬਾਜ ਹੈ, ਜਿਸਦੇ ਚੋਤੂ ਖਾਨੇ ਵਿਚ ਸੈਂਕੜੇ ਰੁਪੈ ਧੂਏ ਦੇ ਮੂੰਹ ਉਡਦੇ ਸਨ, ਅਣਗਿਣਤ ਨੌਕਰ ਚਾਕਰ ਸਾਮ੍ਹਣੇ ਖੜੇ ਬਰ ੨ ਕੇ ਖੜੇ ਸਨ। ਕਚੇ ਖੁਸ਼ਾਮਤੀ ਹਰ ਵੇਲੇ ਵਡਿਆਈ ਦੇ ਛਪੜ ਲਾਹੁੰਦੇ ਸਨ, ਪਾਣੀ ਦੀ ਥਾਂ ਲਹੂ ਡੁਹਲਦੇ ਸਨ ਹੁਣ ਕੋਈ ਭੜੂਆ ਉਸ ਵਲ ਅਖ ਭਰਕੇ ਨਹੀ ਤਕਦਾ। ਉਸੇ ਸੜੀ ਕੁੜੀ ਦੁਖਿਆਰਨ ਤੀਮੀ ਨੇ ਟਕੋਰ ਕੀਤੀ, ਸਾਰੀ ਰਾਤ ਸਿਰਾਣੇ ਬੈਠੀ ਰਹੀ। ਉਕਰ ਰੋਂਦਿਆਂ ਪਿਟਦਿਆਂ ਦਿਨ ਚੜ੍ਹਿਆ। ਕੋਈ ਡਾਂਤਾ ਦੀਡਰ

ਗਾਹਣੇ ਰਖਕੇ ਹਕੀਮ ਨੂੰ ਸਦਿਆ ਦਵਾ ਦਾਰੂ ਪੁਛਿਆ 
ਤਾਂ ਉਸ ਨੈ ਉਲਟੀ ਆਹਰੀ ਸੁਣਾਈ, ਭਈ ਜੁਲਾਬ ਕ-
ਰਾਓ, ਜੋਗਾ ਨਿਕਲੇ ਤਾਂ ਅਰਾਮ ਆਵੇ, ਜਦ ਤਕ ਜੁਲਾ-
ਬ ਨਾ ਹੋ ਚੁਕੇ ਹਫੀਮ ਨਾ ਖਾਵੇ। ਇਸ ਵੇਲੇ ਚੈਤੂ ਬਾ-
ਜ਼ ਦੀ ਦਸ਼ਾ ਦੇਖਣ ਜੋਗ ਸੀ। ਪੀੜ ਕਹਰ ਦੀ, ਮੂੰਹ
ਤੇ ਕਰੀਆਂ ਤੇਲੀਆਂ, ਸਰੀਰ ਠੰਢਾ ਠਾਰ, ਹਫੀਮ
ਦੀ ਟੋਟ, ਅਰਣੀ, ਖੁਸਣ, ਉਤੋਂ ਜੁਲਾਬ ਦੀ ਅਗ
ਫੂਕੀ ਗਈ, ਸਿਧ ਸੁਕ ਗਿਆ, ਜੀਭ ਲਕੜ ਹੋ ਗ-
ਈ, ਪਾਣੀ ਦੀ ਤਾਂਘ, ਵਿਚਦ ਹਕੀਮ ਹੁਰੀ ਤਤਾ ਪਾਣੀ
ਪਿਲਾ ਪਿਲਾ ਦੇਂਦੇ ਹਨ। ਦਸਤ ਆਉਂਦਾ ਨਹੀ ਜੋ-
ਗਾ ਗਿਲਟਾ ਬਣ ਕੇ ਫਸ ਗਿਆ, ਨਿਕਲਦਾ ਨਹੀ।
ਢਿਡ ਆਫਰ ਗਿਆ। ਟੋਟ ਹਦ ਤਕ ਪੁਜੀ। ਨਕ ਅ-
ਖਾਂ ਵਿਚੋਂ ਪਾਣੀ ਵਗਣ ਲਗਾ। ਉਬਾਸੀਆਂ ਨਿਛਾਂ
ਨੈ ਜੋਰ ਪਾ ਦਿਤਾ, ਹਿਡਕੀ ਵੀ ਆਉਣ ਲਗ ਪਈ।
ਹਕੀਮ ਹੁਰੀ ਨਬਜ਼ ਫੜੀ ਬੈਠੇ ਤਮਾਸ਼ਾ ਦੇਖਣ ਲ-
ਗੇ ਕਿ ਇਨੇ ਨੂੰ ਚੈਤੂ ਬਾਜ ਨੈ ਪੋਤਰੀ ਵਾਙੂ ਅਖਾਂ ਫੇ-
ਰ ਲਈਆਂ, ਲੰਮੇ ਸਾਹ ਆਉਣ ਲਗੇ। ਇਨੇ
ਵਿਚ ਮੂੰਹ ਵਿਚ ਇਕ ਲਾਲ ਬੁਲਬੁਲਾ ਸੁਗ ਦਾ ਆ-
ਗਿਆ, ਤੇ ਚੈਤੂ ਬਾਜ ਸੈਂਆ ਵਰਿਹਾਂ ਦਾ ਹੋ ਗਿਆ।

(੨) ਧਨ ਭੂਮਿਆ ਪਤਿ ਰਾਖ ਕਰ ਮਤ ਉਨਮਤ ਤਾ ਮਾਂਹਿ
ਸਨਬੰਧ ਸਿਰ ਕਰਜ ਧਰ ਚੈਤੂ ਪ੍ਰਿਅ ਮਰ ਜਾਂਹਿ।

(੧) ਧਨ ਪਦਾਰਥ ਨੂੰ ਭੂਇ ਰਾਹ ਉਡਾ ਕੇ, ਇਜ਼ਤ ਸੁਆਹ ਵਿਚ ਰਲਾ ਕੇ, ਅਕਲ ਹੋਸ਼ ਨੂੰ ਬੇਦਕੂਫੀ ਵਿਚ। ਪੁਤਾਂ ਪੋਤ੍ਰਿਆਂ ਦੇ ਸਿਰ ਕਰਜ ਚੜ੍ਹਾ ਕੇ, ਚੈਤੂ ਦਾ ਪਾਗਾ ਚੈਤੂ ਬਾਜ ਨਰਕ ਨੂੰ ਮਰ ਜਾਂਦਾ।

Digitized by Panjab Digital Library | www.panjabdigilib.org

ਚਾਂਡੂ ਬਾਜ ਦਾ ਇਹ ਭਿਅੰਕਰ ਹਾਲ ਸੁਣ ਕੇ ਕੰਬ
ਉਠੇ। ਸਿੱਧ ਸਾਹਬ ਨੇ ਵੇਖਿਆ ਕਿ ਇਨਾਂ ਪੁਰ
ਹੁਣ ਅਸਰ ਹੋਣਾ ਸ਼ੁਰੂ ਹੋ ਗਿਆ। ਲਗਦੇ ਹਥ
ਮਦਕ ਤੇ ਪੋਸਤ ਦੇ ਔਗਣ ਭੀ ਕਹ ਦਈਏ
ਇਸ ਤਰਾਂ ਬੋਲੇ. ਕਿ ਮਦਕ ਸਭ ਪੁਰਸ਼ਾਂ ਨੂੰ
ਖਰਾਬ ਕਰਦੀ ਹੈ, ਕਿਉਂ ਕਿ ਗੋਲੀ ਦੀ ਪੀਂਦੇ ਹੈ। ਰੋਗੀ ਤਲੀਅ-
ਕਲ ਨੂੰ ਕਿਹਾ ਅਚਰਜ ਹੈਂਸਾ ਛੇੜਦੀ ਹੈ। ਪਤ, ਮਤ, ਧਨ
ਦੌਲਤ ਨੂੰ ਕੂਨੇ ਵਾਙੂ ਫੂਕ ਕੇ ਠੇਕੇਦਾਰਾਂ ਦੇ ਘਰ ਪੂ-
ਰਾ ਦੇਣਾ ਇਸੇ ਦਾ ਹੀ ਕੰਮ ਹੈ। ਆਪ ਜਾਣਦੇ ਹੋ ਮਦ-
ਕ ਕੀ ਵਸਤ ਹੈ?

ਥੋੜੀ ਜਿਹੀ ਹਫੀਮ ਤੇ ਕਿੱਕਰ ਦੇ ਪੱਤੇ ਕੁੱਟ ਕੇ ਗੋ-
ਲੀ ਕੀਤੀ ਹੋਈ, ਜਾਂ ਭੰਗ, ਕਿੱਕਰ ਤੇ ਮੇਂਹਦੀ ਦੇ ਪਤੇ ਕੁ-
ਟ ਕੇ ਗੋਲੀ ਬਨੀ ਹੋਈ ਨੂੰ ਨਿਕੀ ਜਿਹੀ ਚਿਲਮ ਵਿਚ
ਰਖ ਕੇ ਸੁੱਕੇ ਹੁੱਕੇ ਉਤੇ ਟਿਕਾ ਕੇ, ਚਰਸ ਵਾਕਰ ਦਮ ਲਾ-
ਉਂਦੇ ਹਨ। ਜਦ ਧੂਆਂ ਛਡਦੇ ਹਨ ਤਾਂ ਚਿਲਮ ਵਿਚੋਂ
ਮਤਾਬੀ ਵਰਗੀ ਇਕ ਲਾਟ ਨਿਕਲਦੀ ਹੈ। ਇਧਰਮ-
ਦਕੀ ਆਮਲ ਵਿਚ ਗੁਣ।

ਮਦਕ ਦਾ ਆਮਲ ਚਰਸ ਜਾਂ ਚੰਡੂ ਦੇ ਲਗ-
ਭਗ ਹੀ ਹੈ, ਕੋਈ ਜ਼ਿਮਾ ਫਰਕ ਨਹੀਂ। ਜੇਈ ਕਿ ਦੂਹਾਂ
ਦੇ ਅਵਗੁਣ ਤਲੇ ਪਰਤਲੇ ਪਾ ਕੇ ਵਿਖਾ ਚੁਕੇ ਹਾਂ। ਫ-
ਰਕ ਨਿਰਾ ਇਨਾ ਹੈ, ਕਿ ਮਦਕ ਜਾਂ ਚਰਸ ਪੀ ਕੇ ਆਦ-
ਮੀ ਬੇਸੁਧ ਤੇ ਉਸੇ ਬੇਸੁਧੀ ਵਿਚ ਮਰ ਵੀ ਜਾ ਸਕ-
ਦਾ ਹੈ। ਪਰ ਚੰਡੂ ਨਾਲ ਬੇਸੁਧ ਨਹੀਂ ਹੁੰਦਾ, ਅਤੇ ਨਾਹੀ

Digitized by Panjab Digital Library | www.panjabdigilib.org

ਬੇਸੁਧੀ ਵਿਚ ਮਰਦਾ ਹੈ। ਭਾਵੇਂ ਸਿਰ ਪੀੜ੍ਹ, ਸੀ ਕਥਾ, ਉਕਾਰੀ, ਉਂਘਾਂ ਪਿਣਕਾਂ ਦੀਆਂ ਸਟਾਂ ਨਾਲ ਕੁਸ਼ੋਹੇ ਜਾਵੇ।

ਚੁਰਟ ਤਮਾਕੂ ਚਰਸ ਪੁਨ ਮੱਦਰ ਚੋਡੂ ਪਾਂਚ
ਪਾਂਚੋਂ ਚੇਤਨ ਨਾਸ ਹੈ, ਜੋ ਸੇਵੇ ਇਨ ਸਾਚ।

ਪਿਆਰੇ ਭਾਈ ਜੀ ਏਹ ਪੰਜੇ ਧੂੰਏਂ ਵਾਲੇ ਨਸ਼ੇ ਅਖਾਂ ਕੰਨ, ਨਕ ਜੀਭ ਤੁਚਾ, ਇਨ੍ਹਾਂ ਪੰਜਾਂ ਦੀ ਚੇਤਨ ਸਤਾ ਦਾ ਨਾਸ ਕਰ ਦਿੰਦੇ ਹਨ। ਆਪ ਦੇ ਦਰਬਾਰੀ ਕਿਹੇ ਕਾਰਦਾਰ ਹਨ। ਅਫਸੋਸ!!!

ਪੋਸਤ ਜਮਾਦਾਰ

ਸਚ ਹੈ ਇਸ ਨਵਾਬੀ ਵਿਚ ਗੋਲੀ ਦਾ ਪਿਉ ਮਿਰਜ਼ਾ ਪੋਸਤ ਬੇਗ ਹੀ ਜਮਾਦਾਰੀ ਦੇ ਲਾਇਕ ਹੈ। ਕੂੰਡੇ ਦੀ ਚਪੜਾਸ ਤੇ ਸਾਫੀ ਦਾ ਪਟਲਾ ਜਦ ਦੇਖੇ ਤਿਆਰ, ਨਾਲ ਮਲਾਉਣ ਪੁਣਾਉਣ ਨੂੰ ਮਜ਼ਕੂਰੀ ਗਾਹੀ ਬਹੁਤ, ਪਿਣਕਾਂ ਦੀ ਹਕੂਮਤ, ਚਾਰੇ ਚਕ ਜਗੀਰ।

ਨੌਸੌਂ ਚੁਟਕੀ ਸਠ ਮਰੋੜਾ ~~~ ਤਾਂ ਪੋਸਤ ਦੀ ਗਰਮੀ ਤੋੜਾ।

ਵਡੇ ਵੇਲੇ ਉਠੇ ਪੋਸਤ ਕੂੰਡੇ ਵਿਚ ਮਲਣ ਬੈਠ ਗਏ, ਕਰੋ ਰੋਟੀ ਵੇਲੇ ਤਾਈਂ ਮਲ, ਪੁਣ ਬਾਟਾ ਭਰ ਪੈਰਾਂ ਭਾਰ ਬੈਠੇ ਨਿਘੇਰ ਗਏ। ਉਠੇ ਦਿਸ਼ਾ ਪਾਣੀ ਗਏ। ਹਕੀਮੀ ਪੋਸਤੀ ਦਾ ਝਾੜਾ ਇਕੋ ਜਿਹਾ, ਨਾਹੁਣਾ ਧੋਣਾ ਬੀ ਇਕੋ ਜਿਹਾ। ਹਥ ਮੂੰਹ ਧੋਤਾ ਰੋਟੀ ਦੇ ਵਿਹਲੇ ਹੋ ਗਏ। ਖਾਪੀ ਉਂਘਾ ਪਿਣਕਾਂ ਵਿਚ ਹੀ ਲੇਟ ਗਏ। ਅਖਾਂ ਮਲਦੇ ਉਠੇ, ਝਟ ਪੋਸਤ ਮਲਣ ਬੈਠ ਗਏ। ਆਪ ਜਾਣਦੇ ਹੋ ਇਸ ਕੈਮ ਥੋਂ ਬਿਨਾਂ ਪੋਸਤੀ ਨੂੰ ਹੋਰ ਕੋਈ ਆਹਰ

ਹੀ ਨਹੀ ਹੁੰਦਾ, ਵਡੇ ਪ੍ਰੇਮ ਨਾਲ ਪੂਣ ਬਣਾ ਕੇ ਪੀਤਾ ਜ-
ਦ ਅਮਲ ਜਰਾ ਟੁਟ ਹੋਇਆ। ਲਗੇ ਮਿਠੇ ਪਦਾਰਥ ਬ
ਗੀਨੇ ਸੀਨੇ ਢੂੰਡਣ। ਨਾਲੇ ਕੁਝ੨ ਖਾਂਦੇ ਹਨ, ਤੇ ਕੁਝ੨
ਮੌਜਾਂ ਪਿਣਕਾਂ ਦੀਆਂ ਲੈ ਰਹੇ ਹਨ। ਜੇ ਕਿਤੇ ਛਿੜੇ ਤਾਂ
ਲਗੇ ਗਪਾਂ ਮਾਰਨ, ਜ਼ਿਮੀਂ ਅਸਮਾਨ ਦੇ ਕੁਲਾਬੇ ਮਿ-
ਲਾਉਣ। ਜੇ ਪਿਣਕ ਦੀ ਤਾਰ ਬਝ ਗਈ ਤਾਂ ਚਕੀਰਾਹ
ਵਾਂਗੂ ਮਥਾ ਜ਼ਿਮੀਨ ਨਾਲ ਠੋਕ ਰਹੇ ਹਨ। ਜੇ ਕੁਝ ਖਾਦਿ-
ਆਂ ਪਿਣਕ ਆ ਗਈ, ਤਾਂ ਅਧ ਵਿਚੀ ਮੂੰਹ ਵਿਚ ਰ-
ਹ ਗਈ, ਲਾਲਾਂ ਵਗ ਰਹੀਆਂ ਹਨ। ਲੌਢਾ ਵੇਲਾ ਹੋ-
ਗਿਆ, ਤ੍ਰਬਕ ਉਠੇ, ਕਿਤੇ ਇਕ ਅਧੀ ਉਬਾਸੀ ਆ ਗ-
ਈ ਅਮਲ ਟੁਟ ਗਿਆ। ਛੇਤੀ੨ ਪੋਸਤ ਤਿਆਰ ਕਰ-
ਕੇ ਪੀਤਾ, ਰਾਤ ਪੈ ਗਈ, ਪਿਣਕਾਂ ਦੀ ਤਾਰ ਬਝ ਗਈ ਰੇ-
ਵੜੀਆਂ, ਲਾਚੀਦਾਣੇ ਗੁੜ ਹਥ ਹੈ, ਅਖਾਂ ਖਜਾਨੇ ਦੇ
ਬੂਹੇ ਵਾਂਗੂ ਬੰਦ, ਥੋੜਾ ਸਿਰ ਨੀਵਾਂ ਕੀਤਾ, ਫੇਰ ਉਚਾ, ਫਿਰ
ਨੀਵਾਂ ਫੇਰ ਉਚਾ, ਜਰਾ ਕੁ ਠਹਰੇ, ਫੇਰ ਚਲੇ ਲਿਮੀ ਝੋਕ, ਹੁ-
ਣ ਮਥਾ ਪਤੰਗ ਦੀ ਗੋਤ ਵਾਂਗੂ ਚਲਿਆ ਥੱਲੇ, ਚਲਦ-
੨ ਤੇਨ ਕਰਕੇ ਭੋਂ ਨਾਲ ਵਜਾ! ਤ੍ਰਬੱਕ ਕੇ ਉਠੇ, ਅਖਾਂ ਮ-
ਲ ਕੇ ਵੇਖਦੇ ਹਨ। ਹੋਸ਼ ਆਈ, ਮੂੰਹ ਦੀਆਂ ਲਾਲਾਂ
ਪੂੰਝੀਆਂ, ਮੂੰਹ ਵਿਚਲਾ ਪਦਾਰਥ ਖਾਧਾ। ਹਥ ਵਿ-
ਚਲਾ ਖਾਂਦੇ ਹੋਏ, ਘਰ ਨੂੰ ਸੌਣ ਉਠ ਤੁਰੇ। ਰਸਤੇ ਵਿਚ
ਕੋਈ ਤੀਵੀਂ ਖਾਉਂਦ ਲੜ ਬੋਲ ਰਹੇ ਸਨ। ਖਾਉਂਦ ਨੈਂ
ਪੋਸਤੀ ਨੂੰ ਦੇਖ ਕੇ ਇਕ ਇਹ ਸੋਹਲਾ ਬੀ ਵਹੁਟੀ ਨੂੰ ਚੁ-
ਕ ਸੁਣਾਇਆ, ਕਿ "ਜੇ ਬਹੁਤੀ ਟੀਂ ਪੀ ਕੀਤੀ ਤਾਂ ਤੈਨੂੰ ਪ-

ਸਤੀ ਦੇ ਹਵਾਲੇ ਕਰ ਦਿਉਂ" ਇਹ ਗਲ ਪੋਸਤੀ ਦੇ ਕੰਨੀ
ਵੀ ਪੈ ਗਈ। ਝਟ ਉਸੇ ਬੂਹੇ ਕੋਲ ਪੇਸ਼ਾਬ ਕਰਨ ਬੈਠ
ਗਏ। ਬੈਠਿਆਂ ਪਿਣਕ ਆ ਗਈ। ਇਕ ਤੀਮੀ ਤ੍ਰਿਞ-
ਣੇ ਜਾਂਦੀ ਨੇ ਉਸ ਨੂੰ ਗੁਟ ਦੇਖ ਕੇ ਪਗ ਲਾਹ ਲਈ ਤੇ
ਇਕ ਪੂਣੀ ਉਸ ਦੇ ਸਿਰ ਉਤੇ ਧਰ ਗਈ। ਐਤਕੀ ਪਿ-
ਣਕ ਪੋਸਤੀ ਨੂੰ ਅਜਿਹੀ ਆਈ ਕਿ ਦਿਨ ਚੜ੍ਹ ਗਿ-
ਆ। ਓਹ ਤੀਮੀ ਖਾਉਂਦ ਬੀ ਉਠੇ, ਕੀ ਦੇਖਦੇ ਹਨ, ਕਿ ਪੋ-
ਸਤੀ ਜੀ ਨਾਲਾ ਹਥ ਵਿਚ ਫੜੀ, ਸਿਰ ਤੇ ਰੂ ਰਖੀ ਅਖਾਂ-
ਮੀਟੀ ਬੈਠੇ ਹਨ। ਹਰਾਨ ਹੋ ਕੇ ਬੋਲੇ "ਓਏ ਪੋਸਤੀ ਓਇ ਪੋ-
ਸਤੀ, ਓਇ ਇਥੇ ਕਿਉਂ ਬੈਠਾ ਹੈਂ"। ਪੋਸਤੀ ਜੀ ਤ੍ਰਬਕ ਕੇ
ਉਠੇ ਨਾਲਾ ਥਪਾ ਤੇ ਇਹ ਉਤ੍ਰ ਦਿਤਾ ਕਿ ਹੁਣੇ ਜਿਹੇ ਕਿ-
ਤੋਂ ਅਵਾਜ ਆਈ ਸੀ ਕਿ ਪੋਸਤੀ ਨੂੰ ਕੋਈ ਚੀਜ਼ ਮਿ-
ਲਨੀ ਹੈ। ਸਿਰ ਤੇ ਹਥ ਰਖਿਆ ਤਾਂ ਰੂੰ ਪੂਣੀ ਦੇਖ ਕੇ ਬੋ-
ਲੇ ਹੇ ਵਾਹਗੁਰੂ, ਕਤਾਈ ਗਈ, ਉਣਾਈ ਗਈ, ਤਣਾ-
ਈ ਗਈ ਧੁਆਈ ਗਈ ਠਪਾਈ ਗਈ, ਫੇਰ ਰੂੰ ਦੀ ਰੂੰ
ਰਹ ਗਈ। ਲੋਕ ਇਹ ਤਮਾਸ਼ਾ ਦੇਖ ਕੇ ਖਿਲੀ ਪਾਉਣ
ਲਗੇ। ਪੋਸਤੀ ਜੀ ਦੁਮ ਦਬਾ ਕੇ ਘਰ ਜਾ ਵੜੇ। ਦੋਵਹ
ਵੇਲਾ ਸੀ, ਝਟ ਪੋਸਤ ਕੂੰਡੇ ਵਿਚ। ਮਲਣ ਬੈਠੇ ਜੀ ਸਨ
ਕਿ ਗੋਡੇ ਟ ਹਿਠੂ ਵਿਹਦੀਆਂ, ਚਪਾਟ ਲੀਰਾਂ ਲਮਕਦੀ-
ਆਂ ਭੇਡ ਵਰਗੇ ਦਾ ਬਾਲ ਰਾਤ ਦਾ ਭੁਖਾ ਕੁਛੜ ਚੁਕੀ।
ਚਾਰ ਬਰਸ ਦਾ ਮੁੰਡਾ ਨੰਗ ਪਟੰਗਾ। ਛੀ ਬਰਸ ਦੀ ਧੀ ਭੁਖੀ
ਤਿਹਾਈ ਨਾਲ ਲਈ ਪੋਸਤੀ ਜੀ ਦੀ ਤੀਵੀਂ ਸਾਮ੍ਹਣੇ
ਬੈਠ ਕੇ ਲਗੀ ਵਿਰਲਾਪ ਕਰਨ। "ਹਾਇ ਤੇਰੇ ਇਸ-

Digitized by Panjab Digital Library | www.panjabdigilib.org

ਪੋਸਤ ਨੂੰ ਅਗ ਲਗ ਜਾਏ, ਤੇਰੇ ਇਸ ਅਮਲ ਨੂੰ ਹੂੜ੍ਹ
ਆ ਜਾਏ, ਹਾਇ ਤੇਰੇ ਇਸ ਕੂੰਡੇ ਨੂੰ ਮੁਗ਼ਲਾਂ ਦੀ ਲੁਟ ਬੀ
ਨਹੀ ਪੈਂਦੀ। ਕਲ ਦੇ ਬਾਲ ਭੁਖ ਨਾਲ ਤਾਬੂ ਲੈ ਰਹੇ ਹ-
ਨ, ਘਰ ਸੁਆਹ ਬੀ ਨਹੀ, ਤੈਨੂੰ ਪੋਸਤ ਬਿਨਾ ਕੋਈ ਆਹ-
ਰ ਹੀ ਨਹੀ। ਅਜ ਤੀਕ ਤਾਂ ਪਿਉ ਦੀ ਜਾਇਦਾਦ ਵੇਚ ਕ
ਕੇ ਪੋਸਤ ਪੀਤਾ, ਗਪਾਂ ਮਾਰੀਆਂ, ਦਿਨ ਲੰਘ ਗਿਆ।
ਭੈੜੇ ਦਿਹਾੜੇ ਹਾਲ ਅਸਾਂ ਬੀ ਅੰਨ ਖਾਧਾ ਮਿਟੀ ਖਾਧੀ, ਉ-
ਮਰ ਸਾਡੀ, ਵੇਲੇ ਨੂੰ ਓਢਰ ਦਿਤਾ ਝੂਟ ਲੰਘ ਗਿਆ।
ਘੋੜੀ ਕਲ ਦੀ ਭੁਖੀ ਤਿਹਾਈ ਨੇ ਪੈਂਡ ਮਾਰ ਕਰ ਕੇ ਸਾਰਾ
ਵੇਹੜਾ ਪੁਟ ਘਤਿਆ। ਕਿਰਾਏ ਦਾਰਾਂ ਦੇ ਦੋ ਮਹੀਨੇ ਸਿਰ
ਚੜ੍ਹ ਗਏ। ਕਲ ਦਾ ਘੜੇ ਪਾਣੀ ਨਹੀ, ਚੁਲੇ ਅੱਗ ਨਹੀ
ਉਧਾਰ ਪਲੇ ਨਹੀ ਪੈਂਦਾ, ਲੋਕ ਚਿਘੀਆਂ ਕਰਦੇ ਹਨ, ਹਾ-
ਇ ਰਬਾ ਸਾਨੂੰ ਮੌਤ ਬੀ ਨਹੀ ਆਉਂਦੀ (ਭੁਬਾਂ ਮਾਰਕੇ)
ਇਸ ਦੁਖ ਥੋਂ ਤਾਂ ਛੁਟ ਜਾਈਏ। ਤੈਨੂੰ ਰਤਾ ਸੋਚ ਨਹੀ, ਸ਼ਰ-
ਮ ਨਹੀ, ਭਲਾ ਪੁਤ ਤਾਂ ਪਏ ਡੂੰਘੇ ਖੂਹ ਵਿਚ, ਧੀ ਮੁਟਿਆ-
ਰ ਹੋਈ ਹੈ, ਇਹ ਬਿਨ ਕਿਛੁ ਬੂਹੇ ਥੋਂ ਉਠਾਣੀ ਗੀ (ਬਹੁਤ ਰੋਰੋ
ਕੇ) ਹਾਇ ਰਬਾ ਜਿਨਾਂ ਸਹੇੜ ਕੇ ਆਂਦਾ ਸੀ ਮਰ ਗਏ, ਪ-
ਦਾਰਥ ਸਾਰਾ ਕੂੰਡੇ ਵਿਚ ਮਲਿਆ ਗਿਆ। ਹਾਇ ਅੰਮਾ
ਨਿੱਜ ਜਣਦੀਓਂ, ਨਹੀ ਤਾਂ ਜੰਮਦੀ ਦਾ ਗਲ ਘੁਟਦੀਓਂ
ਇਹ ਦੁਖ ਤਾਂ ਨਾ ਵੇਖਦੀ। ਇਸ ਪਰਮ ਦੁਖੀ ਇਸਤ੍ਰੀ ਦੇ
ਬਚਨ ਪਥਰ ਨੂੰ ਮੋਮ ਕਰਨ ਵਾਲੇ ਸਨ, ਪਰ ਪੋਸਤੀ
ਜੀ ਚੁਪ ਚਾਪ ਸੁਣੀ ਗਏ, ਤੇ ਪੋਸਤ ਮਲੀ ਗਏ। ਕੁਝ
ਥੋੜਾ ਜਿਹਾ ਅਸਰ ਤੀਮੀ ਦੇ ਵਿਰਲਾਪ ਦਾ ਹੋਇਆ

Digitized by Panjab Digital Library | www.panjabdigilib.org

ਅਸਰ ਤਾਂ ਸੋਚਣ ਲਗੇ, ਬਈ ਅਜ ਤੀਕ ਪੰਜਾਹ ਵਰ੍ਹੇ ਹਾਂ ਦੀ ਉਮਰ ਹੋਈ, ਕਖ ਭੰਨ ਕੇ ਦੂਹਰਾ ਨਹੀ ਕੀਤਾ, ਪਰ ਸਚ ਕਹਿੰਦੇ ਹਨ ਸਿਆਣੇ "ਬੈਠਿਆਂ ਖੂਹ ਲਈਦੇ ਖਾਇ" ਹੁਣ ਤਾਂ ਲਚਾਰੀ ਆ ਬਣੀ, ਚਲ ਓਇ ਮਨਾ ਅਜ ਪੋਸਤ ਪੀਕੇ ਖਟਣ ਚਲੀਏ। ਇਹ ਠੱਟ ਕੇ ਬੋਲੇ, "ਸਹੁਰੀਏ ਰੰਨੇ ਸੁਣਿਊ ਹੈ, ਮੈਂ ਤਾਂ ਅਗੇ ਤਿਆਰ ਹਾਂ। ਬਸ ਹੁਣ ਪੋਸਤ ਪੀਕੇ ਜਾਂਦਾ ਹਾਂ, ਕੁਝ ਖਟ ਕੇ ਮੁੜਾਂਗਾ। ਇਨੇ ਵਿਚ ਪੋਸਤ ਘੁਲਿਆ ਗਿਆ, ਬੋਲੇ ਔਹ ਲੈ ਘੁਟ ਕੁ ਪੋਸਤ ਤੂੰ ਬੀ ਪੀ ਲੈ, ਚੂਲੀ ੨ ਬਾਲਾਂ ਨੂੰ ਬੀ ਦਿਹ ਮੇਰੇ ਆਉਂਦੇ ਤਕ ਤੁਹਾਨੂੰ ਕੁਝ ਪਿਰਾਸ ਰਹੇ, ਤੇ ਮੈਂ ਬਸ ਪੀਕੇ ਚਲਿਆਂ, ਪਿਛਲੇ ਪੈਰੀਂ ਆਇਆ ਦੇਖ।

ਬਾਟਾ ਪੀਤਾ, ਉਠੇ, ਘੋੜੀ ਨੂੰ ਪਾਣੀ ਡਾਹਿਆ ਚਾਰਜਾਮਾ ਕਸਿਆ, ਪਲਾਕੀ ਮਾਰੀ ਤੇ ਇਕ ਪਾਸੇ ਨੂੰ ਤੁਰ ਪਏ। ਜੇ ਕਿਤੇ ਪਿਣਕ ਖੁਲੀ ਤਾਂ ਘੋੜੀ ਨੂੰ ਟਿਚਰ ਕਰ ਛਡਿਆ। ਨਹੀ ਤਾਂ ਘੋੜੀ ਟਕੇ ਚਾਲ ਤੁਰੀ ਜਾਂਦੀ ਹੈ ਕੋਈ ਪੰਜ ਸਤ ਕੋਹ ਨਿਕਲ ਗਏ, ਅਮਲ ਟੁਟ ਗਿਆ ਇਨੇ ਤਾਈ ਇਕ ਖੂਹ ਉਤੇ ਪੰਜ ਸਤ ਪੋਸਤੀ ਪੋਸਤ ਮਲਦੇ ਬੈਠੇ ਡਿਠੇ, ਵੇਖਦਿਆਂ ਹੀ ਪੋਸਤੀ ਦੀਆਂ ਵਾਛਾਂ ਖਿੜ ਗਈਆਂ। ਸ਼ਪਾਸ਼ਪ ਘੋੜੀਓਂ ਉਤਰ ਪੋਸਤੀਆਂ ਦੇ ਵਿਚ ਜਾ ਬੈਠੇ। ਅਗੇ ਪੋਸਤੀ ਮਤਾ ਪਕਾ ਰਹੇ ਸਨ ਭਈ ਧੁਪ ਵਡਾ ਦੁਖ ਦੇਂਦੀ ਹੈ, ਖੂਹ ਨੂੰ ਛਾਂਵੇਂ ਲੈ ਚਲੀਏ, ਇਸ ਭਾਰੇ ਕੰਮ ਲਈ ਪੋਸਤ ਕੁਝ ਵਧੀਕ ਮਲਿਆ ਸੀ ਘੁਲਿਆ। ਸਭ ਨੇ ਰਲ ਕੇ ਪੀਤਾ। ਸ਼ਪਾਸ਼ਪ ਲਕ ਬੰਨ੍ਹ

ਲਏ। ਖੂਹ ਦੇ ਦੁਆਲੇ ਲਿਮੀ ਲਜ ਦੇ ਦੋ ਵਲ ਦੇ ਕੇ ਅਧੇ ਅਧੇ ਪੋਸਤੀ ਦੋਂਹ ਸਿਰੇ ਲੈਕੇ ਲਗੇ ਜ਼ੋਰ ਲਾਉਣ ਤੇ ਤਈਲਾਂ ਦੇਣ ਛਾਂਏ ਲੈ ਚਲਣ ਨੂੰ। ਇਨੇ ਤਕ ਪਿਣਕ ਆ ਗਈ। ਪਿਣਕ ਵਿਚ ਹੀ ਲੈਂਦਾ ਵੇਲਾ ਹੋ ਗਿਆ। ਦਿਨ ਢਲੇ ਛਾਂ ਅਵਸ਼ੇ ਆਉਣੀ ਹੀ ਸੀ। ਇਕ ਪੋਸਤੀ ਦੀ ਪਿਣਕ ਖੁਲ ਗਈ, ਛਾਂ ਦੇਖਕੇ ਭੁੜਕ ਉਠਿਆ" ਬਸ ਓਏ ਭਰਾਓ ਬਸ, ਖੂਹ ਛਾਂਵੇਂ ਆ ਗਿਆ ਜੇ। ਸਭਨਾਂ ਨੇ ਲਜ ਛੱਡ ਦਿਤੀ ਬੜੇ ਪ੍ਰਸੰਨ ਹੋ ਹੋਕੇ ਆਪਣੀਆਂ ਵਡਿਆਈਆਂ ਕਰਨ ਲਗੇ" ਇਹ ਮਰਦਊ ਪੋਸਤੀਆਂ ਦਾ ਕਿ ਖੂਹ ਛਾਂਵੇ ਲੈ ਆਂਦਾ। ਇਹ ਮਹਾਤਮਾ ਫੇਰ ਘੋੜੀ ਤੇ ਚੜ੍ਹ ਬੈਠਣ ਤੁਰ ਪਏ। ਅਮਲ ਦੀ ਤਾਰ ਜੁ ਗਾਹੜੀ ਆਈ ਗ਼ੋਊਣ ਲਗੇ।

ਪੋਸਤਾ ਦਿਲ ਦੇ ਸਤਾ ਤੇਰਾ ਸੋਨੇ ਮਨ੍ਹਾਈ ਬੂਟਾ
ਲਖ ਰੁਪੈ ਦੀ ਪਿਣਕ ਜੁ ਦੇਨਾ ਏ ਕੌਡ ਰੁਪੈ ਦਾ ਝੂਟਾ।

ਇਨੇ ਤਕ ਇਕ ਵਾਵਰੋਲਾ ਉਠਿਆ, ਪੋਸਤੀ ਜੀ ਵਿਚ ਘੇਰੇ ਗਏ, ਅਖਾਂ ਵਿਚ ਘੱਟਾ ਭਰ ਗਿਆ, ਘੋੜੀ ਦਾ ਮੂੰਹ ਫਿਰ ਗਿਆ, ਜਿਸ ਰਾਹ ਗਏ ਸਨ ਉਸੇ ਰਾਹ ਮੁੜ ਪਏ। ਦਿਨ ਥੋੜਾ ਰਹ ਗਿਆ ਸੀ, ਕੁਝ ਅਮਲ ਦੀ ਟੁਟ ਦਿਸਣ ਲਗੀ। ਭਾਵੇਂ ਪੋਸਤ ਪਲੇ ਸੀ, ਪਰ ਕੂੰਡਾ ਹੋਵੇ ਤਾਂ ਪੀਣ। ਲਾਚਾਰ ਦੋ ਤਿਨ ਭੂੰਦਾਂ ਅਕ ਦੇ ਦੁਧ ਦੀਆਂ ਪੀਤੀਆਂ। ਤੁਰੇ। ਦਿਨ ਲਟਪਟਾ ਜਿਹਾ ਹੋ ਗਿਆ। ਸਾਮ੍ਹਣੇ ਸ਼ਹਰ ਬੀ ਦਿਸਣ ਲਗ ਗਿਆ। ਕਿਸੇ ਰਾਹੀ ਕੋਲੋਂ ਪੁਛਿਆ ਇਸ ਨਗਰ ਦਾ ਨਾਉਂ ਕੀ ਹੈ? ਉਸ ਨੇ ਕਿਹਾ ਪੋਸਤਾਂ

Digitized by Panjab Digital Library | www.panjabdigilib.org

ਵਾਲੀ। ਸੁਣ ਕੇ ਖਿੜ ਗਏ। ਇਹ ਤਾਂ ਸਾਡੇ ਹੀ ਨਗਰ ਵਰ-
ਗਾ ਨਾਉਂ ਹੈ। ਫਿਰ ਪੁਛਣ ਲਗੇ ਇਸ ਨਗਰ ਵਿਚ ਕੋਈ
ਪੋਸਤੀ ਬੀ ਰਹਿੰਦਾ ਹੈ ਕਿ ਨਹੀਂ? ਰਾਹੀ ਨੇ ਉਤਰ ਦਿਤਾ ਫ-
ਗੇ ਚੌਧਰੀ ਦਾ ਪੁਤ੍ਰ ਰੰਗਾ ਪੋਸਤੀ ਵਡਾ ਨਾਮੀ, ਖਸਖਸ
ਮਹੱਲੇ ਵਿਚ ਰਹਿੰਦਾ ਹੈ। ਜਿਸ ਨੇ ਜਣਦਿਆਂ ਸਹੇੜਦਿ-
ਆਂ ਦੀ ਲਖਾਂ ਦੀ ਜਾਇਦਾਦ ਪੋਸਤ ਦੇ ਕੂੰਡੇ ਵਿਚ ਮਲ
੨ ਕੇ ਫੋਗ ਕਰ ਕੇ ਸੁਟ ਪਾਈ। ਪੋਸਤੀ ਜੀ ਤਾਂ ਸੁਣ ਕੇ
ਹਜ਼ਾਰੇ ਦੇ ਫੁਲ ਵਾਂਙੂ ਖਿੜ ਗਏ। ਇਹ ਕੁਦਰਤ ਕਰਤਾਰ
ਦੀ ਹੈ, ਸਾਰੇ ਫਗਿਆਂ ਦੇ ਪੁਤ ਰੰਗੇ, ਨਾਲੇ ਪੋਸਤੀ ਬੀ। ਮਹ-
ਲਾ ਬੀ ਖਸਖਸ। ਚਲੋ ਰਾਤ ਤਾਂ ਕਟੀਏ, ਪੋਸਤ ਪੀਵੀਏ
ਸਵੇਰੇ ਵੇਖੀ ਜਾਏਗੀ। ਇਹ ਸੋਚਦੇ ਤੇ ਵਿਚਾਰ ਕਰਦੇ ਦੋਹੇਂ
ਆਬਦੇ ਪੋਸਤਾਂ ਵਾਲੀ ਵਿਚ ਆ ਵੜੇ। ਲਗੇ ਵੇਖਣ ਬ-
ਈ ਸ਼ਹਰ ਤਾਂ ਸਾਡੇ ਹੀ ਸ਼ਹਰ ਵਰਗਾ ਹੈ। ਖਸਖਸ ਮਹ-
ਲਾ ਪੁਛਦੇ ਪੁਛਾਉਂਦੇ ਰੰਗੇ ਦੇ ਬੂਹੇ ਤੇ ਆਣ ਖੜੋਤੇ। ਲਗੇ
ਪੁਛਣ ਭਈ ਰੰਗਾ ਪੋਸਤੀ ਕਿਥੇ ਹੈ? ਗੁਆਂਢੀਆਂ ਨੇ ਆ-
ਖਿਆ ਕਿ ਉਹ ਤਾਂ ਅਜ ਕਿਤੇ ਖਟਣ ਗਿਆ ਹੈ। ਪੋਸਤੀ
ਜੀ ਬੋਲੇ, ਅਸੀ ਤਾਂ ਮਜਲ ਮਾਰ ਕੇ ਰੰਗੇ ਦੇ ਮਿਲਣ ਲ-
ਈ ਆਏ ਹਾਂ। ਇਹ ਕਹ ਕੇ ਘੋੜੀ ਥੋਂ ਉਤਰੇ ਤਾਂ ਘੋੜੀ
ਆਪੇ ਹੀ ਆਪਣੇ ਅੱਡੇ ਵਲ ਜਾ ਖੜੋਤੀ। ਆਪ ਮੰ-
ਜਾ ਡਾਹ ਕੇ ਬੈਠ ਗਏ। ਇਧਰੋਂ ਧੀ ਨੇ ਵੇਖ ਕੇ ਅੰਦਰ ਮਾਂ
ਨੂੰ ਜਾ ਕਿਹਾ ਕਿ ਬਾਹਰ ਬਾਪੂ ਬੈਠਾ ਹੋਇਆ ਹੈ। ਉਧਰ ਪੋ-
ਸਤੀ ਜੀ ਅਖਾਂ ਪਾੜ ੨ ਕੇ ਵੇਖ ਰਹੇ ਹਨ ਕਿ ਘਰ ਵੀ ਤਾਂ ਸਾ-
ਡੇ ਹੀ ਘਰ ਵਰਗਾ ਹੈ। ਪੋਸਤੀ ਜੁ ਹੋਇਆ ਵੇਖੇ ਨਾਮ

Digitized by Panjab Digital Library | www.panjabdigilib.org

ਨਿਸਾਨ ਨਗਰ ਵਾਲੀ ਸਭ ਇਕੋ ਜਿਹਾ ਹੀ ਹੈ, ਇਕ ਪੋਸਤ ਦੀ
ਤੁਰੀ ਜਿਨਾਂ ਦੀ ਫਰਕ ਨਹੀ। ਇਧਰ ਵਹੁਟੀ ਬੀ ਸੋਚਦੀ ਹੋ-
ਈ ਕਿ ਕੀ ਖਟ ਲਿਆਇਆ ਹੈ, ਬਾਹਰ ਆਈ, ਤਾਂ ਪੋ-
ਸਤੀ ਹੁਰੀ ਇਕ ਗੁਆਂਢਣ ਨੂੰ ਸਨੇਹਾ ਦੇ ਰਹੇ ਸਨ, ਕਿ
ਜੇ ਵੀਰਾ ਇਸ ਵੇਲੇ ਘਰ ਹੁੰਦਾ ਤਾਂ ਸਾਡੀ ਵਡੀ ਖਾਤਰ ਕਰ-
ਦਾ, ਪਰ ਹਛਾ ਹੁਣ ਭਾਬੀ ਹੁਰੀ ਜੇ ਸਾਨੂੰ ਕੋਈ ਬਾਟੀ ਜਾਂ
ਕੂੰਡਾ ਦੇਣ ਤਾਂ ਅਸੀ ਪੋਸਤ ਮਲਕੇ ਤਾਂ ਪੀਵੀਏ, ਅਮ-
ਲ ਟੁਟਾ ਹੋਇਆ ਹੈ, ਨਾਲੇ ਇਹ ਬੀ ਦਸੋ ਕਿ ਵੀਰੇ ਦੇ ਘਰ
ਕੋਈ ਲੜਕਾ ਬਾਲਾ ਬੀ ਹੈ ਕਿ ਨਹੀ। ਵਹੁਟੀ ਏਹ ਸਭ ਗ-
ਲਾਂ ਸੁਣਕੇ ਬੋਲੀ ਖਟਾਊ ਨੇ ਖਟ ਆਂਦੀ ਭੁਖ ਤੇ ਨੰਗ ਕੂੰ-
ਡਾ ਦਿਓ ਪੋਸਤ ਮਲੇ, ਤਾਰ ਦਿਤਾ ਇਸ ਪੋਸਤੀ ਦੀ ਖਟੀ
ਨੈ। ਸਿਆਣੇ ਸਚ ਆਖ ਗਏ।

ਖਟਣ ਗਏ ਖਟਾਊ ਘਰ ਕੀ ਖਟ ਲਿਆਏ;
ਸ਼ੁਕਰ ਕਰੋ ਸਿਰ ਮੁੰਨੀਓਂ ਘਰ ਜੀਊਂਦੇ ਆਏ।

ਕਰਾਂ ਕੀ ਮੇਰਾ ਵਸ ਨਹੀ ਚਲਦਾ ਨਹੀ ਤਾਂ-

ਪੋਸਤਾ ਦਿਲ ਦੋਸਤਾ ਤੇਰਾ ਜੜ੍ਹੋਂ ਪੁਟਾਈ ਬੂਟਾ
ਵਸਦੇ ਘਰ ਉਜਾੜ ਕਰੇ ਨਾਏ ਹਬ ਵਿਚ ਦੇਨਾਏ ਕੂੜ੦

ਵਾਹ ਭਾਈ ਸਾਹਬ ਕਿਹੀ ਅਚਰਜ ਜਮਾਂਦਾਰੀ ਹੈ!! ਕਿਉਂ
ਨਾ ਹੋਵੇ। ਲਓ ਸੁਣੀ ਤੁਹਾਡੇ ਜਮਾਦਾਰ ਦੀ ਬਹਾਦਰੀ
ਦੀ ਗਲ, ਸਾਡੇ ਗੁਆਂਢ ਇਕ ਨਵਾਂ ਜੁਆਨ ਪੋਸਤੀ ਬ-
ਣਿਆ ਹੈ। ਕਲ ਗਟ ਹੋਇਆ ਕੋਠੇ ਉਤੇ ਬੈਠਾ ਸੀ ਲਾਲਾਂ ਵ-
ਗ ਰਹੀਆਂ ਸਨ। ਕਿਧਰੋਂ ਕੋਈ ਭੁਲੀ ਭਟਕੀ ਮਖੀ ਬੀ
ਆ ਬੈਠੀ। ਪੋਸਤੀ ਹੁਰੀ ਉਸ ਵੇਲੇ ਰੋਣ ਵਾਲੇ ਬਾਲ ਦਾ

Digitized by Panjab Digital Library | www.panjabdigilib.org

ਮੂੰਹ ਬਣਾ ਕੇ ਤੇ ਵਡੀ ਬਰੀਕ ਹੌਲੀ ਸੁਰ ਨਾਲ ਜਿਸ ਤਰਾਂ ਕੋਈ ਭੋਰੇ ਵਿਚੋਂ ਬੋਲਦਾ ਹੈ, ਰੋਗੀਆਂ ਵਾਙੂ ਬਹੁਤ ਹੀ ਲਮਕਾ ਕੇ "ਹਾਇ ਰਬਾ ਮਾਰਦੀ ਹੈ।" ਅੱਗੋਂ ਮਾਂ ਸੁਣ ਕੇ ਬੋਲੀ ਕੇਹਣੀ ਹੈ ਨੀ ਭਈਏ ਪਿਟਣੀ ਮੇਰੇ ਲਾਡਲੇ ਪੁਤ ਨੂੰ ਮਾਰਦੀ ਪੋਸਤੀ ਹੁਰੀ ਫੇਰ ਉਸੇ ਤਰਾਂ ਬੋਲੇ "ਮਖੀ" ਮਾਂ ਨੇ ਕਿਹਾ ਬਚਾ ਉਡਾ ਦੇ, ਤਾਂ ਪੋਸਤੀ ਹੁਰੀ ਛਿਥੇ ਹੋ ਕੇ ਬੋਲੇ "ਹਾਇ ਰਬਾ ਦੋ ਹਨ" ਮੈਨੂੰ ਦੇਖ ਕੇ ਵਡਾ ਹਾਸ ਆਇਆ ਕਿ ਜੁਆਨ ਆਦਮੀ, ਪਿਛਲੇ ਵਰੇ ਫੌਜ ਵਿਚ ਭਰਤੀ ਹੋਣ ਲਗਾ ਸੀ, ਤੇ ਅਜ ਪੋਸਤ ਦੀ ਜਮਾਦਾਰੀ ਹੇਠ ਮਖੀ ਥੋਂ ਬੀ ਮਾਰ ਖਾ ਰਿਹਾ ਹੈ ।

## ਚੌਥੇ ਪ੍ਰਸ਼ਨ ਵਾਲੇ ਨੂੰ ਉੱਤਰ

ਸਿਧ ਸਾਹਬ ਜੀ ਜਦ ਤੀਸੇ ਮਹਾਤਮਾਂ ਨੂੰ ਉੱਤਰ ਦੇ ਚੁਕੇ ਤਾਂ ਬੋਲੇ ਕਿ ਸ਼ਰਾਬ ਖੋਰ ਦੇ ਅਮਲੇ ਦਾ ਸਮਾਚਾਰ ਤਾਂ ਕਹ ਚੁਕੇ ਹਾਂ ਹੁਣ ਚੌਥੇ ਮਹਾਤਮਾ ਦੀ ਨਿਸ਼ਾ ਖਾਤਰ ਕਰਦੇ ਤਾਂ ਫੇਰ ਸ਼ਰਾਬ ਖੋਰ ਦੇ ਰਸੇ ਪੈਂਡੇ ਵਟਾਂਗੇ।

ਚੌਥੇ ਵਲ ਮੂੰਹ ਕਰ ਕੇ ਬੋਲੇ। ਕਿਉਂ ਮਹਾਤਮਾ ਜੀ ਆਪ ਕੇਹਦੇ ਹੋ ਕਿ ਸ਼ਰਾਬ ਵਿਚ ਕੋਈ ਦੋਸ਼ ਕੋਈ ਪਾਪ ਨਹੀ ਹੈ। ਪਰ ਇਹ ਤਾਂ ਦਸੋ ਕਿ ਸ਼ਰਾਬ ਨਾਲ ਕਬਾਬ ਹੁੰਦੇ ਹਨ ਕਿ ਨਹੀ, ਫੇਰ ਸ਼ਰਾਬ ਹਿੰਸਾ ਦਾ ਕਾਰਣ ਹੋਈ ਆ ਨਹੀ? ਅਥਵਾ ਮਸਤ ਹੋ ਕੇ ਜੇ ਕਿਸੇ ਨਿਰਦੋਸ ਨੂੰ ਗਾਲਾਂ ਕਢੀਆਂ ਜਾਂ ਕਿਸੇ ਨਿਰਾਪ੍ਰਾਧ ਨੂੰ ਮਾਰਿਆ ਕੁਟਿਆ, ਜਾਂ ਜਾਨੋਂ ਹੀ ਮੁਕਾ ਦਿਤਾ ਤਾਂ ਇਸ ਹਿੰਸਾ ਤੇ ਖੂਨ ਦਾ ਪਾਪ ਹੋਊ ਕਿ ਨਹੀ? ਹੋਰ ਗੁੜ, ਸਕ, ਪਾਣੀ

ਮਹੂਆ ਖਜੂਰ ਤਾੜ੍ਹ ਅੰਗੂਰ ਖਮੀਰ ਆਦਿਕ ਪਦਾਰ-
ਥ ਕੋਈ ਦੂਖਤ ਨਹੀ, ਸਭੇ ਨਿਰਦੋਖ ਤੇ ਸੁਧ ਪਵਿਤ੍ਰ
ਹਨ, ਅਤੇ ਨਾਹੀ ਅਸੀ ਸ਼ਰਾਬ ਵਿਚ ਕੋਈ ਦੋਖ ਕਹਿਦੇ
ਹਾਂ, ਦੋਸ ਤਾਂ ਸ਼ਰਾਬੀ ਵਿਚ ਹਨ, ਜਿਹੜਾ ਪੀ ਕੇ ਟੇਟਾ ਦੇਖ
ਉਂਦਾ ਹੈ; ਕਿਉਂ ਨਹੀ ਇਕ ਤਾਰ ਰੈਹਦਾ? ਦੂਸਰਾ ਦੋਸ ਟੇ-
ਟ ਵੇਲੇ ਬਸ ਕਿਉ ਨਹੀ ਕਰਦਾ? ਤੀਸਰਾ ਦੋਸ ਜਦ ਟੇਟ
ਵਿਚ ਬਹੁਤੀ ਪੀ ਜਾਂਦਾ ਹੈ, ਤਾਂ ਆਪਣੀ ਸੁਧ ਵਿਚ ਕਿ-
ਉ ਨਹੀ ਰਿਹਦਾ? ਚੌਥਾ ਦੋਸ ਪਰਣਾਮ ਇਸ ਦਾ ਤਨ ਧ-
ਨ ਕਰਕੇ ਕਿਉਂ ਬੁਰਾ ਨਿਕਲਦਾ ਹੈ।

ਗੁੜ ਆਦਿ ਪਦਾਰਥ ਕੋਈ ਦੋਖੀ ਨਹੀਂ, ਸ਼ਰਾਬੀ
ਦੋਖੀ ਹੈ, ਜਿਹਾ ਕੁ ਸੰਖੀਆ ਦੋਖੀ ਨਹੀ ਕਿਉ ਕਿ ਮੌਤ
ਦੇਣਾ ਸੰਖੀਏ ਦਾ ਧਰਮ ਹੈ, ਇਸ ਤੇ ਸੰਖੀਆ ਨਿਰਦੋ-
ਖ, ਹੁਣ ਜੋ ਇਸ ਗਲ ਨੂੰ ਜਾਣ ਬੁਝ ਕੇ ਖਾਏ ਸੋ ਦੋਖੀ
ਇਕੂਰ ਹੀ ਸ਼ਰਾਬ ਦਾ ਸੁਤੇ ਹੀ ਸੁਭਾਵ ਪੀਣ ਵਾਲੇ ਨੂੰ ਟੇਟ
ਵਿਖਾਉਣੀ ਅਤੇ ਪੀਣ ਦੀ ਤ੍ਰਿਸ਼ਨਾ ਵਧਾਉਣੀ, ਧਨ ਦਾ
ਨਾਸ ਕਰਨਾ ਸਰੀਰ ਵਿਚ ਸੈਂਕੜੇ ਰੋਗ ਉਪਜਾਉਣੇ, ਮੌਤ
ਤਕ ਪੁਚਾ ਦੇਣਾ। ਬਸ ਚੇਤੇ ਰਖੋ ਜੋ ਪੁਰਖ ਇਸ ਦੇ ਇਹ
ਗੁਣ ਜਾਣਦਾ ਹੈ, ਅਤੇ ਫਿਰ ਪੀਂਦਾ ਹੈ, ਸੋ ਭਾਰਾ ਦੋਖੀ ਹੈ।
ਮਨੂੰ ਜੀ ਅਪਨੇ ਗ੍ਰੰਥ ਮਨੂ ਸਿਮ੍ਰਤੀ ਵਿਚ ਲਿਖਦੇ ਹਨ
ਕਿ "(੧) ਬ੍ਰਾਹਮਣ ਮਾਰ ਸੁਟਣਾ, ਸ਼ਰਾਬ ਪੀਣੀ, ਚੋਰੀ, ਤੇ ਗੁਰੂ
ਦੀ ਇਸਤ੍ਰੀ ਭੋਗਣੀ ਏਹ ਚਾਰੇ ਵਡੇ ਪਾਪ ਹਨ।" ਆਪ
ਦਸੋ ਕਿ ਮਨੂ ਜੀ ਨੇ ਏਹ ਦੋਸ ਅਖਾਂ ਮੀਟ ਕੇ ਲਿਖ ਦਿਤੇ ਸ-

(੧) ਬ੍ਰਹਮ ਹਤਯਾ, ਸੁਰਾਪਾਨੰ, ਸਤੇਯੰ, ਗੁਰਵੰਗਨਾ ਗਮ: ਮਹਾਤ ਪਾਤਕਾਨਯਾਹੁ ਸੰਸਰਗੀਸ ਚਾਪਿ ਤੈ ਸਹ।

ਨਾ ਤੁਹਾਥੋਂ ਸਲਾਹ ਨਹੀ ਪੁਛੀ ਸਾਨੇ।

ਅਫਸੋਸ!!! ਆਪ ਲੋਕ ਚਿਰਕਾਲ ਦੇ ਪਅਕ ਤੇ ਅਜਤੀਕ ਆਪ ਨੂੰ ਆਪਣੇ ਪੀਣ ਦਾ ਪਤਾ ਹੀ ਨਹੀ ਤਾਂ ਮੇਰੇ ਪੀਣ ਦਾ ਆਪ ਨੂੰ ਕਿਸ ਤਰਾਂ ਪਤਾ ਲਗੇ। ਲਓ ਹੁਣ ਪੀਤੀ ਦੇ ਅਨੰਦ ਬੀ ਸੁਣ ਲਓ।

ਪਹਲੇ ਪਹਲ ਸ਼ਰਾਬੀਆਂ ਦੀ ਰੀਸੇ ਜਾਂ ਸ਼ਰਾਬੀਆਂ ਦੀਆਂ ਫੁਲਾਣੀਆਂ ਤੇ ਚੁਕਾਂ ਦਾ ਠੁਲਿਆ ਜਾਂ ਮੂਰਖਤਾਈ ਦਾ ਫਸਿਆ ਲੁਕਦਾ ਛੁਪਦਾ ਕਲਾਲਖਾਨੇ ਪਹੁੰਚਦਾ ਹੈ, ਉਸ ਵੇਲੇ ਕਲੇਜਾ ਧੜਕਦਾ ਹੈ, ਚਿਹਰੇ ਪੁਰ ਹਵਾਈਆਂ ਉਡਦੀਆਂ ਹਨ, ਮਨ ਵਿਚ ਇਹ ਡਰ ਭਰਿਆ ਹੁੰਦਾ ਹੈ ਕਿ ਮਤਾਂ ਕੋਈ ਵੇਖ ਲਵੇ। ਇਸੇ ਹਾਲ ਵਿਚ ਖਰੀ ਖੋਟੀ ਚੰਗੀ ਮੰਦੀ ਜਿਹੀ ਕਲਾਲ ਨੈ ਦਿਤੀ ਚੜ੍ਹਿਆਂ ਵਿਚ ਨਪੀ (ਜਿਥੇ ਖਾਣ ਪੀਣ ਕਰੇ ਕੋਈ ਨਹੀ ਰਖਦਾ) ਤੇ ਕਿਸੇ ਇਕੱਲੇ ਦੇ ਪਾਸੇ ਨੂੰ ਉਠ ਦੌੜੇ। ਰਸਤੇ ਵਿਚ ਹਲਕਾਏ ਕੁਤੇ ਵਾਙੂ ਭੁਤਰੀ ਅਖੀਂ ਪਾੜ ਪਾੜ ਕੇ ਵੇਖੀ ਜਾਂਦੇ ਹਨ, ਕਿ ਕਿਤੇ ਕੋਈ ਲਿਹਾਜ਼ ਵਾਲਾ ਵੇਖ ਨਾ ਲਵੇ, ਜੇ ਕਿਤੇ ਕੋਈ ਸਨਬੰਧੀ ਰਸਤੇ ਵਿਚ ਮਿਲ ਬੀ ਜਾਵੇ ਤਾਂ ਪਰਮ ਦੁਖੀ, ਲੁਕਣ ਨੂੰ ਥਾਂ ਨਹੀ। ਭਲਾ ਜੇ ਕਿਤੇ ਸੰਗੀਆਂ ਸਾਥੀਆਂ ਵਿਚ ਪੁਜ ਬੀ ਪਿਆ। ਨਾਲ ਖਾਣ ਵਾਸਤੇ ਮਾਸ ਕਬਾਬ ਦਹੀਂ ਆਦਿਕ ਚਾਹੀਦੇ, ਇਸ ਲਈ ਕਿਸੇ ਸੰਗੀ ਦੀ ਮੁਥਾਜੀ ਕਰਨੀ ਪਈ ਇਨੇ ਚਿਰ ਵਿਚ ਇਕ ਸੰਗੀ ਰੁਸ ਗਿਆ। ਉਸ ਦੇ ਮਨਾਉਣ ਵਾਸਤੇ ਪਗ ਲਾਹ ਕੇ ਮਥੇ ਟੇਕ ਰਹੇ ਹਨ। ਹਜ਼ਾਰ ਮਿੰਨਤਾਂ ਲਖ ਤਰਲੇ ਕਰ ਕਰਾ ਕੇ ਮਨਾਇਆ ਤਾਂ ਸਹੀ

Digitized by Panjab Digital Library | www.panjabdigilib.org

ਪਰ ਇਕ ਸੇਗੀ ਵਿਚੋਂ ਪਰਹੇਜ਼ਗਾਰ ਨਿਕਲਿਆ, ਹੁਣ ਸਾਰੇ
ਉਸ ਦੇ ਦੁਆਲੇ। ਓਹ ਮੰਨਦਾ ਨਹੀ ਏਹ ਮੰਨਾਉਂਦੇ ਹਨ।
ਫਾਹਰ ਕੇ ਮੂੰਹ ਵਿਚ ਪਾ ਰਹੇ ਹਨ।
ਓੜਕ ਨੂੰ ਮੰਨਾਇਆ। ਰਲ ਮਿਲ ਕੇ ਪੀਣ ਲਗੇ। ਬੋ-
ਤਲ ਖੋਲੀ, ਗਿਲਾਸ ਵਿਚ ਪਲਟੀ ਪਾਣੀ ਸੋਡਾਵਾਟਰ
ਪਾਇਆ, ਲਗੇ ਇਕ ਦੂਜੇ ਨੂੰ ਕਹਣ "ਚੁਕ ਬਈ" ਨਹੀ
ਬਈ ਪਹਲੇ ਤੂੰ" ਇਸੇ ਨਹੀਂ ਰਤੂੰਰ ਵਿਚ ਕੋਈ ਘੜੀ ਹੋਰ
ਬੀਤ ਗਈ। ਗਲਕਾਹਦੀ ਗਲਾਸ ਮੂੰਹ ਨਾਲ ਲਾਇਆ
ਘੁਟੇ ਵਟੀ ਜਾਂ ਸ਼ੀਕ ਸ਼ੀਕੀ ਅੰਦਰ ਤਾਂ ਲੈ ਘਾਇਆ। ਪਰ
ਮੂੰਹ ਤੋਂ ਲੈਕੇ ਕਲੇਜੇ ਤਕ ਬਾਰੂਤ ਦੀ ਮਤਾਬੀ ਛੂਹਦੀ ਤੇ ਸਾ-
ੜਦੀ ਲੰਘ ਗਈ, ਹੇਠਲਾ ਸਾਹ ਹੇਠ ਉਪਰਲਾ ਉਪਰ ਮਿ-
ਟ ਅਧ ਮਿਟ ਵਾਸਤੇ ਘਬਰ ਰਹ ਗਿਆ। ਫੇਰ ਝੂਣ ਝੂਣੀ
ਜਾਂ ਕੰਬਣੀ ਜਿਹੀ ਆਈ। ਹੁਣ ਇਕ ਹਥ ਛੂਹੀ ਹੋਈ ਛਾ-
ਤੀ ਉਤੇ ਫੇਰ ਰਹੇ ਹਨ, ਦੂਜੇ ਹਥ ਨਾਲ ਕੋਈ ਖਾਣ ਦੀ
ਚੀਜ਼ ਢੂੰਢ ਰਹੇ ਹਨ, ਜੋ ਕਲੇਜੇ ਦੇ ਸਾੜ ਨੂੰ ਕੁਝ ਠੰਢ ਪਾ-
ਏ। ਕੌਣ ਸਾਥੀ ਕਿਹਦੇ ਹਨ, ਕਬਾਬ ਖਾਹ ਕਬਾਬ। ਤਾਂ ਉ-
ਤਰ ਦਿੰਦਾ ਹੈ, ਜਰਾ ਠਹਰੋ ਕਿਤੇ ਉਛਲ ਨਾ ਜਾਣਾਂ। ਜਿਵੇਂ
ਕਿਵੇਂ ਕਲੇਜੇ ਦੇ ਸਾੜ ਦਾ ਦੁਖ ਆਲਿਆਂ ਟਾਲਿਆਂ ਵਿ-
ਚ ਭੁਲਾ ਹੀ ਰਹੇ ਸਨ, ਝਟ ਚਲਦੇ ਦੌਰ ਦੀ ਵਾਰੀ ਆ
ਗਈ। ਗਲਾਸ ਉਤੇ ਹਥ ਰਖਕੇ ਬੈਠ ਗਏ, "ਮੈਂ ਨਹੀ,
ਅਜੇ ਨਹੀ ਜਰਾ ਠਹਰੋ"। ਭਲਾ ਇਸ ਵੇਲੇ ਸਾਥੀ ਕਦ
ਛਡਦੇ ਹਨ। ਲਗਾ ਬੇਨੀਰ ਦੀ ਦੁਹਾਈ ਦੇਣ। ਮੁਕਦੀ
ਗਲ ਫੇਰ ਬਲਦਾ ਮੂਆ ਤਾ ਕਲੇਜੇ ਨੂੰ। ਇਸੇ ਤਰਾਂ ਦੀ

Digitized by Panjab Digital Library | www.panjabdigilib.org

ਕਦਿਆਂ ਚਾਕਦਿਆਂ ਕਈ ਗਲਾਸ ਚੂਕੇ ਗਏ। ਸ਼-
ਰਾਬ ਦਾ ਜ਼ਹਰ ਜਿਸ ਨੂੰ "ਅਲਕਹਲ" ਕੇਹਦੇ ਹਨ
ਸਿਰ ਨੂੰ ਲਗਾ ਚੜ੍ਹਨ। ਜਿਕਰ ਸਰਕੜੇ ਦੇ ਸਿਰੇ ਜਾਂ
ਰੂੰ ਨੂੰ ਅਗ ਲਗਦਿਆਂ ਸਾਰ ਸਿਰ ਨੂੰ ਚੜ੍ਹਦੀ ਹੈ, ਇ-
ਕੂਰ ਇਹ ਅਲਕਹਲ ਝਟ ਸਿਰ ਤੇ ਮਗਜ਼ ਨੂੰ ਜਾ ਚੜ੍ਹ-
ਦੀ ਹੈ। ਸਿਰ ਚਕ੍ਰ ਖਾਣ ਤੇ ਘੁੰਮਣ ਲਗ ਗਿਆ, ਪਠੇ
ਆਪਣੇ ਕੀਮਾਂ ਥੋਂ ਘਬਰਾ ਗਏ, ਤੇ ਅਕਲ ਥਿੜਕ-
ਤਾ ਹੋਣ ਲਗੀ। ਅਖਾਂ ਵਿਚ ਲਾਲ ਡੋਰੇ ਪੈ ਗਏ। ਲਹੂ ਦੇ
ਗੇੜੇ ਬਹੁਤ ਤਿਖਾ ਹੋ ਗਿਆ। ਦਿਲ ਧੜਕਣ ਲਗਾ,
ਪੁਟਪੁੜੀਆਂ ਦੀਆਂ ਨਾੜਾਂ ਤੜਫਣ ਲਗੀਆਂ। ਚਿਤ
ਉਤਸ਼ਾਹ ਤੇ ਖੋਭ ਨਾਲ ਭਰ ਗਿਆ। ਸਰੀਰ ਦੀਕ-
ਲਾਂ ਸਾਰੀ ਵਿਗੜ ਤੁਰੀ। ਸੁਧ ਬੁਧ ਸਭ ਉਡ ਗਈ। ਮਾਂ
ਭੈਣ ਇਸਤ੍ਰੀ ਦੀ ਪਰਖ ਵਲੋਂ ਅੰਨ੍ਹੇ। ਜਿਹੜੇ ਫੁਰਨੇ ਮ-
ਨ ਦੇ ਸਹੀ ਫੁਰਦੇ ਹਨ, ਹੁਣ ਵਿਕਲਪ ਵਿਸ਼ੇਸ਼ ਫੁਰ-
ਨ ਲਗੇ, ਇਸੇ ਬੇਹੋਸ਼ੀ ਦੀ ਹੋਸ਼ ਵਿਚ ਲਗੇ ਵਿਗਲਣ
ਸੰਕਲਪ ਅਜਿਹੇ ਬਣੇ ਕਿਰੂਪ ਬਨ ਕਰ ਕੇ ਅਖਾਂ ਅਗੇ
ਲਗੇ ਆਉਣ।

ਜੇ ਖਾਣ ਲਗੇ ਤਾਂ ਬਸ ਨਹੀ, ਜੇ ਕੈ ਕਰਨ ਲਗੇ ਤਾਂ
ਮਾਨੋ ਸਮੁੰਦ੍ਰ ਦਾ ਉਛਾਲਾ। ਸੀਗੀ ਸਾਬੀ ਤੇ ਚੀਜਾਂ ਵਸਤਾਂ
ਸਭ ਡੁਬਦੇ ਤਰਦੇ ਫਿਰਦੇ ਹਨ। ਜੇ ਬਕਵਾਸ ਕਰਨ ਲ-
ਗੇ ਤਾਂ ਆਪਣੇ ਬਿਗਾਨੇ ਰਾਜਾ ਪਰਜਾ ਸਭ ਨੌਲ ਘਤੇ
ਜੇ ਦਲੇਰੀ ਕੀਤੀ ਮਾਰ ਕੇ ਹੀ ਛਡਿਆ। ਜੇ ਡਿਗਣ ਲਗੇ
ਤਾਂ ਧੜੰਮ, ਅੰਗ ਟੁਟਣ ਦਾ ਡਰ ਨਹੀ, ਭੈੜੀ ਚੰਗੀ ਥਾਂ ਦਾ

Digitized by Panjab Digital Library | www.panjabdigilib.org

ਵਿਚਾਰ ਨਹੀ। ਜੇ ਜੁਤੀਆਂ ਖਾਣ ਲਗੇ ਤਾਂ ਭਾਵੇਂ ਸਿਰ ਮੂੰ-
ਹ ਸੁਜ ਜਾਏ ਤੇ ਮਾਰਨ ਵਾਲਾ ਬੀ ਥਕ ਜਾਏ ਪਰ ਸ਼ਰਾਬੀ
ਦੇ ਕੰਨ ਤੇ ਜੂੰ ਨਹੀ ਮਰਦੀ ਜੇ ਚੌਂਕੇ ਵੀ ਤਾਂ ਸਮਝ ਛਡਿ-
ਆ ਕਿ ਗੁਆਂਢ ਕੋਈ ਘੁਮਿਆਰ ਭਾਂਡੇ ਥਪਦਾ ਹੋਊ।
ਜੇ ਸੁਤੇ ਤਾਂ ਮੁਰਦਿਆਂ ਨਾਲ ਸ਼ਰਤਾਂ ਬੰਨਕੇ।

ਇਹੋ ਜਿਹੇ ਵੇਲੇ ਜੇ ਕਿਤੇ ਟੋਏ ਵਿਚ ਪਏ ਤਾਂ ਸਮੁੰਦ੍ਰ ਖਾ-
ਕੀ ਹੋਣਾ ਬੀ ਕੁਝ ਅਚਰਜ ਨਹੀ। ਬਸ ਜਿਉਂ ੨ ਦਪੇ-
ਰੀ ਪੀਤੀ ਗਈ ਤਿਉਂ ੨ ਸਿਰ ਨੂੰ ਵਧੇਰੀ ਚੜ੍ਹਦੀ ਗਈ
ਪਹਲੇ ਤਾਂ ਪਠਿਆਂ ਵਿਚ ਬਾਹਤੀ ਹਿਲ ਜੁਲ ਬਹੁਤੀ
ਹੋਈ ਸੀ; ਹੁਣ ਪੱਠੇ ਬਹੁਤ ਢਣਕ ੨ ਕੇ ਹੁਟ ਗਏ। ਕੁਝ
ਤਾਂ ਆਕੜ ਕੇ ਤਣ ਗਏ। ਕੁਝ ਢਿਲਕ ਗਏ।

ਜੇ ਕਿਤੇ ਬਿਹੋਸ਼ੀ ਵਿਚ ਹੀ ਬੋਤਲ ਪਿਆਲਾ ਢ-
ਹਕੇ ਭਜ ਟੁਟ ਗਿਆ ਤਾਂ ਕੋਈ ਦੋ ਚਾਰ ਪਹਰ ਮਗਰੋਂ
ਸੁਧ ਆ ਗਈ। ਭੈੜੇ ਚਿਹਰੇ ਹਾਲ ਫੇਰ ਉਠ ਬੈਠੇ। ਪਰ ਜੇ
ਕਈ ਕੈਆਂ ਕਰਨ ਦੇ ਪਿਛੋਂ ਬੀ ਸਾਥੀਆਂ ਨੇ ਇਹੋ ਸੋਹ-
ਲੇ ਸੁਣਾਏ, ਕਿ ਸ਼ਰਾਬ ਦੀ ਅਗ ਸ਼ਰਾਬ ਨਾਲ ਬੁਝਦੀ
ਹੈ, ਕੈ ਆਉਣੀ ਚੰਗੀ ਹੈ, ਸੀਨਾ ਸਾਫ਼ ਹੋ ਜਾਂਦਾ ਹੈ। ਕੋਈ
ਡਰ ਨਹੀ ਹੋਰ ਪੀ ਹੋਰ ਪੀ ਕਹੀ ਗਏ ਤੇ ਪਿਆਰ ਦੀ ਜਾਨ
ਮਾਲ ਦਾ ਵੈਰੀ ਗਟਾ ਗਟ ਪੀਂਦਾ ਗਿਆ, ਤਾਂ ਪਠਿਆਂ
ਵਿਚਾਰਿਆਂ ਦੀ ਉਹ ਦੁਰਦਸ਼ਾ ਹੋਈ ਕਿ ਆਪਣੇ ਕੰ-
ਮਾਂ ਤੋਂ ਵਿਗੜ ਕੇ ਠਹਰਨਾ ਬੀ ਕਠਨ ਹੋ ਗਿਆ। ਲਗੇ
ਲਤਾਂ ਬਾਹਾਂ ਮਾਰਨ। ਬਿਤੌਰੀ ਵਾਂਙੂ ਅਖਾਂ ਫੇਰ ਲਈ-
ਆਂ। ਸਾਹ ਲੰਮੇ ਲੰਮੇ ਆਉਣ ਲਗੇ (ਸ਼ਰਾਬ ਪਠੇ-

Digitized by Panjab Digital Library | www.panjabdigilib.org

ਨਰੀ) ਇਸ ਵੇਲੇ ਜੇ ਕਿਸੇ ਸਿਆਣੇ ਦੇ ਵਸ ਪਏ ਤਾਂ
ਭਾਵੇਂ ਉਪਚਾਰ ਕਰ ਕਰਾ ਕੇ ਸ਼ਰਾਬ ਪੀਣ ਦੀ ਖਾਤਰ ਫਿਰ
ਜੀਉਂਦਿਆਂ ਵਿਚ ਹੋ ਜਾਵੇ। ਜੇ ਕਰ ਇਸ ਵੇਲੇ ਸਿਆਣੇ
ਪਾਸ ਲੈ ਕੇ ਕੋਈ ਨਾ ਪੁਜਾ, ਤਾ ਅਫਸੋਸ !!!। ਇਤਨੇ-
ਤਾ ਸ਼ਰਾਬ ਦੇ ਦੁਖ ਨੇ ਮਝੂਲਣ ਵਾਲਾ ਕਲਾਲਖਾਨੇ ਦਾ ਗਾ-
ਹਕ, ਮਹਫਲ ਦੀ ਰੌਣਕ, ਤਨ ਧਨ ਦਾ ਵੈਰੀ ਨਿਰਲ-
ਜਤਾ ਦੀ ਖਾਣ। ਹਾਇ ਸ਼ਰਾਬ ਕੌਰ ਰੰਡੀ ਛਡ ਗਿਆ।

ਤੇ ਜੇ ਸ਼ਰਾਬੀ ਦਾ ਆਪੇ ਵੇਲੇ ਸਿਰ ਅਮਲ ਟੁਟਾ ਤਾਂ
ਕੈਸਾ ਅਦਭੁਤ ਹਾਲ ਹੈ। ਕਲੇਜੇ ਪੁਰ ਅੰਗਾਰੇ ਰਖੇ ਵਰ-
ਗੀ ਸੜਨ। ਜ਼ੋਰ ਨਾਲ ਸਿਧਾ ਮੂੰਹ ਨਕ ਸੁਕਾ ਹੋਇਆ ਹੈ
ਸਿਰ ਪੀੜ, ਅਖਾਂ ਵਿਚ ਖੁਮਾਰ, ਕਲੇਜੇ ਵਿਚ ਧੜਕਾ
ਚਿਤ ਵਿਸੂਸੀ। ਹਡ ਪੈਰ ਖੁਸ ਰਹੇ ਹਨ। ਅਫਰੀ, ਪੇ-
ਸ਼ਾਬ ਸੜ ੨ ਕੇ ਚੀਸਾਂ ਨਾਲ। ਕਬਜੀ ਆਦਿਕ ਦੁਖਾਂ
ਵਿਚ ਦੁਖਤ ਘੜੀ ਮੁੜੀ ਨਾ ਰਹੇ ਹਨ। ਸਿਰ ਵਿਚ ਪਾਣੀ ਦੀ
ਧਾਰ ਪੈ ਰਹੀ ਹੈ। ਪੋਨ੍ਹਿਆਂ ਦੀ ਲਸੀ ਪੀ ਰਹੇ ਹਨ। ਜਿਸਂ-
ਵਕ ਵਿਹਾਰਾਂ ਥੋਂ ਉਦਾਸ ਹੋਏ ਉਭੇ ਸਾਹ ਲੈ ਰਹੇ ਹਨ
ਅਮਲ ਵੇਲੇ ਡਿਗਣ ਢਹਣ ਦੀਆਂ ਸਟਾਂ ਦੀਆਂ ਪੀ-
ੜਾਂ ਸੋਜਾਂ ਜਖਮ ਆਦਿਕ ਅੰਗ ੨ ਦੁਖਦੇ ਰਹੇ ਹਨ। ਅ-
ਖਾਂ ਪੀਲੀਆਂ ਹਲਦੀ ਵਰਗੀਆਂ। ਭੁਖ ਬੰਦ। ਬਾਦਫ਼ਿ-
ਰੰਗ ਤੇ ਸੁਜਾਖ ਗੰਠੀਆ ਆਦਿਕ ਅਨੇਕ ਰੋਗਾਂ ਦੇ ਮੁੰ-
ਡ ਬਝ ਗਏ, ਸਹਜੇ ੨ ਫੁਟਣਗੇ। ਤੁਸੀ ਜਾਣਦੇ ਹੋ
ਇਕੋ ਹੀ ਕੋਈ ਰੋਗ ਹੋਵੇ ਸਾਰੀ ਜ਼ਿੰਦਗੀ ਕੌੜੀ ਹੋ ਜਾਂ-
ਦੀ ਹੈ, ਇਥੇ ਸ਼ਰਾਬ ਦੇਵਤਾ ਦੀ ਕ੍ਰਿਪਾ ਹੈ, ਇਕ ਭਾਵੇਂ ਦੋ

Digitized by Panjab Digital Library | www.panjabdigilib.org

ਚਾਰ ਕਠੇ ਹੀ ਸਰੀਰ ਵਿਚ ਰਹਣ ਗੇ। ਤੇ ਇਨ੍ਹਾਂ ਦੇ ਨਮੂਨੇ ਪੁਤ ਪੋਤਿਆਂ ਤਕ ਚਲਣ ਗੇ। ਜਿਹਾ ਕੁ ਆਤਸ਼ਕ ਰੋ-ਗ ਦੇ ਹਟੇ ਹੋ ਜਾਣ ਦੇ ਪਿਛੋਂ ਬੀ ਇਸ ਦਾ ਜ਼ਹਰ ਰੁਧਰ ਤਾ ਬੀਰਜ ਗਤਿ ਹੋਕੇ ਪੁਤ ਪੋਤਿਆਂ ਦੇ ਸਰੀਰ ਵਿਚ ਜਾ ਫੁਟਦਾ ਹੈ। ਮਾਤਾ ਪਿਤਾ ਦੇ ਕੀਤੇ ਹੋਏ ਕੁਕਰਮ ਨਿ-ਸ਼ਪਾਪ ਬਾਲਕਾਂ ਨੂੰ ਦੁਖ ਭੋਗਣੇ ਪੈਂਦੇ ਹਨ। ਜੇਕਰ ਕਹੋ ਸਭਨਾਂ ਸ਼ਰਾਬੀਆਂ ਨੂੰ ਬਾਦ ਨਹੀ ਹੁੰਦਾ? ਕਿਸ ਨੇ ਜਾਣੇ ਸ਼ਰਾਬੀਆਂ ਦੀ ਸੰਤਾਨ ਭਾਵੇਂ ਕਿਸੇ ਉਮਰ ਵਿਚ ਹੋ ਵੇ, ਪਰ ਉਨਮਾਦ, ਮਿਰਗੀ, ਚਿੜਭ੍ਰਮ ਆਦਿਕ ਸਿਰ ਦੇ ਰੋਗ ਅਵਸ਼ੇਂ ਹੁੰਦੇ ਹਨ।

ਬਹੁਤਾ ਦੇਖਿਆ ਹੈ, ਜੇ ਸ਼ਰਾਬ ਬਾਲਕ ਅਵ-ਸਥਾ ਵਿਚ ਪੀਏ ਤਾਂ ਬੀਰਜ ਸੜ ਜਾਂਦਾ ਹੈ। ਸੰਤਾਨ ਥੋਂ ਔਤਰ ਰਹ ਜਾਂਦਾ ਹੈ ਤੇ ਬਦਹਜ਼ਮੀ ਫਿਰ ਬਹੁਧਾ ਰਹ-ਸਿਆ ਕਰਦਾ ਹੈ। ਜਦ ਜੁਆਨ ਹੋਕੇ ਪੀਂਦਾ ਹੈ, ਤਾਂ ਸ਼ਰੀਰ ਫੁਲ ਜਾਂਦਾ ਹੈ, ਗੋਗੜੀਆ ਵਾਲੇ ਸ਼ਹੋ ਬੈਨ-ਦਾ ਹੈ। ਪੀਂਦਿਆਂ ਦੇ ਕੇਪਵਾਤ ਆਦਿਕ ਰੋਗ ਹੋ ਜਾਂਦੇ ਹਨ, ਜੋ ਕਿਸੇ ਜਤਨ ਨਾਲ ਹਟ ਨਹੀ ਸਕਦੇ। ਜੇ ਬੁ-ਢਾ ਹੋਕੇ ਪੀਂਦਾ ਹੈ ਤਾਂ ਦੈਲੀ ਦਾਲ੍ਹੀ ਤੇ ਆਟਾ ਖਰਾਬ ਸਿਆਰ ਦਾ ਹੋ ਸੇਵਿਕਾ। ਕੇਪਵਾਤ ਗੰਠੀਆ ਅਜੀ ਰਣ ਆਦਿਕ ਬੁਰ ਆ ਵੇ ਬਣਦੇ ਹਨ। ਤਦ ਬਾਕੀ ਮੌਤ ਦੇ ਦਿਨ ਕਟਣੇ ਸ਼ਰਾਬ ਨਾਲੋਂ ਬੀ ਕਿੰਨੇ ਤੇ ਖਰਾਬ ਦੀ ਨੇ ਦੁਨੀਆਂ ਵੇਂਦੇ ਔਤਰ,

## ਦੂਸ੍ਰਾ ਰੋਗ। ਪਦਾਰਥਕ ਦੁਖ



ਆਪ ਜਾਣਦੇ ਹੋ ਕਿ ਇਹ ਦੇਸੀ ਸ਼ਰਾਬ ਘਟ ਤੋਂ ਘਟ ਇਕ ਰੁਪੈ ਦੀ ਬੋਤਲ ਤੇ ਅੰਗ੍ਰੇਜ਼ੀ ਦਾ ਤਾਂ ਅੰਤ ਹਿਸਾਬ ਹੀ ਕੋਈ ਨਹੀ। ਉਹ ਇਕ ਰੁਪਿਆ ਜਿਸ ਨੂੰ ਇਕ ਮਿਹਨਤੀ ਆਦਮੀ ਨੇ ਸਰੀਰਕ ਸੁਖ ਛਡਕੇ ਚੌਂਹ ਦਿਹਾੜੀਆਂ ਵਿਚ ਜਤਨ ਨਾਲ ਪੈਦਾ ਕੀਤਾ। ਜਿਸਦੇ ਵਿਚੋਂ ਖਾਧਾ। ਬਾਕੀ ਅਧ ਰਹ ਗਿਆ। ਇਸ ਅਧੇ ਰੁਪੈ ਦੀ ਅਧੀ ਬੋਤਲ ਸ਼ਰਾਬ ਲੈਕੇ ਇਕ ਸਾਥੀ ਸਮੇਤ ਪੀਕੇ ਬਜ਼ਾਰ ਅਥਵਾ ਮੋਰੀ ਬਦਰੋਰੋ ਤੇ ਡਾਕੀਆਂ ਕਰਕੇ ਲੇਟ ਗਏ, ਦੀਨ ਦੁਨੀਆਂ ਦੀ ਕੋਈ ਸੁਧ ਨਹੀ। ਜੇ ਪੁਲਸ ਦੇ ਢਹੇ ਚੜ੍ਹੇ, ਤਾਂ ਜੁਤੀ ਪੈਜਾਰ ਕਰਦੇ ਧ੍ਰੂਹਦੇ ਘਸੀਟਦੇ ਕੁਤਵਾਲੀ ਪੁਜੇ, ਝਟ ਹਵਾਲਾਤ ਸਪੁਰਦ। ਜੇ ਹੋਸ਼ ਆਈ ਤਾਂ ਸਵੇਰੇ ਮੈਜਸਟ੍ਰੇਟ ਦੇ ਚਾਲਾਨ ਹੋਇਆ। ਤਹਕੀਕਾਤ ਹੋਈ। ਸਜਾ ਹਫਤਾ ਦੋ ਹਫਤੇ ਕੈਦ, ਜਾਂ ਜੁਰਮਾਨਾ ਜਿਸਦਾ ਭਰਨਾ ਕਠਨ ਹੋ ਗਿਆ।

ਜੇਕਰ ਬੇਹੋਸ਼ੀ ਬਹੁਤ ਹੋਈ ਤਾਂ ਪੁਲਸ ਵਾਲਿਆਂ ਹਸਤਪਤਾਲ ਭੇਜਿਆ। ਹਸਤਪਤਾਲ ਦੇ ਨੌਕਰ ਅਗੇ ਦਿਨ ਦੇ ਥਕੇ ਟੁਟੇ ਅਰਾਮ ਦੀ ਨੀਂਦ੍ਰ ਸੁਤੇ ਪਏ ਸਨ। ਕਾਂਨਸਟੇਬਲਾਂ ਦੀਆਂ ਹਾਕਾਂ ਨਾਲ ਉਂਘਲਾਂਟੇ ਹੋਏ ਢੂੰਹਦੇ ਡਿਗਦੇ ਉਠੇ, ਚਿਤ ਕ੍ਰੋਧ ਨਾਲ ਭਰਪੂਰ, ਬੋਲੇ ਇਸ ਵੇਲੇ ਕੀ ਹੈ ! ਕਿਹਾ ਅਸਾਮੀ ਹੈ, ਉਠੋ ਦੇਖੋ ਸ਼ਰਾਬੀ ਹੈ, ਰਾਤ ਜਗਾਏਗਾ, ਨੇਕਨਾਮੀ ਲੈ ਦੇਗਾ।

ਨਾਈ ਬੁਲਾਇਆ, ਸਿਰ ਮੂੰਹ ਚੱਟਮ, ਸ਼ਰਾਬ

Digitized by Panjab Digital Library | www.panjabdigilib.org

ਦੀ ਕ੍ਰਿਪਾ, ਸ਼ਰਾਬੀ ਦਾ ਵਾਲ ਵਿੰਗਾ ਨਹੀ, ਸਗੋਂ ਵਰ੍ਹਾ ਹ-
ਜਾਮਤ ਦਾ ਬਚਿਆ। ਸਿਰ ਪੁਰ ਪਾਣੀ ਦੀ ਧਾਰ ਪੈਣ ਲ-
ਗੀ। ਡਾਕਟਰ ਨੇ ਪਾਣੀ ਵਿਚ ਅਪੀਕਾਕ੍ਵਾਨ ਘੋਲਿਆ
ਮੂੰਹ ਵਿਚ ਉਂਗਲਾਂ ਸੁਗਲਾ ਪਾਕੇ ਅੰਦਰ ਲੰਘਾਇਆ
ਸ਼ਰਾਬੀ ਜੀ ਮੁਨਦਿਆਂ ਨਾਲ ਸ਼ਰਤਾਂ ਬੰਨ ਕੇ ਸੁਤੇ ਸਨ ਕੈ
ਕੌਣ ਕਰੇ। ਹੁਣ ਜਤਨ ਕਰਦੇ ੨ ਮਾਸ਼ਕੀ ਨੌਕਰ ਚਾਕ-
ਰ ਹੁਟ ਗਏ। ਇਥੇ ਕਿਕਰ ਦਾ ਭੂਤ ਗੁੜ੍ਹ ਵਿਚ ਰਲ ਕੇ
ਸਿਰ ਚੜ੍ਹਿਆ ਹੈ, ਕਦ ਈਨ ਮੰਨਦਾ ਹੈ। ਓੜਕ ਸੱਮ੍ਕ
ਪੰਪ (ਕਲੇਜਾ ਧੋਣ ਦੀ ਪਿਚਕਾਰੀ) ਦੀ ਨਲੀ ਸੰਘਰਾ-
ਹ ਅੰਦਰ ਲੰਘਾਈ ਗਈ, ਦਬਾ ਦਬ ਪਾਣੀ ਅੰਦਰ
ਪੈਣ ਲਗਾ। ਜਦ ਘੜਾ ਕੁ ਅੰਦਰ ਪੈ ਗਿਆ ਤਾਂ ਉਲ-
ਟੀ ਜੁਗਤ ਨਾਲ ਕਢ ਸੁਟਿਆ। ਇਕੁਰ ਹੀ ਕਈ ਵਾਰੀ
ਪਾਣੀ ਕਢਿਆ ਕਈ ਵੇਰ ਰਜਾਇਆ। ਇਨੇ ਤਾਂਈ ਸ਼-
ਰਾਬੀ ਦੇ ਹਥ ਪੈਰ ਨਕ ਠੰਡੇ ਠਾਰ ਨਾੜ ਗੁੰਮ। ਸਾਹ ਧੀ-
ਮਾਂ, ਤੇ ਬਿਹੋਸ਼ੀ ਅਗੇ ਹੀ ਸੀ। ਡਾਕਟਰ ਨੂੰ ਬੀ ਹਥਾਂ ਪੈ-
ਰਾਂ ਦੀ ਪਈ। ਝਟ ਪਿਚਕਾਰੀ ਹਟਾਈ। ਹਥ ਪੈਰ
ਫਲਾਲੈਣ ਦੀ ਟਾਕੀ ਨਾਲ ਝਸਾਉਣ ਲਗੇ। ਅੰਦ-
ਰ ਬੀ ਈਥਰ ਏਮੋਨੀਆ ਦਿਤਾ। ਤਤੇ ਪਾਣੀ ਦੀ
ਪਿਚਕਾਰੀ ਦੂਈ ਰਾਹ ਕੀਤੀ। ਜੇਕਰ ਤਾਂ ਸ਼ਰਾਬਖੋਰ
ਦੇ ਕਰਮ ਚੰਗੇ ਹੋਏ ਤਾਂ ਮੁੜ ਕਾਂਬਾ ਛਿੜ ਪਿਆ, ਆ-
ਕੜ ਉਬਾਸੀ ਆਈ ਤਾਂ ਬੋਲ ਉਠੇ "ਬਈ ਕਲ ਦੀ ਸ਼-
ਰਾਬ ਤਾਂ ਕੁਝ ਨਹੀਂ ਸੀ, ਅਜ ਕੋਈ ਚੰਗੀ ਜਿਹੀ ਦੇਈਂ, ਮੇਰੇ
ਪੈਸੇ ਵਡੀ ਮਿਹਨਤ ਦੇ ਨੀ" ਹਨੇਰ ਦੇਖੋ, ਅਜੇ ਇਹ

Digitized by Panjab Digital Library | www.panjabdigilib.org

ਸ਼ਰਾਬ ਚੰਗੀ ਨਹੀਂ ਜੇ, ਇਸ ਥੋਂ ਵੀ ਚੰਗੀ ਦੇ ਫਿਕਰ ਵਿਚ
ਹਨ। ਵਾਹ ਨੀ ਸ਼ਰਾਬ ਕੌਰ ਤੇਰੇ ਡੰਗੇ ਹੋਏ ਦਾ ਬੀ ਕੋਈ ਮੰਤ੍ਰ
ਬੂਟੀ ਨਹੀ! ਸੁਧ ਵਿਚ ਤਾਂ ਹਜ਼ਾਰ ਮਿਹਨਤ ਮੁਸ਼ੱਕਤ ਕ-
ਰਕੇ ਪਦਾਰਥ ਤੇਰੇ ਅਰਪਣ ਕੀਤਾ। ਪਰ ਬੇਸੁਧੀ ਵਿ-
ਚ ਬੀ ਤੇਰੇ ਹੀ ਗੀਤ ਗਾ ਰਹੇ ਹਨ। ਸ਼ਰਾਬੀ ਦੀ ਇਹ ਗ-
ਲ ਸੁਣਕੇ ਸਾਰੇ ਖਿੜ੍ਹ ਖਿੜਾ ਕੇ ਹਸ ਪਏ "ਭਈ ਜੇ ਇ-
ਹ ਚੰਗੀ ਨਹੀ ਸੀ ਤਾਂ ਸਿਖੀਆ ਫੜ ਲੈਣਾ ਸੀ" ਇਸ
ਵੇਲੇ ਸ਼ਰਾਬੀ ਦੀ ਪੂਜਾ ਬੀ ਖੂਬ ਹੀ ਹੋਈ ਕਿਸੇ ਧੱਪਾ
ਕਿਸੇ ਮੁਕੀ ਕਿਸੇ ਗਾਲ। ਕੁਝ ਚਿਰ ਪਿਛੋਂ ਸ਼ਰਾਬੀ
ਜੀ ਉਠ ਬੈਠੇ, ਲਗੇ ਅਖਾਂ ਮਲਣ ਕੇ ਦੇਖਣ, ਹੈਂ! ਇ-
ਹ ਕੀ ਹੈ! ਡਾਕੀਆਂ ਦੇ ਦੌਰੇ ਬਾਦੀਆਂ ਭਰੇ ਪਏ ਹਨ, ਚੁ-
ਪਾਸੇ ਪਾਣੀ ਦੀ ਸਿਲ, ਕਪੜੇ ਸਾਰੇ ਗਿਲੇ, ਪਾਲੇ ਦਾ ਜ਼ੋ-
ਰ, ਸਰੀਰ ਕੰਬ ਰਿਹਾ ਹੈ, ਆਮ੍ਹਣੇ ਸਾਮ੍ਹਣੇ ਚਿਟੀਆਂ
ਕੰਧਾਂ, ਇਧਰ ਆਧਰ ਪਿਚਕਾਰੀਆਂ, ਇਰਦ ਗਿ-
ਰਦ ਓਪਰੇ ਆਦਮੀ। ਲੈਂਪ ਲਟਾਕ ਬਲ ਰਿਹਾ ਹੈ।
ਪੁਲਸ ਵਾਲੇ ਹਥ ਕੜੀ ਲਈ ਸਿਰ ਤੇ ਖੜੇ ਹਨ। ਵੇਖ ਕੇ ਹੈ-
ਰਾਨ ਪ੍ਰੇਸ਼ਾਨ ਕਿ ਹੈਂ ਇਹ ਕੀ ਹੋਇਆ! ਕਲਾਲ ਦੀ ਹ-
ਟੀ ਕਿਥੇ ਗਈ, ਬੋਤਲ ਟੂਟੀ ਨੂੰ ਕੀ ਹੋਇਆ, ਸਾਥੀ
ਨੂੰ ਕੀ ਸਪ ਲੜਿਆ। ਡਡਿਆ ਕੇ ਉਠੇ, ਹਾਇ ਮਰ ਗਿ-
ਆ, ਪਾਲਾ ਲਗਦਾ ਹੈ, ਕੋਈ ਕਪੜਾ ਦਿਓ ਅਗ
ਦਿਓ ਸੇਕਾਂ। ਮੁਕਦੀ ਗਲ ਇਨ੍ਹਾਂ ਸਿਆਪਿਆਂ
ਵਿਚ ਰਾਤ ਬੀਤੀ, ਦਿਨ ਚੜ੍ਹਿਆ ਤਾਂ ਹਵਾਲਾਤ ਸ-
ਪੁਰਦ। ਦਸ ਵਜੇ ਚਲਾਨ ਹੋਇਆ। ਡਾਕਟਰ ਦੀ

Digitized by Panjab Digital Library | www.panjabdigilib.org

ਗਈ, ਸਜਾ ਮਿਲ ਗਈ।

ਇਹ ਗੱਲ ਸੁਣ ਚੌਬੇ ਮਹਾਤ-
ਮਾ ਬੋਲ ਉਠੇ ਕਿ ਇਹ ਦੂਰਦਸ਼ਾ ਕੰਗਾਲਾਂ ਦੀ ਹੁੰਦੀ
ਹੈ। ਧਨਪਾਤ੍ਰ ਲੋਕ ਪਹਿਲੇ ਤਾਂ ਦੇਸੀ ਸ਼ਰਾਬ ਪੀਂਦੇ ਹੀ ਨਹੀਂ
ਜੇ ਪੀਣ ਤਾਂ ਆਪਣੀ ਮਿਸਾਲੇਦਾਰ ਬਣਵਾਕੇ ਪੀਂਦੇ
ਹਨ, ਆਪਣੇ ਸੁੰਦਰ ਮਹਿਲਾਂ ਵਿਚ, ਬਾਗਾਂ ਤੇ ਨਹਿਰਾਂ
ਦੇ ਕੰਢੇ ਮੌਜਾਂ ਨਾਲ ਛਕਦੇ ਹਨ। ਨਾਲ ਮਿਤ੍ਰ ਪਯਾਰੇ, ਨੌਕ-
ਰ ਚਾਕਰ ਆਗਿਆਕਾਰੀ; ਆਪੋ ਆਪਣੇ ਕੰਮਾਂ ਤੇ ਚੌਕ-
ਸ। ਫੇਰ ਅਮੀਰ ਸਰਦਾਰ ਲੋਕ ਜਦ ਪੀਂਦੇ ਹਨ, ਇਤਨਾ
ਧਨ ਬਰਸਾਉਂਦੇ ਹਨ ਕਿ ਛਪੜ, ਟੋਭਾ, ਰੌੜ, ਟਿੱਬਾ ਸਭ
ਇਕੋ ਜਿਹਾ ਕਰ ਦੇਂਦੇ ਹਨ। ਪਊਲਿਆਂ ਧੇਲੀਆਂ ਦੀ ਬੀ
ਕੋਈ ਸਰਾਬਾਂ ਹਨ; ਅਮੀਰਾਂ ਦੇ ਘਰ ਮਟਾਂ ਦੇ ਮਟ ਝਕਦੇ
ਹਨ। ਅੰਗ੍ਰੇਜ਼ੀ ਮੰਗਾਉਂਦੇ ਹਨ ਤਾਂ ਦਰਜਨਾਂ ਬਧੀ, ਕਿਤੇ
ਬੀਹਾਈਵ, ਕਿਤੇ ਸ਼ਾਮਪੀਨ ਕਿਤੇ ਐਕਸ਼ਾ ਕਿਤੇ ਬ੍ਰਾਂਡੀ
ਵ੍ਹਿਸਕੀ ਤੇ ਓਲਡ ਟਾਮ ਆਦਿ।

ਸਿੱਧ ਸਾਹਬ ਨੇ ਉਤ੍ਰ ਦਿਤਾ ਆਪ ਸਚ ਕੇਹਦੇ
ਹੋ, ਪਰ ਜ਼ਰਾ ਸੋਚੋ ਕਿ ਪਦਾਰਥ ਦਾ ਮੀਂਹ ਓਹ ਲੋਕ ਵ-
ਸਾਉਂਦੇ ਹਨ, ਜਿਨ੍ਹਾਂ ਦੇ ਸਜਰੇ ਪਿਉ ਮਰਦੇ ਹਨ, ਅਰ
ਬਹੁਤਾ ਧਨ ਛਡ ਜਾਂਦੇ ਹਨ। ਓਹ ਧਨ ਲੋੜ ਵਾਲੀ ਥਾਂ
ਤਾਂ ਕਦੀ ਨਹੀਂ ਗਿਆ। ਹਾਂ; ਕੰਜਰਾਂ ਕਲਾਲਾਂ ਕੁਮਾਰਗ ਥਾ-
ਵਾਂ ਕਰਕੇ ਕੁਸਾਮਤੀਆਂ ਆਦਿਕ ਕੁਪਾਤ੍ਰਾਂ ਵਿਚ ਜਾ ਪੈਂ-
ਦਾ ਹੈ। ਫੇਰ ਅਮੀਰ ਦੀ ਇਮਾਰਤ ਗਹਣੇ ਕਪੜੇ ਧਾਂਧੇ
ਪਏ ਮੁਹਾਰਨੀ ਬੋਲਣ ਲਗਦੇ ਹਨ। ਧਾਜ ਉਘੜ

ਜਾਂਦਾ ਹੈ। ਦਿਵਾਲੀਏ ਹੋਏ ਦੇਸ ਬਿਦੇਸ ਮਾਰੇ ਮਾਰੇ ਫਿ-
ਰਦੇ ਹਨ। ਕਈ ਕ ਛੁਰੀਆਂ ਜ਼ਹਰਾਂ ਖਾਕੇ ਮਰ ਜਾਂਦੇ
ਹਨ। ਹੁਣ ਦਸੋ ਸ਼ਰਾਬ ਥੋਂ ਬਿਨਾਂ ਹੋਰ ਕੋਈ ਧਨ ਦੀ ਹਾ-
ਨੀ ਦਾ ਮੂਲ ਕਾਰਣ ਹੈ। ਜੇ ਕਈ ਨਾ ਪੀਂਦੇ, ਉਨਮੱਤ
ਨਾ ਹੁੰਦੇ ਤਾਂ ਕਿਉਂ ਵਿਅਰਥ ਧਨ ਬਰਸਾਉਂਦੇ। ਜੇ ਇਸ
ਸ਼ਰਾਬ ਖਾਨਾ ਖਰਾਬ ਦੀ ਚਾਟ ਦੇ ਪਟੇ ਹੋਏ ਨਾ ਹੁੰਦੇ ਤਾਂ
ਕਿਉਂ ਸੈਂਕੜੇ ਰੁਪੈ ਚੰਦ੍ਰਆਸਵ, ਕਹੇਲਾਦ ਆਸਵ, ਨਿ-
ਯਾਦ ਅਰਿਸ਼ਟ ਤੇ ਖਰਚ ਕਰਦੇ। ਸੈਂਕੜੇ ਰੁਪੈ ਮਹਸੂਲ
ਦੇ ਸਰਕਾਰ ਨੂੰ ਕਿਉਂ ਭਰਦੇ। ਸ਼ਰਾਬ ਵੇਸੌਦਾਗਰਾਂ ਦੇ ਬਿ-
ਲ ਕਿਉਂ ਤਾਰਦੇ। ਕਿਉਂ ਨਾ ਅਮੀਰ ਦੇ ਅਮੀਰ ਬਣੇ ਰੇਹ-
ਦੇ, ਜੇ ਕਈ ਉਸ ਰੁਪੈ ਨੂੰ ਵਿਅਰਥ ਨਾ ਗੁਆਉਂਦੇ।

ਜਿਹੜੇ ਮਿਤ੍ਰ, ਨੌਕਰ, ਚਾਕਰ, ਸਨਬੰਧੀ ਪਦਾਰ-
ਥ ਵੇਲੇ ਪਾਣੀ ਦੀ ਥਾਂ ਲਹੂ ਡੁਹਲਦੇ ਸਨ। ਜਿਹੜੇ ਕਈ
ਖ਼ੁਸ਼ਾਮਤੀ ਆਪਣੇ ਖਾਣ ਦੇ ਲਾਲਚ ਤੇ ਹਰ ਵੇਲੇ ਤੁਕ
ਵਿਚ ਤੁਕ ਮਿਲਾਉਂਦੇ ਸਨ। ਜੀ ਮਹਾਰਾਜ, ਗਰੀਬ,
ਨਵਾਜ਼, ਮਿਹਰਬਾਨ ਆਦਿਕ ਕੇਹਦਿਆਂ ਮੂੰਹ ਸੁਕ-
ਦੇ ਸਨ। ਮੁਖਤਖੋਰੇ ਹਰ ਵੇਲੇ ਗਡੀਆਂ ਤੇ ਨਾਲ, ਖਾ-
ਣ ਵੇਲੇ ਨਾਲ ਸੌਣ ਵੇਲੇ ਨਾਲ ਬਾਹਣ ਵੇਲੇ ਨਾਲ, ਕਿਂ-
ਰਾ ਕਲਾਲਾਂ ਦੇ ਘਰ ਨਾਲ, ਵਡੇ ਹਿਤਕਾਰੀ ਬਣੇ ਰੇਹ-
ਦੇ ਸਨ। ਧਨ ਮੁੱਕੇ ਤੇ ਕੋਈ ਮਥੇ ਬੀ ਨਹੀ ਲਗਾਦ
ਜੇ ਕਿਤੇ ਦੈਵਨੇਤ ਰਾਹ ਖਹੜੇ ਟਕਰ ਬੀ ਗਿਆ, ਝ-
ਟ ਅਖ ਚੁਰਾਈ ਤੇ ਦੂਜੇ ਪਾਸੇ। ਭਲਾ ਜੇ ਕਿਸੇ ਤੇ ਕੁਝ
ਭਰੋਸਾ ਰਖਕੇ ਉਸਦੇ ਘਰ ਪੁਜੇ, ਤਾਂ ਅਗੋਂ ਬੂਹੇ ਤੇ ਹੀ

ਨਕਦ ਉਤੇ ਮਿਲਦਾ ਹੈ "ਬੈਠੇ ਨਹੀ"। ਲਚਾਰ ਜੇ ਕਿਤੇ ਚੂ
ਏਵੇਂ ਥੇ ਮਿਲ ਬੀ ਪਏ, ਤਾਂ ਇਹੋ ਜਿਹੀਆਂ ਗਪਾਂ ਛੋੜਦੇ-
ਤੀਆਂ ਕਿ ਜਿਸ ਵਿਚ ਵਿਚਾਰੇ ਨੂੰ ਆਪਣੇ ਪ੍ਰਯੋਜਨ ਕਹ-
ਣ ਦੀ ਜਗਾ ਹੀ ਨਾ ਮਿਲੇ; ਮੁਕਦੀ ਗਲ ਪਾਣੀ ਤੇ ਬੀ ਤਿ-
ਹਾਏ ਅਕ ਕੇ ਉਠ ਆਏ। ਗੁਲਾਬੀ ਛਿੜਕਾਉ ਨੇ ਦਿਮਾ-
ਗ ਸਾੜ ਦਿਤਾ। ਧਨੀ ਪੁਰਖ ਨਿਰਧਨ ਹੋਇਆ ਕਿਤੇ
ਢੋਈ ਨਹੀ ਲੈਂਦਾ। ਪਰ ਵਾਹ ਨੀ ਲਜਤੂਲ ਨਿਸ਼ਾ ਸ਼ਰਾਬ
ਤੇਰਾ ਸ੍ਵਾਦ ਵੀ ਡਾਢਾ ਅਚਰਜ ਹੈ, ਇਸ ਦਸ਼ਾ ਵਿਚ ਦੇਖ
ਅੰਨ ਤੀਕ ਨਸੀਬ ਨਹੀ ਹੁੰਦਾ, ਪਰ ਤੇਰੀ ਚਾਹ ਤੇ ਅਚਾ-
ਹ ਨਹੀ ਹੋਏ। ਭਾਵੇਂ ਛਬੀਲਾਂ ਦੇ ਕੋਲ ਪਾਣੀ ਪੀਣ ਦੇ ਬਹਾ-
ਨੇ ਚੁਰਾ ਕੇ ਕਲਾਲਖਾਨੇ ਪੁਚਾਉਣੇ ਪੈਣ ਪਰ ਕਬੇਜਾ ਲੂਹੇ
ਬਿਨਾਂ ਨਹੀ ਰਹਣਾ। ਹੁਣ ਦਸੋ ਭਾਈ ਸਾਹਬ ਕਿਥੇ ਗਏ
ਝੂਲੇ ਹੋਏ ਮਟ, ਤੇ ਕਿਥੇ ਗਈਆਂ ਦਰਜਨਾਂ, ਕਿਥੇ ਗਡੀਆਂ
ਕਿਥੇ ਘੋੜੇ, ਕਿਥੇ ਨੌਕਰ ਚਾਕਰ। ਨਹਰ ਬਾਗ ਤੇ ਮਹਲ
ਕੋਹਾਂ ਦੂਰ ਹਨ। ਸੋਚੋ, ਏਹ ਸੱਭੇ ਖੇਡਾਂ ਧਨ ਦੀਆਂ ਸਨ ਸੋ
ਧਨ ਵਿਅਰਬ ਉਠ ਗਿਆ। ਅਮੀਰ ਜੀ ਸ਼ਰਾਬੀ ਬੋਟ
ਦੁਖ ਭੋਗਣ ਨੂੰ ਬਾਕੀ ਹਨ।

ਧਨ ਨਾਸਕ ਏਹ ਤੀਨ ਹੈਂ, ਮਦ ਬਰੂਦ ਅਰ ਰੋਗ।
ਮਦ ਬਹੁ ਗੁਣ ਵਧ ਜਾਨੀਏ, ਦੇਤ ਭੂਖ ਤੇ ਨੋਗ।

**ਤੀਸਾ ਦੋਰ**
**ਧਨ ਦਾ ਨਾਸ**

ਜਿਸ ਵੇਲੇ ਘਰ ਵਿਚ ਧਨ ਦੀ ਲਹ-
ਰ ਬਹਰ ਹੁੰਦੀ ਹੈ; ਉਸ ਵੇਲੇ ਕਹਰ ਦੀ ਮੰ-
ਹਘੀ ਜ਼ਹਰ ਸ਼ਰਾਬ ਸ਼ਹਰ ਤੋਂ ਬਾਹਰ ਨਹ-
ਰ ਦੇ ਕੰਢੇ ਯਾਰਾਂ ਬਾਸ਼ਾਂ ਦੇ ਨਾਲ, ਠਹਰ ਠਹਰ ਕੇ ਚਸਕੀ-

Digitized by Panjab Digital Library | www.panjabdigilib.org

ਆਂ ਲਾਈਆਂ। ਨੁਕਲਾਂ ਉਡਾਈਆਂ, ਮਹਰ ਮਾਸ਼ੂਕੀਆਂ ਛੂ-
ਆਂ ਵਧਾਈਆਂ ਗਾਈਆਂ। ਆਪੋ ਵਿਚ ਗਾਲੀ ਗਲੂਚ ਹੋ
ਏ ਧਕੇ ਧੋੜੇ ਖਾਧੇ, ਨਹਰ ਵਿਚ ਡਿਗੇ ਕਪੜੇ ਭਿਜੇ, ਅਮ-
ਲ ਵਿਚ ਗਟਾ ਗੁਟ ਹੋਏ ਝਟ ਪਟ ਵਾਗਾਂ ਫੜ ਗਡੀ ਉ-
ਤੇ ਹੋ ਬੈਠੇ। ਹੋਸ਼ ਤਾਂ ਇਸ ਵੇਲੇ ਹੈ ਹੀ ਨਹੀ, ਇਸ ਗ-
ਲ ਨੂੰ ਕੌਣ ਸੋਚੇ ਕਿ ਦੋ ਘੋੜਿਆਂ ਦੀ ਗਡੀ ਉਤੇ ਛੇ ਸਵਾ-
ਰੀਆਂ ਥੋਂ ਵਧੀਕ ਦੇ ਬੈਠਣ ਦਾ ਹੁਕਮ ਨਹੀ। ਇਥੇ ਸ਼ਰ-
ਬ ਸਰਬੇਸ਼ੂਰੀ ਦਾ ਪਰਤਾਪ, ਸਾਉਣ ਦੇ ਅੰਨੇ ਨੂੰ ਬਾਰਾਂ
ਮਹੀਨੇ ਹਰਿਆਉਲ। ਦਸ ਬਾਰਾਂ ਜਿਨੇ ਬੈਠੇ ਬੈਠ ਗਏ
ਕੜਾ ਕਾੜ ਜੋੜੀ ਨੂੰ ਦੋ ਛਾਂਟੇ ਲਗਦੇ ਹੀ, ਗਡੀ ਹਵਾ ਹੋ
ਗਈ, ਘੋੜੇ ਬੇਵਸ, ਇਸ ਵੇਲੇ ਜੇ ਗਡੀ ਰੋਕੀ ਬੀ ਜਾ-
ਏ ਤਾਂ ਮੀਲ ਭਰ ਤੇ ਜਾ ਕੇ ਠਹਰੇ। ਸਾਮ੍ਹਣੇ ਪਾਸਿਓਂ ਬੀ
ਗਡੀਆਂ ਘਰ੍ ਘਰ੍ ਆ ਰਹੀਆਂ ਹਨ। ਸਾਈਸ ਖੜ-
ੜੇ ਹਾਈਟ ਹਾਈਟ, ਬਚੋ ਬਚੋ ਪੁਕਾਰ ਰਹੇ ਹਨ। ਦੇ
ਵਨੇਤ ਇਕ ਗਡੀ ਸਾਮ੍ਹਣਿਓਂ ਆਉਂਦੀ ਬਬਰ ਤੇ ਢੁ-
ਕੀ ਸੀ ਕਿ ਧੁਰੇ ਨਾਲ ਧੁਰਾ ਘੜੈਂ ਕਰਕੇ ਵੱਜਾ, ਦੁਪਾਸੀਂ
ਸਵਾਰੀਆਂ ਡੇਢ੍ ਡੇਢ੍ ਹਬ ਉਛਲ ਕੇ ਧੜਾਕ ਕਰਦੀਆਂ
ਸੜਕ ਤੇ, ਵਾਗਾਂ ਵਾਲੇ ਸ਼ਰਾਬੀ ਸਾਹਬ ਦੋ ਹਬ ਉਛਲੇ
ਕਿਉਂਕਿ ਕਚੇ ਘੜੇ ਦੀ ਚੜ੍ਹੀ ਸੀ ਡਿਗੇ ਤਾਂ ਪਕੀ ਸੜਕ
ਤੇ ਖਟ ਕਰਕੇ। ਝਟ ਘੋੜੇ ਚਮਕ ਉਠੇ ਥੀਥਾਂ ਉਪਰ ਚੜ੍-
੍ਹ ਗਈਆਂ, ਸੜਕ ਦੇ ਇਕ ਪਾਸੇ ਨਿਵਾਣ ਵਿਚ ਗ-
ਡੀ ਘਫ਼ੀਮ। ਹੁਣ ਬੱਗੀ ਦੇ ਸਤਾਰਾਂ ਟੋਟੇ, ਗਾਸਾਂ ਦੇ ਪੰਦ੍ਰਾਂ
ਘੋੜੇ ਜ਼ਖਮੀ, ਤੇ ਕੁਕਣੇ ਔਖੇ, ਹੋਰ ਦੀ ਬਧੀ ਚੂਰ।

ਹਾਇ੨ ਦੀ ਦੁਹਾਈ ਮਚ ਗਈ; ਕਿਸੇ ਦਾ ਸਿਰ ਪਾਟਾ
ਕਿਸੇ ਦੀ ਟੰਗ ਟੁਟੀ ਕਿਸੇ ਦੀ ਬਾਂਹ ਭੱਜੀ, ਕੋਈ ਬੇਹੋਸ਼
ਹੋ ਗਿਆ, ਕੋਈ "ਹਾਇ ਮਰ ਗਿਆ, ਹਾਇ ਮਰ ਗਿਆ"
ਰੋ ਰਿਹਾ ਹੈ। ਇਹੋ ਹਾਲ ਦੂਜੀ ਗਡੀ ਵਾਲਿਆਂ ਦੀ ਸੀ। ਆ-
ਹਕ੍ਰਾਹ ਦਾ ਰੌਲਾ ਖੂਬ ਮਚ ਗਿਆ। ਕਈ ਰਾਹੀ ਤਮਾਸ਼ਾ ਦੇ-
ਖਣ ਖੜੋ ਗਏ। ਕਈ ਜਿਮੀਂਦਾਰ ਖੇਤਾਂ ਥੋਂ ਦੌੜੇ ਆ-
ਏ। ਕੋਈ ਭਜ ਕੇ ਠਾਣੇ ਪਹੁੰਚੇ। ਕੋਈ ਇਕ ਦੂਜੇ ਦੀ
ਮਿਟੀ ਝਾੜ ਰਹੇ ਹਨ; ਕੋਈ ਪਗਾਂ ਪਾੜ੨ ਕੇ ਪਟੀ-
ਆਂ ਬੰਨ੍ਹ ਰਹੇ ਹਨ। ਇਸ ਵੇਲੇ ਸ਼ਰਾਬ ਦੇ ਅਨੰਦ
ਨੂੰ ਇਹੋ ਮਹਾਤਮਾ ਚੰਗੀ ਤਰਾਂ ਜਾਣਦੇ ਹਨ। ਲਹੂ ਤੇ ਘ-
ਟੇ ਵਿਚ ਲੋਥੂ ਪੋਥੂ, ਤੇ ਪੀੜ ਨਾਲ ਬੇਤਾਬ। ਇਧਰ ਕਚੇ
ਖੁਸ਼ਾਮਦੀ ਆਪਣੀਆਂ ਤੁਕਾਂ ਜੋੜ ਰਹੇ ਹਨ" ਘੋੜੇ ਤਾਂ
ਅਗ ਦਾ ਅਵਤਾਰ ਹਨ, ਛਾਂਟਾ ਕਦ ਸਹਾਰਦੇ ਹਨ। ਅ-
ਗੋਂ ਆਉਣ ਵਾਲੇ ਬੀ ਅੰਨ੍ਹੇ ਹਨ, ਬਚਾਓ ਬਚਾਓ ਕਹਿ-
ਦਿਆਂ ਗਡੀ ਟਕਰਾ ਹੀ ਦਿਤੀ। ਦਸੋਂ ਖਾਂ। ਉਨ੍ਹਾਂ ਦਾ ਕੀ
ਗਿਆ। ਤ੍ਰਿਨਸੈ ਦੀ ਟੈਗਨਟ ਤਾਂ ਸਾਡੀ ਟੁਟ ਗਈ"।
ਦੂਜਾ ਬੋਲਿਆ "ਸਟਾਂ ਨਸ਼ੇ ਦੀਆਂ"। ਤੀਜਾ ਬੋਲਿਆ
"ਵਾਹ ਜੀ ਵਾਹ, ਸ਼ਰਾਬ ਨਹੀ ਸੀ ਪੀਤੀ? ਅਜੇ ਨਸ਼ੇ ਦੀ
ਝੂਤ ਵਿਚ ਹੋ"। ਇਨੇ ਤਾਈ ਸਾਈਸ ਨੇ ਘੋੜੇ ਫੜੇ
ਮਸੇ੨ ਬੰਬਾਂ ਹੇਠੋਂ ਕਢੇ, ਦੇਖੇ, ਫਟਨ੨ ਲਹੂ ਵਗ ਰਿ-
ਹਾ ਹੈ। ਲਕੜਾਂ ਫਟੀਆਂ ਚੂਰ੨ ਕਠੀਆਂ ਕੀਤੀਆਂ।
ਘੋੜੇ ਫੇਰ ਹੀ ਰਹੇ ਸਨ ਕਿ ਕਾਲੀ ਵਰਦੀ ਵਾਲਿਆਂ ਨੇ
ਆਣ ਪੁਛਿਆ, ਵਾਗਾਂ ਕਿਸ ਦੇ ਹਥ ਸਨ? ਪੁਲੀਸ

Digitized by Panjab Digital Library | www.panjabdigilib.org

ਨੂੰ ਵੇਖਕੇ ਸਭਨਾ ਦੇ ਹਵਾਸ ਗੁੰਮ। ਬਹੁਤਿਆਂ ਦਾ ਅ-
ਮਲ ਤਾਂ ਮਾਰੇ ਡਰ ਦੇ ਉਡ ਗਿਆ, ਪਰ ਦੋ ਚਾਰ ਘੋਰੀ
ਤਾਂ ਅਜੇ ਬੀ ਹਾਥੀ ਵਾਂਙੂ ਮਸਤ ਸਨ। ਕਰੇ ਕੁਸਾਮ
ਤੀ ਹਥ ਜੋੜਕੇ ਬੜੇ ੨ ਬੋਲੇ "ਜਮਾਦਾਰ ਜੀ ਘੋੜੇ ਨ
ਵੇ ਲਾਏ ਸਨ, ਫੇਰਨ ਵਾਸਤੇ ਏਧਰ ਆਏ ਹੈਗੇ ਸਾਂ।
ਤੂਤੀ ਦਾ ਮੂਸਲ ਗਡੇ ਤੇ ਦੇਖਕੇ ਘੋੜੇ ਤ੍ਰਹਕ ਗਏ, ਗ-
ਡੀ ਪਾਸ ਪੈ ਗਈ। ਏਥੇ ਸ਼ਰਾਬ ਤਾਂ ਕਿਸੇ ਵੀ ਨਹੀ
ਪੀਤੀ। ਪੁਲੀਸ ਵਾਲੇ ਤਾੜ ਗਏ ਕਿ ਸਾਮੀ ਨਿਗਰ ਹੈ
ਇਕ ਸ਼ਰਾਬੀ ਦੂਜੇ ਗਡੀ ਟਕਰਾਈ ਤੇ ਤੀਜੇ ਸਵਾਰੀ-
ਆਂ ਬਹੁਤ। ਬੋਲੇ; ਲਾਲਾ ਸਾਹਬ ਗਡੀ ਦਾ ਅਸਬ
ਬ ਚੁਕੋ ਸਿਰ ਉਤੇ ਤੇ ਚਲੋ ਠਾਣੇ। ਇਧਰ ਦੂਜੇ ਗਡੀ ਵਾ
ਲੇ ਹਾਲ ਦੁਹਾਈ ਮਚਾ ਰਹੇ ਹਨ। ਜ਼ਮਾਦਾਰ ਜੀ ਨਾਹ-
ਕ ਮਾਰੇ ਗਏ, ਅਸੀ ਦੁਹਾਈ ਤਿਹਾਈ ਦੇਂਦੇ ਰਹੇ, ਇਨਾਂ
ਬਗੀ ਨਹੀ ਰੋਕੀ, ਪਰ ਨਹੀ ਰੋਕੀ। ਭਲਾ ਸ਼ਰਾਬ ਇਨਾਂ
ਪੀਤੀ, ਗਡੀ ਸਾਡੀ ਟੁਟੀ ਸਟਾਂ ਲਗੀਆਂ, ਘੋੜਾ ਘਾਇ-
ਲ ਹੋਇਆ। ਇਨਾਂ ਦੇ ਪਾਪ ਦਾ ਇਹ ਫਲ ਸਾਨੂੰ ਮਿਲਿਆ।
ਕਾਨਸ੍ਟੇਬਲ ਬੋਲੇ, ਚਲੋ ਠਾਣੇ ਚਲੋ, ਸਭਨਾਂ ਨੂੰ ਫ
ਲ ਮਿਲ ਜਾਏਗਾ। ਮੁਕਦੀ ਗਲ, ਲਗੇ ਮਿਨਤਾਂ ਤ-
ਰਲੇ ਹੋਣ "ਜਮਾਦਾਰ ਜੀ ਤੁਸੀ ਸਾਨੂੰ ਠਾਣੇ ਨਾ ਲੈ ਚਲੋ
ਛਡ ਦਿਓ, ਅਸੀ ਵੀ ਕਦੀ ਤੁਹਾਡੇ ਕੰਮ ਆਵਾਂਗੇ। ਇਹ
ਸ਼ਾਮਪੀਨ ਦੀ ਇਕ ਬੋਤਲ ਬਾਕੀ ਬਚ ਰਹੀ ਹੈ, ਹੋਰ
ਤਾਂ ਸਭ ਭੁਜ ਗਈਆਂ, ਆਪ ਪੀਓ ਤੇ ਸਾਡੇ ਤੇ ਕਰਮ
ਬਖ਼ਸ਼ੀ ਕਰੋ। ਜਾਣ ਦਿਓ। ਦੂਜੇ ਪਾਸੇ ਦੇ ਬੋਲੇ ਜਮਾ-

Digitized by Panjab Digital Library | www.panjabdigilib.org

ਦਾਰਜੀ ਇਹੋ ਬੋਤਲ ਲੈਕੇ ਸਬੂਤ ਵਾਸਤੇ ਕਿਉ ਨਹੀ ਰ-
ਖ ਲੈਂਦੇ। ਓੜਕ ਸਭਨਾਂ ਨੈ ਰਲ ਮਿਲ ਕੇ ਗਠੀਏ ਟੋਟੇ
ਸਿਰਾਂ ਤੇ ਚੁੱਕੇ। ਘੋੜੇ ਸਾਈਸਾਂ ਨੈ ਤੁਰਿਆਏ। ਬੇਹੋ-
ਸ਼ਾਂ ਨੂੰ ਦੋ ਚਾਰ ਡੰਡੇ ਲਾਏ ਸਾਰਾ ਸਿਰਾ ਸਾਂਗ ਝਾ ਲੈਕੇ ਠ-
ਣੇ ਪਹੁੰਚੇ। ਠਾਣੇਦਾਰ ਨੈ ਹੁਕਮ ਦਿਤਾ, ਦਿਓ ਆਦ-
ਮੀਆਂ ਨੂੰ ਹਵਾਲਾਤ ਵਿਚ ਤੇ ਘੋੜਿਆਂ ਨੂੰ ਕਾਜੀ ਹੌ-
ਜ਼ ਵਿਚ। ਰਾਤ ਬੀ ਆ ਪਹੁੰਚੀ। ਸ਼ਰਾਬੀ ਜ਼ਖਮੀ,
ਭੁਖੇ ਮਾਂਦੇ, ਸ਼ਰਾਬ ਦੀ ਟੋਟ ਉਤੇ ਹਵਾਲਾਤ; ਵਾ-
ਹਵਾਹ ਕਿਹਾ ਅਨੰਦ ਹੈ!!!

ਵਾਹ ਨੀ! ਅਮੀਰਾਂ ਦੀ ਸ਼ਰਾਬ ਦੇਈ। ਸਿਰ ਚ-
ੜ੍ਹ ਖੇਡੇ ਮੂੰਹ ਚੜ੍ਹ ਬੋਲੇ; ਖਾਸ ਫ਼੍ਰਾਂਸ ਇੰਗਲੈਂਡ ਦੀ ਦੇ-
ਵੀ। ਤੇਰੇ ਸੇਵਕਾਂ ਨੂੰ ਇਹੋ ਪਰਮ ਪਦਵੀ, ਇਹੋ ਮੁਕ-
ਤੀ ਇਹੋ ਜੁਗਤੀ ਇਹੋ ਵਡਿਆਈ, ਜੋ ਨਾਮੀ ਨੇ ਪਤੀਆ
ਲੈ ਲਵੇ, ਇਹ ਵਡਾ ਘਰ ਤੇਰੀ ਹੀ ਕ੍ਰਿਪਾ ਨਾਲ ਗਰੀਬ
ਅਮੀਰ ਨੂੰ ਪ੍ਰਾਪਤ ਹੁੰਦਾ ਹੈ।। ਜਿਸ ਨੈ ਤੈਨੂੰ ਮੂੰਹ ਲਾ-
ਇਆ ਤੂੰ ਉਸਦੇ ਸਿਰ ਚੜ੍ਹੀ, ਜਿਸ ਨੈ ਤੇਰਾ ਕਾਗ ਖੋ-
ਲਿਆ, ਤੈਂ ਉਸਦਾ ਤਨ, ਮਨ, ਧਨ, ਪਤ, ਕਰਮ, ਧਰ-
ਮ ਵਿਸਾਹ ਸਭ ਕੁਝ ਖੋਹ ਲਿਆ। ਤੇਰੇ ਫੱਟੇ ਦੀ ਪਈ
ਦਲਿਦ੍ਰ, ਤੇਰੇ ਡੇਰੇ ਤਾਂ ਮੌਤ ਹਵਾਲਾਤ ਤੇ ਜੇਲ੍ਹ। ਤੇ-
ਰੇ ਪਸਾਰੇ ਦੀ ਮੌਜ ਮੋਰੀਆਂ। ਬਜ਼ਾਰਾਂ ਦੀਆਂ ਠੋਕਰਾਂ
ਹਵਾਲਾਤਾਂ, ਸ਼ਫਾਖਾਨੇ ਤੇ ਪਾਗਲਖਾਨੇ। ਵਾਹ ਤੂੰ ਤੇ ਵਾ-
ਹ ਤੇਰਾ ਪ੍ਰਤਾਪ। ਤੇਰੇ ਜੈਸੀ ਬੋਤਲ ਬਾਸਨੀ ਦੇਵੀ ਤੂੰ ਹੀ ਹੈਂ।

ਸਭ ਜਗ ਤੇਰਾ ਸੇਵਕੋ, ਸਭ ਬਲ ਤੇਰਾ ਮਾਨ।
ਤੂੰ ਸਭ ਕੀ ਸਿਰਦਾਰਨੀ, ਤੂੰ ਹੀ ਕਾਲ ਭਰਣਨ।।

ਇਨੇ ਤਕ ਘਰ ਸਨਬੰਧੀਆਂ ਨੂੰ ਬੀ ਖਬਰ ਹੋਈ, ਕਿ ਸ਼ਰਾਬੀ ਜੀ ਸਮੁਧੇ ਹਵਾਲਾਤ ਦੀ ਹਵਾ ਖਾ ਰਹੇ ਹਨ। ਝਟ ਪਟ ਕੁਛ ਵਿਚ ਰੁਪਯਾਂ ਦੇ ਤੋੜੇ ਲੈਕੇ ਦੌੜੇ ੨ ਠਾਣੇ ਪਹੁੰਚੇ ਰਾਹ ਵਿਚੋਂ ਕੋਈ ਸਿਫਾਰਸ਼ ਬੀ ਢੂੰਡ ਢਾਂਡ ਕੇ ਨਾਲ ਹੀ ਲਈ ਗਏ। ਲਗੇ ਠਾਣੇਦਾਰ ਦੀਆਂ ਮਿਨਤਾਂ ਖੁਸ਼ਾ-ਮਦੀਆਂ ਕਰਨ ਤੇ ਸਿਫਾਰਸ਼ਾਂ ਦਾ ਜ਼ੋਰ ਪਾਉਣ। ਹੋਰ ਤਾਂ ਕੁਝ ਨਾ ਬਣਿਆ, ਪਰ ਇਨਾ ਹੋ ਗਿਆ ਕਿ ਕੁਝ ਮੁਚ-ਲਕੇ ਤੇ ਕੁਝ ਜ਼ਮਾਨਤਾਂ ਦੇ ਦਵਾਕੇ ਅਪੀ ਕੁਰਗਤੀ ਘਰ ਆਏ। ਸਟਾਂ ਦੀਆਂ ਪੀੜਾਂ, ਧਨ ਦਾ ਖਰਚ, ਮਿਨਤ ਤਰਲੇ ਵਖਰੇ, ਸਿਸਾਰ ਵਿਚ ਵਡਿਆਈ, ਭਾਈ ਚਾਰੇ ਵਿਚ ਸੁਪਨ ਖਾਤੇ ਬੀ ਵਧਕੇ ਨਕ ਵਢਣੀ। ਏਹ ਸ਼-ਰਾਬ ਕੌਰ ਦੇ ਅਨੰਦ ਹਨ। ਜੇ ਕਦੀ ਗੈਂਏਣਾ ਫੇਰਦੇ ਤਾਂ ਭੀ ਏਡੀ ਨਾਮਵਰੀ ਨਹੀ ਹੋਣੀ ਸੀ। ਖੈਰ ਹਾਇ ਕ੍ਰਾਹ ਕਰਦਿਆਂ, ਸੇਕ ਟਕੋਰਾਂ ਹੋਂਦਿਆਂ, ਭੈੜੇ ਮੰਦੇ ਹਾਲ ਰਾਤ ਕਟੀ। ਸਵੇਰੇ ਉਠਦੇ ਹਨ ਤਾਂ ਉਠਿਆ ਨਹੀ ਜਾਂਦਾ, ਸਰੀਰ ਆਕੜ ਕੇ ਸਤੀਰ ਹੋ ਗਿਆ ਹੈ। ਬੰਦ ੨ ਭਜ ਰਿਹਾ ਹੈ, ਸਿਰ ਮੂੰਹ ਨਕ ਅਖਾਂ ਆਦਿ ਵਿਚ ਘਟਾ ਭਰਪੂਰ ਹੈ, ਬੁਰੇ ਹਾਲ ਤੇ ਬਾਂਕੇ ਵਿਹਾੜੇ, ਮਸੇ ੨ ਉਠੇ ਪਾਖਾਨੇ ਗ-ਏ; ਹੇਠ ਸਿਪਾਹੀ ਅਵਾਜ਼ਾਂ ਕਸ ਰਹੇ ਹਨ "ਛੇਤੀ ੨ ਚਲੋ ਠਾਣੇਦਾਰ ਸਾਹਬ ਯਾਦ ਕਰਦੇ ਹਨ"। ਉਸੇ ਵੇਲੇ ਕ੍ਰਾ-ਏ ਦੀ ਗਡੀ ਮੰਗਾਈ, ਸਿਪਾਹੀਆਂ ਸਮੇਤ ਬੈਠੇ ਠਾਣੇ ਪਹੁੰਚ ਗਏ। ਰਾਤ ਵਾਲੇ ਜ਼ਖ਼ਮੀ ਸਾਥੀਆਂ ਵਿਚੋਂ ਕੁ-ਝ, ਸਟਾਂ ਪੇਟਾਂ, ਉਤੋਂ ਡੰਡਿਆਂ ਦੀ ਮਾਰ ਤੇ ਅਮਲ ਦੇਖੁ-

ਮਾਰ ਨਾਲ ਆਕੜ੍ਹ ਫਕੜ੍ਹ, ਸਵੇਰ ਤੋੜ੍ਹੀ ਕਾਠ ਦੀਆਂ ਘੋੜੀਆਂ ਤੇ ਲੇਟ, ਰਹੇ ਭਗਵਾਂ ਦੇ ਮੋਢੇ ਚੜ੍ਹ ਸਿਧੇ ਮਸਾਣਾਂ ਨੂੰ ਪਧਾਰੇ।

ਜਿਨੇ ਕੁ ਬਚੇ ਦਸ ਬਜੇ ਪੁਲੀਸ ਦੀ ਕ੍ਰਿਪਾ ਨਲ ਚਲਾਨ ਹੋਕੇ ਮੈਜਸਟ੍ਰੇਟ ਦੇ ਪਹੁੰਚੇ। ਬਾਦਸ਼ਾਹ ਦ ਪੁਛ ਪੁਛਾਕੇ ਕਿਸੇ ਨੂੰ ਕੈਦ ਕਿਸੇ ਨੂੰ ਜੁਰਮਾਨਾ, ਨਕੇ ਵਿਚ ਰਿਹਾ ਮੰਜੇ ਤੋਂ ਪੈਲਾ ਤੇ ਟੱਕਰਾਂ ਕਰਨੀਆਂ

ਪਰ ਵਾਹ ਬਈ ਸ਼ਰਾਬੀ!! ਗਡੀ ਦੀ ਮੁਰਮਤ ਤਕ ਭਾਵੇਂ ਨਾਗਾ ਪਿਆ ਹੋਵੇ, ਨਹੀ ਤਾਂ ਉਹੋ ਨਹਰ ਤੇ ਸ਼ਰਾਬ ਦੀ ਲਹਰ ਬਹਰ, ਰੈੜ੍ਹਦੀਆਂ ਮੌਜਾਂ, ਟਕਰਾਂ ਦੇ ਅਨੰਦ ਹਵਾਲਾਟਾਂ ਦੀ ਸੈਲ, ਨਿਤ ਨੇਮ। ਇਸੇ ਤਰਾਂ ਧਨ ਹੁਰੀ ਕਿਜਰਾਂ ਕਲਾਲਾਂ ਆਦਿਕਾਂ ਦੇ ਘਰ ਪਹੁੰਚ ਗਏ। ਮਕਾਨ ਵਿਕ ਗਏ ਗਡੀਆਂ ਘੋੜੇ ਗਿਰੋ, ਹਟੀ ਦਾ ਦਿਵਾਲਾ, ਲੈਣ ਦਾਰਾਂ ਦਾ ਤਾਲਾ। ਅਮੀਰ ਜੀ ਸ਼ਰਾਬ ਦੀ ਬੋਤਲ ਪਿਛੇ ਦੂਬ ਦਬਾਕੇ ਲੁਕਦੇ ਫਿਰਦੇ ਹਨ, ਕਿਤੇ ਵਰੰਟਾਂ ਵਾਲੇ ਨਾ ਫੜ੍ਹ ਲੈਣ। ਓੜਕ ਕਿਸੇ ਪਾਸੇ ਨਸ ਗਏ; ਮੰਦੇ ਹਾਲ, ਕਿਤੇ ਢੋਈ ਨਹੀ; ਵਾਹ ਨੀ ਸ਼ਰਾਬ ਖੋਰ!

ਧਨ ਖੈ, ਕੁਲ ਖੈ, ਜਾਤ ਖੈ, ਕਰਤ ਅੰਤ ਖੈ ਦੇਹ।
ਵਾਹ ਸ਼ਰਾਬ ਤੇਰੀ ਕ੍ਰਿਪਾ ਚਰਨ ਸਰਣ ਰਖ ਲੇਹੁ।

**ਰੌਬਾਦੌਰ**
ਸੁਨ ਬੇਪੀ ਅਨਿਦਖਾਂ

ਛੋੜ੍ਹੇ ਫਿਰ ਪਿਛੋਂ ਸਿੰਘ ਸਾਹਬ ਹੁਰੀ ਆਪਣੀ ਗਾਥਾ ਇਉਂ ਕਹਣ ਲਗੇ, ਕਿ ਅਸਾਂ ਇਸ ਸ਼ਰਾਬ ਖਾਨਾ ਖਰਾਬ ਦੀਆਂ ਲਹਰਾਂ ਮੌਜਾਂ ਵਡੀਆਂ ਅਚਰਜ ਡਿਠੀਆਂ ਹਨ। ਵਡੇਰ ਸੇ

Digitized by Panjab Digital Library | www.panjabdigilib.org

ਹਠੇ ਜ੍ਵਾਨ, ਰੰਗੀਲੇ ਛੈਲ ਛਬੀਲੇ, ਬੁਧਵਾਨ, ਜਸਵਾਨ ਕੁਲਵਾਨ, ਵਿੱਦਵਾਨ, ਧਨਵਾਨ, ਗੁਨਵਾਨ, ਪ੍ਰਬੀਨ ਨੁਕਤੇਚੀਨ, ਇਸ ਸ਼ਰਾਬ ਖਾਨਾ ਖਰਾਬ ਦੇ ਹਥ ਅਜਿਹੇ ਵਿਕੇ ਕਿ ਬਲ, ਸਰੂਪ, ਸਜਾਵਟ, ਅਕਲ, ਜਸ ਕੁਲ, ਵਿਦਿਆ, ਧਨ ਗੁਨ, ਮਾਨ ਆਦਿਕ ਸਭ ਗਵਾ ਬੈਠੇ, ਦੀਨ ਦੁਨੀਆਂ ਥੋਂ ਹਥ ਧੋ ਬੈਠੇ, ਪਰਮ ਪਿਆਰੀ ਜਾਣ ਨੂੰ ਰੋ ਬੈਠੇ।

6941G

ਦੌਰ ਚਲੇ ਹੋਰ ਚਲੇ ਹੋਰ ਚਲੇ ਸਾਕੀਆ;
ਹੋਰ ਚਲੇ ਹੋਰ ਚਲੇ ਦੌਰ ਚਲੇ ਠਾਕੀਆ।

ਕੁਝ ਸ਼ਰਾਬੀ ਜੋ ਸ਼ਰਾਬ ਪੀਣ ਲਗੇ ਤਾਂ ਇਨੀ ਪੀ ਗਏ ਕਿ ਸਾਰੇ ਦੇ ਸਾਰੇ ਉੱਲੂ, ਆਪਣੇ ਹੋਸ਼ ਹਵਾਸ ਤਨ ਧਨ ਸਭ ਬੋਤਲ ਬਾਸਨੀ ਦੇ ਅਰਪਣ। ਇਨਾਂ ਵਿਚੋਂ ਕਈ ਤਾਂ ਪੀਣ ਖਾਣ ਵਾਲੇ ਮੁਸ਼ਕ ਕਾਫੂਰ ਵਾਂਗੂ ਮਰਨ ਤੋਂ ਪਹਿਲੇ ਹੀ ਉਡ ਗਏ। ਕੁਝ ਬੋਤਲਾਂ ਗਿਲਾਸ ਸੁਣਿਨ ਸ਼ਣੰਨ ਵਜਕੇ ਭਜਣ ਵੇਲੇ, ਬਿਹੋਸ਼ੀ ਗਾਫਲੀ ਵੇਖਕੇ, ਮਿਸੀ ਦੀ ਮਖੀ ਵਾਂਗੂ ਖਾਧੀ ਤੇ ਉਡੀਤ। ਕੁਝ ਇਕ ਦੂਜੇ ਨੂੰ ਬਿਸੁਧ ਪਿਆਂ ਵੇਖਕੇ, ਤੇ ਇਹ ਸੋਚਕੇ ਭਈ ਮਤਾਂ ਕੋਈ ਇਨਾਂ ਦਾ ਸਨਬੰਧੀ ਇਸ ਵੇਲੇ ਆਕੇ ਵੇਖ ਲਵੇ ਤੇ ਕਿਤੇ ਸਾਨੂੰ ਕੌੜਾ ਫਿਕਾ ਨਾ ਕਹੇ ਕਹਾਏ, ਪਰਮੇਸੁਰ ਨਾ ਕਰੇ ਜੇ ਕਿਤੇ ਕੋਈ ਇਸ ਹਾਲ ਵਿਚ ਮਰ ਬੀ ਜਾਏ, ਤਾਂ ਫੇਰ ਪਿਛੋਂ ਪੁਲਸ ਦਾ ਮੂੰਹ ਵੇਖਣਾ ਵਡਾ ਬੁਰਾ ਹੋਊ, ਇਹੋ ਜਿਹੀਆਂ ਸਿਆਣਪਾਂ ਸੋਚ ਬਟੇਰੇ ਵਾਂਗੂ ਭੁਰ੍ਰ।

ਇਹ ਗਲ ਤਾਂ ਤੁਸੀ ਜਾਣਦੇ ਹੀ ਹੋ, ਭਈ ਸ਼ਰਾਬੀ

ਆਪਣੇ ਮੁਕਾਮ ਉਤੇ ਔਖਾ ਹੀ ਪਹੁੰਚਦਾ ਹੁੰਦਾ ਹੈ, ਦਸ
ਵੀਹ ਕਦਮ ਕਿਤੇ ਲੁੜਖੁੜਾਉਂਦੀ ਚਾਲ ਚਲੇ ਧੜਮ ਮੋ-
ਰੀ ਵਿਚ, ਡਿਗੇ ਸੋ ਡਿਗੇ, ਹੋਸ਼ ਆਵੇ ਤਾਂ ਭਾਵੇਂ ਉਠਾਵੇ, ਨਹੀ
ਤਾਂ ਨਹੀ। ਪਹਿਲੇ ਸ਼ਰਾਬੀ ਜੀ ਤਾਂ ਦਿਨ ਚੜ੍ਹਦੇ ਤਾਈਂ ਇਕੁਰ ਪਏ ਰਹੇ।

ਦੂਜੇ ਸ਼ਰਾਬੀ ਇਕ ਬੇਸੁਧ ਮਿਤ੍ਰ ਨੂੰ ਘਰ ਤਕ ਛਡ-
ਣ ਗਏ, ਜਾਂਦਿਆਂ ਤਾਂ ਬੇਖਬਰ ਦੀ ਖਬਰ ਵਿਚ ਸਨ,
ਹੁਣ ਛਡ ਕੇ ਮੁੜੇ ਤਾਂ ਰਾਹ ਵਿਚ ਇਕ ਠੰਢੀ ਹਵਾ ਦਾ ਬੁ-
ਕਾ (ਬੁੱਲਾ) ਲਗਾ, ਆਪ ਬੇ ਹੋਸ਼ ਹੋ ਗਏ। ਲਗੇ ਲਿ-
ਮੇ ੨ ਡਗ ਭਰਨ ਬਜਾਰ ਦੀ ਮਿਣਤੀ ਕਰਨ। ਕਿਧਰੇ
ਤਾਂ ਦਸ ਕਦਮ ਵਡੇ ਕਾਹਲੇ ੨ ਭਰਕੇ ਪੋਸਤੀ ਦੀ ਪਿਣ-
ਕ ਵਾਂਗੂ ਅਖਾਂ ਮੀਟੇ ਇਕ ਪੈਰ ਚੁਕੀ ਖੜੋਤੇ ਹਨ, ਜਰਾ
ਪਿਣਕ ਖੁਲੀ ਤਾਂ ਕਿਸੇ ਖਿਆਲੀ ਵੈਰੀ ਨੂੰ ਮਾਰਨ ਉਠ
ਦੌੜੇ, ਕਿਤੇ ਨੀਵੀਂ ਉਚੀ ਥਾਂ ਤੇ ਪੈਰ ਉਖੜਿਆ ਧੜ੍ਹ ੨
ਕਰਦੇ ਰੋੜ੍ਹੇ ਵਾਂਗੂ ਰਿੜ੍ਹਦੇ ੨ ਦਸ ਕਦਮ ਤੇ ਜਾ ਪਏ, ਅ-
ਤੇ ਮੂੰਹੋਂ ਕਹੀ ਗਏ "ਹਤ ਤੇਰੀ ਆਖੀ ਹਾਈ ਕੇ" ਇਸ ਦ-
ਸ਼ਾ ਵਿਚ ਜੇ ਕਿਸੇ ਮਿਤ੍ਰ ਜਾਂ ਸਨਬੰਧੀ ਦੇ ਹੱਥੇ ਚੜ੍ਹ ਗ-
ਏ ਤਦ ਦਾ ਘਰ ਪੁਜ ਪਏ। ਨਹੀ ਤਾਂ ਜਿਥੇ ਪਏ ਸੋ ਪਏ
ਜੇ ਪੁਲੀਸ ਦੇ ਹੱਥੇ ਚੜ੍ਹ ਗਏ ਤਾਂ ਉਹੋ ਦੂਰਦਸ਼ਾ ਜੋ ਪਿਛੇ
ਸੁਣ ਚੁਕੇ ਹੋ। ਜੁਰਮਾਨਾ ਹੋ ਗਿਆ ਤਾਂ ਭਰੇ ਕੌਣ। ਲਾਚ-
ਰ ਸਨਬੰਧੀਆਂ ਨੇ ਹੀ ਦੁਖੀ ਸੁਖੀ ਭਰਿਆ। ਨਾਲ ਹੈ
ਤੁਰੇ ਤਾਂ ਲੋਕਾਂ ਦੇ ਮਿਹਣੇ ਤੇ ਬੋਲੀਆਂ। ਘਰ ਦਿਆਂ ਨੇ
ਨਾਨਾ ਤਾਨਾ ਦੇ ਦੇ ਸਮਝਾਇਆ, ਦਿਨ ਸ਼ਰਮੋਂ ਕੁਸ਼ਰਮੋਂ
ਲੰਘਾਇਆ; ਰਾਤ ਫੇਰ ਨਿਤ ਨੇਮ।

Digitized by Panjab Digital Library | www.panjabdigilib.org

ਤੀਜੇ ਸ਼ਰਾਬੀ ਸਾਹਬ ਅਮਲ ਵਿਚ ਗੜਾ ਗੁਟ ਸੇ-
ਖੀ ਦੇ ਮਾਰੇ ਮੇਲ ਨੂੰ ਉਠ ਦੌੜੇ, ਲੋਕਾਂ ਨੂੰ ਰਸਤੇ ਵਿਚ ਕਈ
ਰੰਗ ਤਮਾਸ਼ੇ ਦਿਖਾਉਂਦੇ, ਮੁੰਡਿਆਂ ਕੋਲੋਂ ਹੋਇ ਹੋਇ ਕ-
ਰਾਉਂਦੇ ਇਟਾਂ ਵਟੇ ਖਾਂਦੇ, ਜਾਂਦੇ ਰ ਕਿਤੇ ਮੁੰਡਿਆਂ ਪਾਸੋਂ
ਉਹਲੇ ਹੋਕੇ ਲਗੇ ਕੂਕਣ, ਹਨੇਰਾ ਤਾਂ ਸੀ ਹੀ, ਖੂਹ ਦੀ
ਮਣ ਉਤੇ ਚੜ੍ਹ ਗਏ। ਖੂਹ ਪੁਰ ਢੋਪਟਾ ਬੀ ਨਹੀਂ ਸੀ
ਸ਼ਰਾਬੀ ਹੁਰਾਂ ਦੇ ਪੈਰੀ ਬੂਟ ਹਥ ਵਿਚ ਸੋਟੀ, ਜਿਉਂ ਹੀ
ਇਕ ਲੁੜ੍ਹਕਣੀ ਖਾਧੀ ਧੜੰਮ ਖੂਹ ਵਿਚ, ਬਸ ਹੁਣ ਡਿ-
ਗੇ ਸੋ ਡਿਗੇ, ਤੀਜੇ ਦਿਨ ਫੁਲ ਕੇ ਤਰ ਪਏ। ਪੁਲੀਸ ਨੇ
ਕਢਿਆ, ਤਹਕੀਕਾਤ ਵੇਲੇ ਵਾਰਸਾਂ ਨੂੰ ਖਬਰ ਹੋਈ,
ਰੋਂਦੇ ਧੋਂਦੇ ਫੂਕ ਆਏ।

ਚੌਥੇ ਸ਼ਰਾਬੀ ਸਾਹਬ ਡਿਗਦੇ ਢਹਿੰਦੇ ਆਪਣੇ
ਮਕਾਨ ਤੇ ਤਾਂ ਅਪੜੇ, ਪਰ ਛਤ ਚੜ੍ਹਦਿਆਂ ਉਪਰ-
ਲੀ ਪੌੜੀ ਥੋਂ ਜਿਉਂ ਪੈਰ ਉਖੜਿਆ, ਧੜ ਧੜ ਕਰਦੇ
ਥਲੇ। ਡਿਗਦਿਆਂ ਹੀ ਗਰਦਨ ਟੁਟ ਗਈ, ਸਿਰ ਪਾ-
ਟ ਗਿਆ, ਪਿਛੀਂ ਲਹੂ ਲੁਹਾਨ, ਸਨਬੰਧੀਆਂ ਦੇ ਪ-
ਹੁੰਚਦਿਆਂ ਫੜਦਿਆਂ ਤੀਕ ਲੰਮੇ ਰਾਹੀਂ ਤੁਰ ਗਏ।

ਪੰਜਵੇਂ ਮਹਾਤਮਾ ਸ਼ਰਾਬੀ ਜੀ ਨਿਕਲ ਤਾਂ
ਤੁਰੇ ਪਰ ਜਿਥੇ ਕਿਥੇ ਲੜਾਈ। ਕਿਤੇ ਹਾਸਾ, ਕਿਤੇ
ਗਾਲੀ ਗਲੋਚ, ਕਿਤੇ ਘਸੁੰਨ ਮੁਕੀ। ਇਸੇ ਹਾ-
ਸੇ ਠਠੇ ਵਿਚ ਜੋ ਕਿਸੇ ਨੇ ਧਕਾ ਦਿਤਾ। ਦੈਵਨੇਤ ਉ-
ਧਰੋਂ ਇਕ ਟਿਰਨ ਧਸਾ ਧਸ ਆ ਰਹੀ ਸੀ, ਬਬਾਂ
ਨਾਲ ਜਾ ਵਜੇ, ਲੁੜ੍ਹਕਣੀ ਖਾ ਕੇ ਡਿਗੇ, ਡਿਗਦਿਆਂ

ਗੀ ਸਿਰ ਪਹੀਏ ਹੇਠ, ਠੀਕਰਾ ਫੁਟ ਗਿਆ, ਮਿਝ ਨਿਕਲ ਗਈ, ਲਗੇ ਲਤਾਂ ਬਾਹਾਂ ਮਾਰਨ, ਦੋ ਚਹੁੰ ਮਿੰਟਾਂ ਵਿਚ ਪਾਰ। "ਰਾਮ ਰਾਮ ਸਤ ਹੈ" ਹੋ ਗਈ।

ਛੀਵੇਂ ਅਮਲੀ ਸਾਹਬ ਇਕ ਨੌਕਰ ਨੂੰ ਨਾਲ ਲੈਕੇ ਆਪਣੀ ਬੈਠਕ ਪੁਜ ਤਾਂ ਪਏ, ਪਰ ਮੰਜੇ ਬਿਸਤ੍ਰੇ ਦੀ ਕੋਈ ਸੁਧ ਨਹੀ, ਅਧਾ ਧੜ ਹੇਠ, ਅਧਾ ਮੰਜੇ ਤੇ, ਅਧੀ ਕੁ ਰਾਤ ਤਾਈਂ ਪਏ ਰਹੇ ਕੁਝ ਜਾਗੇ, ਤਾਂ, ਨਕ ਮੂੰਹ ਸੰਘ ਸੁਕਾ ਹੋਇਆ ਹੈ, ਤ੍ਰੇਹ ਨਾਲ ਕਲੇਜਾ ਸੜ ਰਿਹਾ ਹੈ, ਲਗੇ ਨੌਕਰਾਂ ਚਕਰਾਂ ਨੂੰ ਹਾਕਰਾਂ ਦੇਣ। ਪਰ ਸਭ ਸੁਤੇ ਪਏ ਹਨ। ਨੇੜੇ ਤੇੜੇ ਕੋਈ ਨਹੀ; ਅੱਕਕੇ ਆਪ ਉਠੇ; ਭੁਲੇਖੇ ਬਾਰੀ ਵਲ ਜਾ ਨਿਕਲੇ। ਚਿਤ੍ਰ ਮਾਂਹ ਚਾਨ੍ਹਿਆ ਹੋਇਆ, ਚਾਨਣੀ ਨਿਖਰੀ ਹੋਈ ਸੀ, ਸੜਕ ਬੀ ਚਿਟੀ ਚਾਨਣੀ। ਦੇਖਕੇ ਲਗੇ ਕਹਣ, ਵਾਹਵਾਹ ਕੇਹੀ ਸੁੰਦਰ ਨਹਰ ਲਹਰਾ ਰਹੀ ਹੈ। ਸ਼ਰਾਬ ਦੀ ਅਗ ਨਾਲ ਝੁਲਸੇ ਹੋਏ ਤਾਂ ਸਾਨ ਹੀ, ਝਟ ਛਾਲ, ਖਟ ਪੈਰਾਂ ਦੇ ਭਾਰ, ਡਿਗਦਿਆਂ ਹੀ ਅੰਦ੍ਰਲੀ ਬਾਹਰਲੀ ਨਲੀ ਕੜਕ ਟੁਟਕੇ ਸਿਰੇ ਤੁਰਾਂ ਨੂੰ ਪਾੜਕੇ ਬਾਹਰ ਹੋ ਗਈ। ਹੁਣ ਗਏ ਬੇਸੁਧੀ ਦੇ ਗੋਤੇ ਵਿਚ, ਲਹੂ ਵਿਚ ਡੁਬੇ ਹੋਏ ਸੜਕ ਦੀ ਨਹਰ ਵਿਚ ਪਏ ਹਨ। ਪਹੁ ਫੁਟਣ ਵੇਲੇ ਭੰਗੀ ਬਜਾਰ ਹੂੰਝਣ ਜੋ ਆਏ, ਕੁਤੇ ਦੇ ਭੁਲੇਖੇ ਝਾੜੂ ਦਾ ਬੂਡਾ ਛੁਹੇ ਤੇ ਜ਼ੋਰ ਨਾਲ ਠੋਕਿਆ ਤੇ ਦੁਰੇ ਦੁਰੇ ਕਰਕੇ ਉਠਾਉਣ ਲਗਾ। ਪੀੜ ਹੋਈ ਤਾਂ ਸ਼ਰਾਬੀ ਹੁਰੀਂ ਬੀ ਚਊਂ ਚ ਕਰਨ ਲਗੇ। ਘਬਰਾਕੇ ਉਠੇ ਤਾਂ ਲਤ ਹੀ ਨਹੀ, ਘਸ੍ਰਿਮ ਸਜੇ ਪਾਸਿਓਂ ਖਬੇ ਪਾਸੇ ਪੱਟਬ ਕਰਕੇ ਡਿ-

Digitized by Panjab Digital Library | www.panjabdigilib.org

ਗ ਪਏ। ਉਤੋਂ ਨੌਕਰਾਂ ਚਾਕਰਾਂ ਸਨਬੰਧੀਆਂ ਬੀ ਕਿੜ ਕੀਤੀ
ਸ਼ਰਾਬੀ ਜੀ ਹੇਠ ਭੋਰੀਆਂ ਦੇ ਝਾੜੂ ਖਾ ਰਹੇ ਹਨ। ਦੌੜੇ ੨ ਹੇਠ
ਆਏ, ਦੇਖਿਆ ਤਾਂ ਲਤ ਨੂੰ ਵਿਸਰਜਨ ਕਰ ਚੁਕੇ ਹਨ। ਚੁ-
ਕ ਚੱਕ ਕੇ ਉਪਰ ਲੈ ਗਏ। ਸਿਆਣੇ ਨੂੰ ਸਦਿਆ, ਲੋਹੇ ਦੀ
ਆਂ ਫਟੀਆਂ ਦੇ ਕੇ ਲਤ ਬੰਨੀ, ਮੰਜੇ ਨਾਲ ਕੜ ਰਖਿਆ
ਦੋ ਤਿੰਨ ਮਹੀਨੇ ਰਗੜ ਰਗੜਾ ਕੇ ਹਛੇ ਹੋ ਗਏ, ਪਰ ਲੰਗ-
ੜੇ ਹੋ ਗਏ। ਸ਼ਰਾਬ ਦੇ ਨਸੀਬ ਚੰਗੇ ਜੋ ਫੇਰ ਜੀਉਂਦੇ ਬਚ ਰਹੇ।

ਸਤਵੇਂ ਸ਼ਰਾਬੀ ਸਾਹਬ ਅਮਲ ਦੀ ਚੰਗੀ ਤਾਰ
ਵੇਲੇ ਨਿਕਲਦੇ ਹੀ ਬਗੀ ਉਤੇ ਹੋ ਬੈਠੇ, ਝਟ ਰੇਲ ਤੇ। ਗਡੀ
ਤਿਆਰ ਸੀ, ਟਿਕਟ ਲੀਤੀ; ਸਵਾਰ ਹੋਏ; ਘੰਟੀ ਹੋਈ; ਸੀ-
ਟੀ ਵਜੀ; ਸ਼ਰੂ! ਰੇਲ ਤੁਰ ਗਈ। ਅਜੇ ਦੋ ਚਾਰ ਪੜਾਉ ਹੀ
ਲੰਘੇ ਹੋਣਗੇ ਕਿ ਸ਼ਰਾਬ ਦੀ ਤਾਰ ਨੇ ਟੋਟ ਵਿਖਾਈ, ਉ-
ਬਾਸੀ ਆਈ, ਲਗੀ ਜਾਨ ਟੁਟਣ ਤੇ ਸਰੀਰ ਖੁਸਣ।
ਮਿਸਾਲਾ ਤਾਂ ਹਰ ਵੇਲੇ ਪਾਸ ਰਹਿੰਦਾ ਹੀ ਹੈ, ਨਹੀਂ ਤਾਂ ਹੋ-
ਟਲ ਹਰੇਕ ਸਟੇਸ਼ਨ ਤੇ ਹੈ, ਜਿਸ ਵੇਲੇ ਜੋ ਚਾਹੇ, ਲਏ
ਪੀਏ, ਮੌਜ ਕਰੇ, ਕੋਈ ਰੋਕ ਨਹੀ। ਗਿਲਾਸ ਤੇ ਗਿਲਾਸ
ਭਰ ੨ ਕੇ ਨਿਘੇਰਨ ਲਗੇ, ਟੋਟ ਦਾ ਟੋਟਾ ਕਿਸੇ ਤਰਾਂ ਪੂ-
ਰਾ ਹੋਵੇ, ਭਾਂਵੇਂ ਆਪ ਪੂਰੇ ਹੋ ਜਾਣ, ਪਰ ਟੋਟ ਅਧੂਰੀ
ਨ ਰਹ ਜਾਏ। ਹੁਣ ਤਾਂ ਪੀਂਦੇ ੨ ਉਲੂ ਦੇ ਬੀ ਦਾਦੇ ਬਣਗ-
ਏ। ਨਸ਼ੇ ਦੀ ਤਾਰ ਵਿਚ ਬੈਂਚ ਥੋਂ ਡਿਗ ਪਏ। ਹੁਣ ਜਿਥੇ
ਢਹੇ ਸੋ ਢਹੇ। ਬੁਚਕਾ ਉਚੱਕਾ ਲੈ ਗਿਆ। ਉਤਰਨ ਵਾਲਾ
ਸਟੇਸ਼ਨ ਬਹੁਤ ਪਿਛੇ ਰਹ ਗਿਆ। ਸ਼ਰਾਬੀ ਜੀ ਆਪ-
ਣੀ ਮੌਜ ਵਿਚ ਮੁਸਾਫਰਾਂ ਦੀ ਲਿਤਾੜ ਹੇਠ ਪਏ ਅੰਦਰ

Digitized by Panjab Digital Library | www.panjabdigilib.org

ਛੁਟ ਰਹੇ ਹਨ। ਪੁਰਛੇਕਰਫਲੇ ਸਟੇਸ਼ਨ ਤੇ ਰੇਲ ਠਹਰੀ, ਗਡੀਆਂ ਖਾਲੀ ਹੋਈਆਂ। ਟਿਕਟ ਕੁਲੈਕਟ੍ਰ ਸ਼ਰਾਬੀ ਜੀ ਨੂੰ ਲਗੇ ਵਾਜਾਂ ਮਾਰਨ "ਓ ਸੌਣੇਵਾਲਾ ਟਿਕਟ ਲਿਆਓ ਟਿਕਟ" ਧਯ ਧਯ, ਪੈਰ ਨਾਲ ਖਟਖਟਾਕੇ, "ਟਿਕਟ ਨਿਕਾਲੋ"। ਉਥੋਂ ਕੋਈ ਹਿੱਲੇ ਤਾਂ ਬੋਲੇ। ਠੁਡ ਮਾਰਕੇ "ਟਿਕਟ ਨਿਕਾਲੋ"। ਮੂੰਹ ਤੋਂ ਕਪੜਾ ਲਾਹਕੇ ਦੇਖਿਆ। ਕੁਲੀ ਬੁਲਾਏ, ਬਾਹਰ ਕਢਾਕੇ ਪਲੇਟਫਾਰਮ ਤੇ ਲਿਟਾਇਆ। ਜਾਨ ਤਾਂ ਅਗੇ ਹੀ ਟੁਟ ਰਹੀ ਸੀ ਹੁਣ ਛੁਟ ਫੁਟਕੇ ਪੂਰੀ ਹੋ ਗਈ। ਕਈ ਤਾਰਾਂ ਤੇ ਇਸ਼ਤਹਾਰ ਦਿਤੇ। ਕੋਈ ਮੁਦਤ ਪਾਕੇ ਘਰਦਿਆਂ ਨੂੰ ਖਬਰ ਹੋਈ। ਹੁਣ ਕਰਨ ਤਾਂ ਕੀ ਕਰਨ ਰੋ ਧੋਕੇ ਸ਼ਰਾਬ ਅਤੇ ਸ਼ਰਾਬੀ ਦੀ ਜਾਨ ਨੂੰ ਸਬਰ। ਇਸ ਸ਼ਰਾਬੀ ਦਾ ਕੋਈ ਭਿਰਾ ਭਾਈ ਜਾਂ ਪੁਤ੍ਰ ਨਹੀਂ ਸੀ। ਕੁਲ ਦੇ ਦੀਪੇ ਨੂੰ ਸ਼ਰਾਬ ਨੇ ਜੀਂਦਾ ਮਾਰ ਦਿਤਾ।

ਅਠਵੇਂ ਸ਼ਰਾਬੀ ਸਾਹਬ ਜੋ ਪੀ ਪਾਕੇ ਉਠੇ। ਸਹਜੇ ੨ ਸੈਲ ਕਰਦੇ, ਲਾਚੀਆਂ ਚਬਦੇ; ਮੋਤੀਏ ਦੇ ਸਿਹਰੇ ਗਲ ਵਿਚ ਪਾਈ, ਛੜੀ ਭੁੜਕਾਉਂਦੇ ਕੰਜਰਾਂ ਦੀ ਬੈਠਕ ਤੇ ਜਾ ਚੜ੍ਹੇ। ਕੀ ਦੇਖਦੇ ਹਨ ਕਿ ਇਕ ਮਹਾਤਮਾ ਅਗੇ, ਇਸ ਬਾਰਬਧੂ ਛੈਲ ਤੇ ਤਨ ਮਨ ਧਨ ਸਮਰਪਣ ਕਰਕੇ ਬੈਠੇ ਰਲਕੇ ਸ਼ਰਾਬ ਪੀ ਰਹੇ ਹਨ; ਖੁਸ਼ ੨ ਗਪਾਂ ਮਾਰ ਰਹੇ ਹਨ, ਧੀਮੀ ੨ ਸੁਰ ਤੇ ਤਰਨ ਤਰਾਨਾ ਹੋ ਰਿਹਾ ਹੈ। ਨੌਕਰ ਚਾਕਰ ਸਭ ਮਸਤ, ਬੂਹੇ ਚੌਪੱਟ, ਅਕਲ ਤੇ ਹੋਸ਼ ਦੇ ਸੀੜ੍ਹੇ ਬੰਦ। ਦੂਹੀਂ ਪਾਸੀਂ ਸ਼ਰਾਬ ਦਾ ਬਾਰੂਤ ਤਾਂ ਭਰਿਆ ਹੋਇਆ ਸੀ ਛੁਟ ਕ੍ਰੋਧ ਰੂਪੀ ਪਲੀਤੇ ਵਾਕਰ ਚਮਕੇ, ਬੋਲੇ, ਤੂੰ ਕੌਣ

Digitized by Panjab Digital Library | www.panjabdigilib.org

ਤੂੰ ਕੌਣ? ਤੂੰ ਕਿਉਂ ਆਇਆ? ਤੂੰ ਕਿਉਂ ਆਇਆ? ਹਾਤ ਤੇਰੀ
.... ! ਹਾਤ ਤੇਰੀ.....! ਫੇਰ ਕਦੀ ਆਵੇਂਗਾ? ਕਦੀ ਫੇਰ ਇਧ-
ਰ ਤਕੇਂਗਾ! ਕਿਹੜੇ ਕਹਾਉਂਦੇ ਇਕ ਨੇ ਗਲ ਹੱਥਾ ਦਿਤਾ ਦੂ-
ਜੇ ਨੇ ਧਮੂਨ। ਇਕ ਨੇ ਮੁਕੀ ਦੂਜੇ ਨੇ ਲਤ। ਇਕ ਨੇ ਸੋਟੀ ਦੂ-
ਜੇ ਨੇ ਬੋਤਲ। ਇਕ ਨੇ ਕੇਸ ਦੂਜੇ ਨੇ ਪਟੇ। ਗਲ ਕੀ, ਵਡਾ ਸੋ-
ਹਣਾ ਬੁਲਬੁਲਾਂ ਦਾ ਗੁਛਾ ਹੋ ਗਿਆ। ਇਨੇ ਤਕ ਨੌਕਰ ਚਾਕਰ
ਲੜ ਖੜਾਉਂਦੇ ਦੁਹਾਂ ਨੂੰ ਡਿਗਦੇ ਉਠੇ ਛੁਡਾਉਣ। ਪਹਲੇ ਸਰੰ-
ਗੀ ਵਾਲੇ ਨੂੰ ਜੋ ਧੱਕਾ ਲਗਾ ਧਰੜ ੨ ਕਰਦਾ ਪੌੜੀਆਂ ਵਿੱਚ
ਖਟ ਕਰਕੇ ਥਲੇ ਜਾ ਕੇ ਲਗੇ ਉਚੀ ਸੁਰ ਕਰਨ। ਦੂਜੇ ਪਖਾਉ-
ਜੀ ਤਬਲੇ ਦੇ ਆਟੇ ਵਾਙੂ ਭੁੜਕ ਕੇ ਧਾ ਕਰਦੇ ਕੰਧ ਨਾਲ ਜਾ
ਵਜੇ। ਤੀਜੇ ਤਾਲ ਤੋੜਨ ਵਾਲੇ . ਲੁੜ੍ਹਕਣੀ ਖਾ ਕੇ ਜੋ ਡਿਗੇ ਤਾਂ
ਲਗੇ ਇਨ੍ਹਾਂ ਤੇ ਹੀ ਤਾਲ ਵਟਣ; ਮਸੇ ਕਿਵੇਂ ਦਾਉ ਬਚਾਉ ਕੇ
ਨਿਕਲੇ ਤਾਂ ਦੂਜੀ ਕੋਠੀ ਵਿਚ ਗੁੰਮ। ਹੁਣ ਬੀ ਸਾਹਬਾਂ ਨੇ ਸੋ-
ਚਿਆ ਭਈ ਕਿਤੇ ਮੂਰਖਾਂ ਵਾਙੂ ਲੜ ੨ ਕੇ ਹੀਨ ਮਰ ਜਾਣ
ਵਿਚਾਰਿਆਂ ਦੀ ਚਿੱਟੀ ਚਦਰ ਤੇ ਕੋਈ ਚਮੂਣਾ ਕੋਬਣੀ ਖਾਂ-
ਦਾ ਵਿਨ ਨਾ ਕਰ ਜਾਏ। ਉਠੀ, ਤੇ ਅਦਾ ਨਾਲ ਛਣਕਦੀ ਹੋ-
ਈ ਬਾਂਹ ਅਗਾਹਾਂ ਕਰਕੇ ਬੋਲੀ; "ਵੇ ਤੁਸੀਂ ਕਿਉਂ ਲੜਦੇ ਹੋ
ਇਥੇ ਕੋਈ ਵੈਰ ਵਿਰਸਾ ਜੇ। ਅਪੋ ਦੀ ਸ਼ਰਾਬ ਮੂੰਹਾਂ ਨੂੰ ਛ-
ਈ, ਤੇ ਭੁਲਿਆ ਮਾਨਸਾਂ ਦੇ ਮਕਾਨਾਂ ਤੇ ਆ ਕੇ ਜਰਖਾਨਾ ਮ-
ਚਾਇਆ, ਕਿਡੀ ਅਨੋਖੀ ਸ਼ਰਾਬ ਇਨ੍ਹਾਂ ਨੇ ਪੀਤੀ ਹੈ" ਇ-
ਹ ਕਹਿੰਦੀ ਹੀ ਅਗੇ ਹੋ ਕੇ ਲਗੀ ਦੋਹਾਂ ਨੂੰ ਹਥਾਂ ਨਾਲ ਵਖੋ ਵ-
ਖ ਕਰਨ। ਏਹ ਓਹ ਹਥ ਹਨ, ਜਿਨ੍ਹਾਂ ਦੀ ਕੋਮਲਤਾਈ ਦੇਖ-
ਦਿਆਂ ਕੁੰਭਕਰਨ ਜਿਹੇ ਘੋਰ ਨਿੰਦ੍ਰਾਲੂ ਕਦੀ ਨੀਂਦ੍ਰ ਉਠ ਬੈ-

Digitized by Panjab Digital Library | www.panjabdigilib.org

ਨੇ; ਤੁਲਸੀ ਦਾਸ ਜੀ ਲਿਖਦੇ ਹਨ

ਸੂਲ ਕੁਲਸ ਅਸਿ ਅੰਗਨਾਵਾਰੇ
ਤੇ ਰਤਿਨਾਥ ਸੁਮਨ ਸਰ ਮਾਰੇ।

ਏਹ ਜਾਦੂ ਰੂਪੀ ਹਥ ਜਿਸ ਧਨਾਢ ਦੇ ਸਿਰ ਤਕ ਆਏ ਉਸ ਨੂੰ ਨਿਰਧਨਤਾ ਰੂਪੀ ਰਸਾਤਲ ਤਕ ਗਰਕ ਕੀਤਾ॥ ਜਿਸ ਸਿਧ ਸਾਧੂ ਜਗ੍ਯਾਸੂ ਦੇ ਚਰਨਾਂ ਤੀਕ ਏਹ ਹਥ ਆਏ, ਉਸ ਦੀ ਤਤਿਖ੍ਯਾ ਸਾਧਨਾ ਤੇ ਤਪ ਛਿਕੇ ਤੇ ਰਖ ਕੇ ਅਤਿ ਨੀਚ ਬਣਾ ਦਿਤਾ। ਹੁਣ ਬੀ ਹਥ ਤਾਂ ਉਹੋ ਹਨ, ਪਰ ਅਫਸੋਸ ਇਸ ਸ਼ਰਾਬ ਖਾਨਾ ਖਰਾਬ ਨੇ ਨਹੀ ਮਾਲੂਮ ਓਹ ਸਨਾਤਨ ਸ਼ਕਤੀ ਤੇ ਸਤਾ ਕਿਹੜੇ ਔਨੇ ਖੂਹ ਨਿਘਰੀ ਹੈ, ਕਿ } ਹਥ ਕ੍ਰੋਹਾਇਆਂ ਹੀ ਦੋਵੇਂ ਸੜੇ ਬਲੇ ਕ੍ਰੋਧ ਦੇ ਭਰੇ ਹੋਏ ਬੀ ਸਾਹਬਾਂ ਤੇ ਲਪਕ ਪਏ। ਇਕ ਨੇ ਤਾਂ ਨਕ ਤੇ ਚਕ ਵਢਿਆ। ਦੂਜੇ ਨੇ ਓਹ ਧੜਾ ਧਾੜ ਘਸੁੰਨ ਮੁੱਕੇ ਲਾਏ ਕਿ ਵਿਚਾਰੀ ਕੰਜਰੀ ਦਾ ਹੇਠਲਾ ਸਾਹ ਹੇਠ ਤੇ ਉਪਲਾ ਉਪਰ ਰਹ ਗਿਆ, ਇਥੋਂ ਤਕ ਕਿ "ਹਾਇ" ਬੀ ਸੰਘੋ ਹੇਠਾਂ ਹੀ ਰਹੀ। ਖਿਚਾ ਖਿਚੀ ਵਿਚ ਧੜਮ ਕਰਕੇ ਡਿਗੀ, ਡਿਗਦੀ ਨੂੰ ਹੀ ਇਕ ਨੇ ਲਤ ਮਾਰੀ ਦੂਜੇ ਨੇ ਗੁਤ ਲਪੇਟ ਕੇ ਗਲ ਘੁਟ ਘਤਿਆ। ਹੁਣ ਦੋਵੇਂ ਸ਼ਰਾਬੀ ਮਨ ਭਾਉਂਦੀਆਂ ਕਸਰਾਂ ਕਢਣ ਲਗੇ। ਜਾਂ ਦੇਖਿਆ ਕਿ ਹੁਣ ਕੋਈ ਇਕ ਅਧਾ ਸਾਹ ਹੀ ਬਾਕੀ ਹੈ, ਤਾਂ ਤਾਕੀ ਬੂਹੇ ਖੁੱਲੇ ਛਡ ਉਠ ਦੌੜੇ। ਰਸਤੇ ਵਿਚ ਪੁਲਸ ਦੇ ਹਥੇ ਚੜ੍ਹ ਗਏ, ਝਟ ਹਵਾਲਾਤ ਸਪੁਰਦ। ਇਧਰ ਦਿਨ ਚੜ੍ਹੇ ਕੰਜਰੀ ਦੇ ਵਾਰਸਾਂ ਹੋਸ਼ ਕੀਤੀ, ਖੂਨੀਆਂ ਦਾ ਕੋਈ ਪਤਾ ਨਹੀ। ਪੁਲਸ ਨੂੰ ਖਬਰ ਹੋਈ। ਮੁਕਦਮਾ ਹਸਤੁਪ

ਤਾਲ ਪਹੁੰਚਾ। ਖੂੰਨੀ ਅਗੇ ਹੀ ਹਵਾਲਾਟ ਵਿਚ ਸਨ। ਤਰਕੀਬ
ਤਰੇ ਹੋਕੇ ਚਲਾਨ ਹੋਇਆ, ਬਹੁਤ ਤ੍ਰੀਕਾਂ ਪੈ ਪਵਾਕੇ ਉਮਰ ਕੈਦ ਹੋ
ਕਾਲੇ ਪਾਣੀ। ਵਾਹ ਨੀ ਸ਼ਰਾਬ ਕੌਰ ਤੇਰੀ ਕ੍ਰਿਪਾ ਥੋਂ ਬਿਨਾ
ਧੌਰਟ ਬਲੇਅਰ ਤੇ ਸਿਆਪਾ ਪੁਰ ਦੀ ਸੈਰ ਕਿਥੇ। ਰੇਖ ਵਿਚ
ਮੇਖ ਤੇਰੇ ਬਿਨਾਂ ਕੌਣ ਮਾਰੇ।

ਨਾਟੇ ਸ਼ਰਾਬੀ ਸ਼ਾਹਬ ਗਟਾ ਗਟ ਪੀਂਦੇ ਹੀ ਝੁ-
ਟਾ ਪਟ ਉਠ ਦੌੜੇ। ਦੋ ਚਾਰ ਫੇਰ ਉਲਟ ਪਲਟ ਚਕਰ ਬ-
ਜ਼ਾਰ ਵਿਚ ਲਾਏ; ਇਨੇ ਤਕ ਕੰਨ ਵਿਚ ਅਵਾਜ ਪਈ
"ਗੁਲਾਬੀ ਗਨੇਰੀਆਂ" ਝਟ ਖੜੇ ਗਏ ਲਗੇ ਵਾਜਾਂ ਤੇ ਵ-
ਜਾਂ ਕੱਸਣ। ਜਦ ਗਨੇਰੀਆਂ ਵਾਲਾ ਪਾਸ ਪੁਜਾ ਤਾਂ ਬੋਲੇ "ਅ-
ਬੇ ਤੋਲ ਦੇ"। ਗਨੇਰੀਆਂ ਵਾਲੇ ਨੇ ਪੁਛਿਆ, ਕਿੰਨੇ ਦੀਆਂ
ਤੋਲਾਂ। ਸ਼ਰਾਬੀ ਜੀ ਫੇਰ ਬੋਲੇ "ਬਸ ਤੋਲ ਦੇ। ਗਨੇਰੀਆਂ
ਵਾਲਾ ਛਾਬੜੀ ਰਖੀ ਤਕੜੀ ਹਥ ਵਿਚ ਫੜੀ ਬੈਠਾ ਹੈ ਤੇ ਮੁੜ-
ੜ ਪੁਛਦਾ ਹੈ ਕਿ ਬਾਬੂ ਜੀ ਕਿੰਨੇ ਦੀਆਂ ਤੋਲਾਂ। ਹੁਣ ਤਾਂ ਬਾ-
ਬੂ ਜੀ ਫੁਟ ਨਿਕਲੇ" ਤੋਲ ਦੇ, ਤੋਲ ਦੇ, ਤੋਲ ਦੇ......" ਗ-
ਨੇਰੀਆਂ ਵਾਲਾ ਹੈਰਾਨ ਪਰੇਸ਼ਾਨ ਥੋੜਾ ਚਿਰ ਸੋਚ ਕੇ ਪੁਛ-
ਣ ਲਗਾ ਬਾਬੂ ਜੀ ਕੋਈ ਪੈਸਾ ਧੇਲਾ ਭੀ ਹੈ ਕਿ ਐਵੇਂ ਹੀ ਤੋ-
ਲ ਦਿਆਂ। ਸ਼ਰਾਬੀ ਜੀ ਬੋਲੇ "ਅਬੇ ਹਮ ਕਾਤਾ ਹੈ
ਅਗਾੜੀ ਸੇ ਤੁਮ ਨਕੋ ਮਾਲੂਮ ਨਹੀ, ਹਮ ਹੈ ਹਮ, ਜਲ-
ਦੀ ਕਰ ਤੋਲ ਦੇ, ਤੋਲ ਦੇ, ਤੋਲ ਦੇ, ਤੋਲ ਦੇ"। ਗਨੇਰੀ ਵਾਲੇ
ਆਖਿਆ ਬਾਬੂ ਸਾਹਬ ਹਮ ਤੁਮ ਤੇ ਅਗਾੜੀ ਪਿਛਾੜੀ
ਦੀ ਮੈਨੂੰ ਕੋਈ ਖਬਰ ਨਹੀ। ਪੈਸਾ ਪਲੇ ਹੈ ਤਾਂ ਗਨੇਰੀ ਲੈ-
ਲਓ। ਸ਼ਰਾਬੀ ਜੀ ਹੁਣ ਲਗੇ ਛੜੀ ਨਾਲ ਗਨੇਰੀ ਵਾਲੇ ਦੀ

Digitized by Panjab Digital Library | www.panjabdigilib.org

ਗਰਦ ਝਾੜਨ ਤੇ ਬਕਣ "ਹਮ ਕਿਹੜਾ ਹੈ ਹਮ ਹੈ, ਹਮ ਕਾ ਜਾ-
ਨਦਾ ਹੀ ਨਹੀ, ਹਾਤ ਤੇਰੀ ਐਸੀ ਤੈਸੀ ਪੈਸੀ ਛੈਸੀ ਹਮ-
ਨਕਾ ਖਦਰ ਗਾੜ੍ਹਾ ਬਨ ਜਾਏਗਾ। ਅਬ ਜਾਨਗਾ ਹਮ
ਹੈ ਹਮ, ਗਨੇਰੀ ਤੇਲ ਦੇ ਤੇਲ ਦੇ ਤੇਲ ਦੇ ....."। ਉਹ ਦੇ
ਚਾਰ ਨਿਸ਼ਪਾਪ ਕੈਗਾਲ ਮੁੰਸਟਿਡਾ, ਅਚਣ ਚੇਤੀ ਦੇ
ਚਾਰ ਸੋਟੀਆ ਪੈ ਗਈਆ ਚੌਸੀਆਂ ਛਿਸੀਆਂ ਉਏ-
ਆਂ ਗਈਆਂ। ਕ੍ਰੋਧ ਭੜਕ ਉਠਿਆ, ਸ਼ਰਾਬੀ ਦੀ ਲ-
ਕੋ ਭੁਗਤ ਸਵਾਰਣ ਚੁਤਹੀ ਛਿਤਰੀ ਉਣਨ। ਇ-
ਕ ਘਸੁੰਨ ਕੰਨਾਂ ਵਿਚ ਦੂਜਾ ਵੱਖੀ ਵਿਚ ਤੀਜਾ ਪਿਠ
ਵਿਚ, ਧੜਾ ਧੜ ਧੜ, ਘੁਮਿਆਰ ਭਾਂਡਾ ਠੱਪ ਰਿਹਾ
ਹੈ। ਹੁਣ ਸਰਾਬ ਹੁਰੀ ਭੂਤ ਤਾਂ ਵਿਚੋਂ ਨਿਕਲ ਗਏ ਤੇ
ਸ਼ਰਾਬੀ ਹੁਰੀ ਦੁਹਾਈ ਤਿਹਾਈ ਦੇ ਰਹੇ ਹਨ। ਗਨੇਰੀ ਵਾ-
ਲਾ ਘੁਮਿਆਰ ਵਾਂਗੂ ਘਸੁੰਨ ਠੋਕੀ ਜਾਂਦਾ ਹੈ ਤੇ ਕਹੀ ਜਾਂਦਾ
ਹੈ, ਕਿਉਂ ਬਚਾ ਉਸਤਾਦ ਅਗਾੜੀ ਪਿਛਾੜੀ ਅਜੇ ਲ-
ਗੀ ਹੈ ਕਿ ਨਹੀ। ਇਕ ਘਸੁੰਨ ਠੋਕਦਾ ਸੀ ਤੇ ਇਕ ਸੋਹਲਾ
ਸੁਣਾਉਂਦਾ ਸੀ। ਹਮਾਨੂੰ ਅਗਾੜੀ ਸੇ ਤੇਲ ਦਿਆਂ (ਘਸੁੰਨ)
ਹਮਾਨੂੰ ਪਿਛਾੜੀ ਸੇ ਤੇਲ ਦਿਆਂ (ਘਸੁੰਨ) ਤੇਲ ਦਿਆਂ (ਘਸੁੰਨ)
ਹਮ ਨਕਾ ਜਾਨਾ ਸੋਟੀ ਮਾਰਦਾ ਸੀ (ਘਸੁੰਨ) ਲੈ ਸੋਟੀ ਤੇਲ
ਦਿਆ (ਘਸੁੰਨ) ਲੈ ਪਲਾ ਕਰ ਤੇਲ ਦਿਆਂ (ਘਸੁੰਨ) ਦੇਖ ਬੱਚ
ਹੁਣ ਸ਼ਰਾਬ ਕਿਸ ਤਰਾਂ ਨਿਕਲਦੀ ਹੈ (ਘਸੁੰਨ) (ਘਰਕ ਕੇ) ਤੇਲ
ਦਿਆਂ (ਘਸੁੰਨ) ਲੈ ਚੌਸੀ ਪੈਸੀ ਛਿਸੀ ਤੇਲ ਦਿਆ। ਇ-
ਹੋ ਜਿਹੀਆ ਬੇਤੁਕੀਆਂ ਕਹੀ ਜਾਂਦਾ ਹੈ ਤੇ ਵਿਚਾਰੇ ਨੂੰ
ਠੋਕੀ ਜਾਂਦਾ ਹੈ। ਲੋਕਾਂ ਨੇ ਬਜਾਰ ਵਿਚ ਪਿੜ ਬੰਨਾ-

Digitized by Panjab Digital Library | www.panjabdigilib.org

ਦਿਤਾ। ਟੋਪੀ ਸੋਟੀ ਬੂਟ ਦਾ ਇਕ ਪੈਰ ਸਭ ਗੁੰਮ ਪਤਾ ਹੀ ਨਹੀ ਕਿਧਰ ਗਿਆ। ਇਸ ਵੇਲੇ ਕਿਕਰ ਦਾ ਭੂਤ ਕਲਬੂਤ ਨੂੰ ਛੱਡ ਕੇ ਹਵਾ ਹੋ ਗਿਆ। ਸ਼ਰਾਬੀ ਜੀ ਪੂਰੀ ਹੋਸ਼ ਵਿਚ ਹਨ। ਅਗਾੜੀ ਪਿਛਾੜੀ ਸਭ ਟੁਟ ਗਈ, ਇਕ ਸਿਰ ਤੇ ਦੂਜਾ ਹਿਲ ਰਹੀ ਹੈ ਤੇ ਮੂੰਹੋਂ ਕਹ ਰਹੇ ਹਨ, ਬਸ ਭਿਰਾ ਜੀ, ਬਸ ਮੈਂ ਤਾਂ ਏਵੇਂ ਤੇਰੇ ਨਾਲ ਹਸਦਾ ਸਾਂ, ਵਾਹ ਇਹ ਕੀ, ਲੈ ਹੁਣ ਬਸ ਕਪੜੇ ਸੁਕਣ ਦਿਓ। ਤਮਾਸ਼ਾ ਵੇਖਣ ਵਾਲੇ ਖਿੜ ਖਿੜ ਹਸ ਪਏ। ਗਨੇਰੀ ਵਾਲੇ ਨੇ ਇਕ ਧਮੂੰਨੇ ਹੋਰ ਠੋਕ ਕੇ ਤੇਰੇ ਭਿਰਾ ਦੀ ਨਾਨੀ ਦੇ ਕੰਨ ਕੁਤਰੇ। ਲੋਕ ਬੋਲ ਉਠੇ ਬਸ ਬਈ ਬਸ ਹੁਣ ਭੂਤ ਨਿਕਲ ਗਿਆ ਹੈ। ਗਰੀਬ ਕੰਲਬੂਤ ਨੂੰ ਨਾ ਮਾਰ। ਹੁਣ ਗਨੇਰੀ ਵਾਲਾ ਤਾਂ ਛਾਬੇ ਦੀ ਖਬਰ ਵਾਸਤੇ ਪਿਛੇ ਹਟਿਆ, ਸ਼ਰਾਬੀ ਦਾ ਦਾਉ ਤੁਰਿਆ ਸਿਰੋਂ ਪੈਰੋਂ ਨੰਗੇ ਬਟੇਰੇ ਵਾਙੂ ਭੁਰ੍ਹ।

ਇਹ ਏ ਗਲ ਤੇਰੇ ਬਿਨਾ ਕੌਣ ਦਿਖਾਏ ਸ਼ਰਾਬ, ਸਿਗਲ ਭੁਲੇ ਲਾਜ ਕੇ ਤਾਜ ਕਰਾਏ ਖਰਾਬ

ਦਸਵੇਂ ਮਹਾਤਮਾ ਜੀ ਮਸਤ ਹਾਬੀ ਵਾਙੂ ਝੂਮਦੇ ਝਾਮਦੇ ਘਰ ਪਹੁੰਚ ਗਏ, ਪਰ ਬੂਹਾ ਅੰਦਰੋਂ ਬੰਦ ਸੀ, ਵਹੁਟੀ ਵਿਚਾਰੀ ਦੀ ਉਡੀਕਦਿਆਂ ਰ ਅਖ ਲਗ ਗਈ ਸੀ। ਸ਼ਰਾਬੀ ਨੇ ਸੋਟੀਆਂ ਨਾਲ ਬੂਹਾ ਠਕੋਰਨਾ ਅਰੰਭ ਕੀਤਾ, ਇਸ ਧੀਮੀਂ ਅਵਾਜ਼ ਨਾਲ ਭਲਾ ਤੀਜੀ ਛਤੇ ਤੇ ਸੁਤੇ ਪਏ ਆਦਮੀ ਨੂੰ ਕੀ ਪਤਾ ਲਗ ਸਕਦਾ ਹੈ। ਸ਼ਰਾਬੀ ਨੂੰ ਹੇਠ ਕੋਈ ਦਸ ਕੁ ਮਿੰਟ ਖੜੋਨਾ ਪਿਆ ਇਨੇ ਤਕ ਵਹੁਟੀ ਦੀ ਜਾਗ ਖੁਲ ਗਈ, ਇਕ ਪੈਰ ਉਤੇ ਹੇਠਾਂ ਆਈ, ਕੁੰਡਾ ਖੁਹਲਿਆ। ਬੂਹੇ ਖੁਲਦਿਆਂ ਸਾਰ ਹੀ ਸ਼ਰਾਬੀ ਨੇ ਕੁਟਣਾ ਸ਼ੁਰੂ ਕੀਤਾ। ਸੋਟੀ-

Digitized by Panjab Digital Library | www.panjabdigilib.org

ਆਂ ਖਾਂਦੀ ਤੇ ਵਾਸਤੇ ਪਾਉਂਦੀ ਪੌੜੀਆਂ ਚੜ੍ਹ ਗਈ, ਪਿਛੇ
ਰ ਸ਼ਰਾਬੀ ਸਾਹਬ। ਉਤੇ ਜਾਕੇ ਫੇਰ ਵਿਛਾਇਆ, ਉਹ ਵਿ-
ਚਾਰੀ ਮਥੇ ਟੇਕਦੀ ਤੇ ਭੁਲਾਂ ਬਖਸ਼ਾਉਂਦੀ ਸੀ। ਸ਼ਰਾਬੀ ਜੀ
ਛਾੜ੍ਹਿਆਂ ਵਾਙੂ ਬਰਾਬਰ ਜੀਦਰ ਛਡੀ ਜਾਂਦੇ ਸਨ, ਕਿ ਸ਼ਰਾ-
ਬੀ ਦਾ ਵਡਾ ਪੁਤ ਤੇ ਧੀ ਅਭੜਵਾਂਏ ਉਠੇ, ਅਰ ਜਾਗੋ ਮੀਟੇ ਵਿ-
ਚ ਹੀ ਉਠ ਦੌੜੇ, ਅਰ ਆਪਸ ਵਿਚ ਟਕਰਾਕੇ ਬੰਨੇ ਦੀ ਅ-
ਣੀ ਉਤੇ, ਇਥੋਂ ਤਿਲਕਦੇ ਹੀ ਥਲੇ ਵੇਂਹਦੇ ਰਿੜੀ। ਹਾਇ ਮਾਂ
ਦੀ ਮਮਤਾ ਉਹ ਉਨ੍ਹਾਂ ਨੂੰ ਡਿਗਦਿਆਂ ਦੇਖਕੇ ਦੌੜੀ ਕਿ ਫੜਾਂ
ਇਧਰੋਂ ਸ਼ਰਾਬੀ ਹੁਰਾਂ ਵੈਨ ਦਾ ਪਿਛਾ ਕੀਤਾ। ਦੋ ਚਾਰ ਹੋਰ ਠੋਕ
ਦਿਤੀਆਂ, ਮਾਰ ਖਾਂਦੀ ਜਰਾ ਕੁ ਪਿਛੇ ਹਟੀ ਸੀ, ਕਿ ਪੈਰ ਤਿ-
ਲਿਕਿਆ ਤੇ ਥਲੇ, ਆਪਣੇ ਮੋਏ ਪੁਤ ਧੀ ਦੇ ਢੇਰ ਪੁਰ ਢੇ-
ਰ ਹੋ ਗਈ। ਸ਼ਰਾਬੀ ਨਸ਼ੇ ਵਿਚ ਅੰਨ੍ਹਾ ਹੋਇਆ ਸੀ ਉਸ
ਨੂੰ ਇਹ ਤਾਂ ਪਤਾ ਨਾ ਲਗਾ ਕਿ ਵਹੁਟੀ ਹੇਠ ਡਿਗ ਪਈ ਹੈ
ਸਗੋਂ ਇਹ ਸਮਝਿਆ ਕਿ ਉਹ ਬਰਸਾਤੀ ਵਿਚ ਲੁਕ ਗ-
ਈ, ਉਸਨੂੰ ਲਭਣ ਦੀ ਆਸ਼ਾ ਤੇ ਮਗਰ ਨਠਾ। ਰੱਬ ਜਾ-
ਣੇ ਕਿ ਇਸ ਵੇਲੇ ਜੀਮਾਂ ਨੈ ਸ਼ਰਾਬੀ ਨੂੰ ਧਕਾ ਦਿਤਾ ਕਿ ਚ-
ਲ ਪਾਪੀ ਚਹੁੰ ਖੂਨਾਂ ਦਾ ਲੇਖਾ ਦੇਹ। ਨਸਦਾ ਹੀ ਥਲੇ
ਡਿਗਾ, ਅਰ ਵਹੁਟੀ ਪੁਤ ਧੀ ਦੇ ਲਹੂ ਵਿਚ ਨਾ ਨ੍ਹਾਤਾ ਤੇ
ਸਿਧਾ ਨਰਕ ਨੂੰ ਪਧਾਰਿਆ। ਇਸੇ ਸ਼ਰਾਬੀ ਦਾ ਇਕ ਪੁਤ੍ਰ
ਛੇ ਮਹੀਨੇ ਦਾ ਸੁਤਾ ਪਿਆ ਸੀ। ਕੁਛ ਚਿਰ ਮਗਰੋਂ ਉਸਦੀ ਜਾ-
ਗ ਖੁਲੀ ਮਾਂ ਨੂੰ ਨਾ ਦੇਖਕੇ ਬਹੁਤ ਰੋਨ, ਛੇਕੜ ਹਥ ਪੈਰ ਮਾ-
ਰਦਾ ਉਠਣ ਦਾ ਜਤਨ ਕਰਦਾ ਜਿਓਂ ਡਿਗਾ। ਸਿਰ ਖੁਲ ਗਿਆ
ਦੋਹਰੀ। ਆ ਸੀ ਕਿ ਛਿਕ ਭੁਖਾ ਬਿੱਲਾ ਆ ਗਿਆ। ਰੋਹਦਾ ਖ੍ਰੀ-

Digitized by Panjab Digital Library | www.panjabdigilib.org

ਹਾਂ ਉਸਨੈ ਆਖੀਰਿਆ। ਧਨ ਨਾਸਨ, ਕੁਲ ਨਾਸਨੀ, ਜਨ ਨਾਸਨੀ ਨਾਸ। ਦਾਰੂ ਸ਼ਰਾਬ ਤੇਰੀ ਕ੍ਰਿਪਾ ਕੀਨ ਸਭਨ ਕੇ ਨਾਸ।।

## ਚਤੁਰਾਂਬਰ ਪੰਜਵਾਂ ਦੌਰ

ਜਿਸ ਅਮੀਰ ਨੂੰ ਬੇਸੁਧ ਛਡਕਰਕੇ ਮਿਤ੍ਰਗਣ ਪਿਛਲੇ ਦੌਰ ਵਿਚ ਮੌਜਾਂ ਮਾਣ ਰਹੇ ਹਨ, ਦੇਖੋ ਉਸ ਦੀ ਦਸ਼ਾ ਕਿਹੀ ਅਚਰਜ ਹੋ ਰਹੀ ਹੈ।

ਪਹਲੇ ਤਾਂ ਜਦ ਤੀਕ ਉਨਮੱਤ ਤਾਈ, ਤਦ ਤਕ ਬੋਤਲਾਂ ਭੰਨੀਆਂ, ਗਿਲਾਸ ਠਕੋਰੇ, ਘਰ ਦੇ ਭਾਂਡੇ ਤੋੜੇ, ਕੈਆਂ ਕੀਤੀਆਂ, ਬਕੇ, ਸਾਰੇ ਮਹਲੇ ਨੂੰ ਖਬਰ ਕੀਤੀ, ਗਾਲ੍ਹਾਂ ਕਢੀਆਂ, ਵਹੁਟੀ ਤੇ ਬਾਲਾਂ ਨੂੰ ਕੁਟਿਆ, ਗਲ ਕੀ ਛੇਰ
ਵਿਰ ਤਕ ਭੜਥੂ ਮਚਾਈ ਰਖਿਆ। ਇਕ ਪਾਸੇ ਮਾਂ ਪਿਟ ਰਹੀ ਹੈ "ਹੈ ਹੈ ਬਰਾ ਨਿਜ ਜੇਮਦੋਂ" ਦੂਜੇ ਪਾਸੇ ਪਿਉ ਰੋ ਰੋ ਕੇ ਕਹ ਰਿਹਾ ਹੈ, "ਇਸ ਪੁਤ ਹੋਣ ਨਾਲੋਂ ਔਂਤ ਚੰਗੇ ਸਾਂ"। ਤੀਜੇ ਪਾਸੇ ਤੀਮੀ ਦੁਸਕਾਰੇ ਭਰ ਭਰਕੇ ਕਹ ਰਹੀ ਹੈ, "ਹਾਇ ਨਸੀਬ ਸੜ ਗਏ, ਕਿਸ ਸ਼ਰਾਬੀ ਦੇ ਪਲੇ ਪਈ, ਬਚੇ ਕਿਥੋਂ ਪਲਣਗੇ, ਮੇਰੀ ਸਾਰੀ ਉਮਰ ਸੂਲਾਂ ਦੀ ਸੇਜਾ ਪੁਰ ਕਿਸ ਤਰਾਂ ਬੀਤੇਗੀ? ਮਾਪਿਆਂ ਨੇ ਚੰਗੇ ਭਾਗੀ ਭਠੇ ਦੇ ਲੜ ਲਾਈ ਹਾਂ"। ਉਧਰ ਸ਼ਰਾਬੀ ਜੀ ਮਹਾਰਾਜ ਲੜਦੇ ਘੁਲਦੇ ਲੜਖੁੜਾਏ, ਪਟਾਕ ਡਿਗੇ, ਸਨਬੰਧੀ ਨੈ ਘਸੀਟ ਕੇ ਮੰਜੇ ਦੇ ਉਤੇ ਪਾ ਛਡਿਆ। ਬੇਸੁਧੀ ਵਿਚ ਪਿਆਂ ਰਾਤ ਬੀਤ ਗਈ। ਸਵੇਰ ਸਾਰ ਅਮਲ ਟੁਟਾ ਸੰਘ ਸੜ ਸੁਕ ਕੇ ਕੰਡਾ ਹੋ ਗਿਆ, ਉਬਤ ਆਉਣ ਲਗ ਗਏ। ਠੰਡਾ ਪਾਣੀ ਮੰਗਣ ਲਗੇ, ਪਰ ਸੰਘ ਬੈਠੇ ਹੋਣ ਕਰਕੇ ਅਵਾਜ਼ ਹੋਠਾਂ ਥੋਂ ਬਾਹਰ ਨਹੀ ਨਿਕਲਦੀ, ਸੁਣੇ

Digitized by Panjab Digital Library | www.panjabdigilib.org

ਰੌਣ। ਅਕਕੇ ਆਪ ਉਠੇ ਤਾਂ ਸਰੀਰ ਆਕੜ ਕੇ ਤਖਤਾ ਹੋਇਆ
ਹ ਸੀ, ਉਠਦਿਆਂ ਅਖਾਂ ਅਗੇ ਹਨੇਰਾ ਆ ਗਿਆ, ਅਤੇ
ਭੁਆਟਣੀ ਖਾ ਕੇ ਖਿਦੋ ਵਾਂਗੂ ਔਹ ਜਾ ਪਏ, ਖੜਕ ਸੁਣ ਕੇ
ਸਨਬੰਧੀ ਵੀ ਜਾਗ ਪਏ, ਭਾਵੇਂ ਉਨ੍ਹਾਂ ਦੇ ਕਲੇਜੇ ਇਸ ਦੀਆਂ
ਕਰਤੂਤਾਂ ਵਲੋਂ ਪਕ ਕੇ ਫੋੜਾ ਹੋ ਗਏ ਸਨ, ਪਰ ਫੇਰ ਬੀ ਮਮਤਾ
ਬੁਰੀ ਚੀਜ਼ ਹੈ, ਹੈਂ ਹੈਂ ਕਰਦੇ ਉਠੇ, ਸ਼ਰਾਬੀ ਕੋਲੋਂ ਪੁਛਦੇ ਹਨ
ਤਾਂ ਹਥ ਮੂੰਹ ਉਤੇ ਰਖ ਰਖ ਕੇ ਸੈਨਤਾ ਕਰਦਾ ਹੈ, ਖੈਰ ਉਨ੍ਹਾਂ ਨੇ
ਪਾਣੀ ਪਿਲਾਇਆ, ਤੇ ਫੇਰ ਚੁਕ ਕੇ ਮੰਜੇ ਮੁੜ ਪਾਇਆ
ਤਾਂ ਕੀ ਡਿਠਾ, ਕਿ ਕਪੜੇ ਲਹੂ ਨਾਲ ਲਿਬੜੇ ਹੋਏ ਹਨ। ਦੇ-
ਖਿਆ ਤਾਂ ਸਿਰ ਵਿਚ ਪਾਟੇ ਦਾ ਫਟ ਹੈ, ਤੇ ਲਹੂ ਬੰਦ ਨਹੀ
ਹੁੰਦਾ ਫਰਨ ਫਰ ਵਗੀ ਜਾਂਦਾ ਹੈ, ਇਥੋਂ ਤਕ ਕਿ ਸ਼ਰਾਬੀ ਨੇ
ਅਖਾਂ ਫੇਰ ਲਈਆਂ, ਹਥ ਪੈਰ ਨਕ ਠੰਢੇ, ਨਾੜ ਗੁੰਮ।
ਸਾਹ ਲੰਮਾ। ਘਾਬਰੇ ਹੋਏ ਸਨਬੰਧੀ ਸਿਆਣੇ ਨੂੰ ਲਿਆ
ਏ। ਹਕੀਮ ਨੇ ਨਾੜ ਦੇਖੀ, ਸਿਰ ਫੇਰ ਕੇ ਬੋਲੇ, ਕਿ ਬਈ
ਇਹ ਤਾਂ ਹੁਣ ਤੁਰਦਾ ਹੀ ਦਿਸਦਾ ਹੈ, ਕੋਈ ਪੁੰਨ ਦਾਨ ਕਰ
ਲਓ। ਇਹ ਗਲ ਸੁਣ ਕੇ ਸਨਬੰਧੀ ਰੋ ਰੋ ਕੇ ਲਗੇ ਹਕੀਮ ਦੇ
ਤਰਲੇ ਕਰਨ। ਹਕੀਮ ਜੀ ਕੋਈ ਵਾਹ ਲਾਓ, ਕਿਵੇਂ ਬਚਾਓ
ਡੁਬਦਾ ਬੇੜਾ ਬੰਨੇ ਲਾਓ, ਦੇਖੋ ਚੌਂਪਾ ਜਿਨੀ ਵਹੁਟੀ ਹੈ, ਨਿ-
ਕੇ ਨਿਕੇ ਬਾਲ ਹਨ, ਅਸੀ ਬੁਢੇ ਠੇਰੇ, ਇਕੋ ਇਕ ਪੁਤ ਕੀ
ਕਰਾਂਗੇ। ਪਿਆਰੇ ਪਾਠਕ ਆਪ ਦੇਖਦੇ ਹੋ ਕਿ ਮਾਪਿ-
ਆਂ ਦੀ ਮੁਹਬਤ ਇਹੋ ਜਿਹੇ ਦੁਖ ਦੇਵੇ ਪੁਤ ਦੀ ਬੀ ਮੌਤ
ਨਹੀ ਚਾਹੁੰਦੀ। ਜੇ ਅਸੀ ਉਸ ਵੇਲੇ ਹੁੰਦੇ ਤਾਂ ਹਕੀਮ ਹੁ-
ਰਾਂ ਨੂੰ ਇਹ ਗਲ ਕਹਿੰਦੇ। ਹਕੀਮ ਜੀ ਇਸ ਨੂੰ ਬਚਾਓ-

Digitized by Panjab Digital Library | www.panjabdigilib.org

ਨਹੀ ਤਾਂ ਕਲਾਲਖਾਨੇ ਦਾ ਗਾਹਕ ਘਟ ਜਾਊ। ਵਿਚਾਰੀ
ਸ਼ਰਾਬ ਖੋਰ ਰੋਣੀ ਰਹ ਜਾਏਗੀ, ਮਾਪਿਆਂ ਦੇ ਵਖਤਾਂ
ਨਾਲ ਕਮਾਏ ਹੋਏ ਧਨ ਨੂੰ ਸ਼ਰਾਬ ਅਰਥ ਕੌਣ ਉਜਾੜੇਗਾ।
ਹਕੀਮ ਜੀ ਕਿਸੇ ਤਰ੍ਹਾਂ ਇਸ ਨੂੰ ਬਚਾਓ, ਜੇ ਜੀਉ ਉਠਿਆ
ਤਾਂ ਬੜੀ ਵਧਦੀ ਚਾਂਦੀ ਪਿਆਏਗਾ। ਜੇ ਤੁਸੀ ਨਾ ਪੀਂਦੇ
ਹੋਵੋਗੇ ਤਾਂ ਆਪ ਪੀ ਕੇ ਤੁਹਾਨੂੰ ਉਹ ਬੇ ਤੁਕੀਆਂ ਸੁਣਾਏ-
ਗਾ, ਕਿ ਪੁਤ ਦੇ ਵਿਆਹ ਤੇ ਕੁੜਮਾਂ ਦੇ ਘਰੋਂ ਭੀ ਨਾ ਸੁਣੀ-
ਆਂ ਹੋਣੇ।

ਗਲ ਕਾਹਦੀ ਹਕੀਮ ਹੁਰਾਂ ਦੇ ਮਨ ਵਿਚ ਆਈ ਕਿ-
ਵਾਹ ਤਾਂ ਲਾਓ, ਮਤਾਂ ਇਹ ਬਚ ਹੀ ਜਾਵੇ। ਝਟਪਟ ਸਟ
ਤੇ ਪਾਣੀ ਦੀ ਗਦੀ ਬੰਨ੍ਹ ਦਿਤੀ। ਹਥ ਪੈਰ ਸੁੱਕੇ ਝਸਾਉ-
ਣ ਲਗੇ, ਪੇੜੇ ਘੋਲ ਕੇ ਪਿਲਾਏ। ਇਹੋ ਜਿਹੇ ਜਤਨ ਕਰ-
ਦਿਆਂ ਕਰਾਉਂਦਿਆਂ, ਸ਼ਰਾਬੀ ਨੇ ਪਾਸਾ ਪਰਤਿਆ, ਅ-
ਖਾਂ ਖੋਲ੍ਹਦਿਆਂ ਹੀ ਲਲਕਾਰ ਉਠੇ "ਹਤ ਤੇਰੀ ਆਖੀਹ-
ਈ ਕਿ, ਹੁਣ ਵਾਰ ਕਰਕੇ ਜਾਏਂਗਾ ਕਿਥੇ? ਮੈਂ ਤਾਂ ਤੇਰੇ ਪਿਉ
ਦਾ ਭੀ ਸਿਰ ਭੰਨ ਕੇ ਛਡੂੰ। ਵਾਹ ਨੀ ਸ਼ਰਾਬਖੋਰਾਂ ਤੇਰੇ ਪਹਿ-
ਆਂ ਦੇ ਘਰ ਵਿਚ ਹੀ ਦੰਗਲ ਅਖਾੜੇ! ਕੰਨ ਪਟੀ ਖਾ ਕੇ ਭੀ
ਪੈਂਤਰਾ ਨਹੀ ਚੁਕਦੇ, ਹੂਠੀ ਦੇ ਗਤਕੇ ਦੇ ਮੋਏ ਪਏ ਬੀਰ-
ਲੇਰੀ ਸਾੜਦੇ ਹਨ। ਹਕੀਮ ਹੁਰੀ ਇਹ ਕਹਕੇ ਕਿ ਇਹ ਹੁਣ
ਰਾਜ਼ੀ ਹੈ, ਤੁਰਨ ਲਗੇ ਸਨ ਕਿ ਸਰਾਬੀ ਹੁਰੀ ਉਠ ਬੈਠੇ, ਅ-
ਰੜਗੇ ਹਕੀਮ ਹੁਰਾਂ ਦੀਆਂ ਹੀ ਕੋਰੀਆਂ ਹੀ ਐਦੇ ਪਉ-
ਣ। ਹਕੀਮ ਹੁਰਾਂ ਦਾ ਤਰਸ ਤੇ ਉਪਕਾਰ ਮਿਹਨਤ ਤੇ ਫਿ-
ਆਈ ਸਭੇ ਗਾਲਾਂ ਦੀ ਵਾਛੜ ਅਗੋ ਇਉਂ ਉਠੇ, ਜਿਕੂ-

Digitized by Panjab Digital Library | www.panjabdigilib.org

-ਰ ਬੰਦੂਕ ਦੇ ਛੱਰੇ ਅਗੇ ਤਿੱਤਰ। ਇਸ ਦਸ਼ਾ ਨੂੰ ਦੇਖਕੇ ਹਕੀਮ ਹੁਰਾਂ ਨੇ ਹੁਕਮ ਦਿਤਾ, ਕਿ ਸਿਰ ਤੇ ਬਰਫ਼ ਰਖੋ, ਸ਼ਰਬਤ ਸੰਦਲ ਪੋਤ੍ਰਿਆਂ ਦੀ ਲਸੀ ਵਿਚ ਰਲਾਕੇ ਬੇ ਸ਼ੁਮਾਰ ਦਿੰਦੇ ਰਹੋ ਅਸੀ ਜਾਂਦੇ ਹਾਂ, ਕੁਝ ਲੋੜ ਪਏ ਤਾਂ ਖਬਰ ਦੇਣੀ। ਹਕੀਮ ਹੁਰੀ ਤਾਂ ਗਏ, ਇਸ ਜੁਗਤ ਨਾਲ ਸ਼ਰਾਬੀ ਜੀ ਨੂੰ ਹੋਸ਼ ਆਈ। ਉਠ ਪੇਸ਼ਾਬ ਕਰਨ ਬੈਠੇ ਲਗੇ ਚੀਕਾਂ ਮਾਰਨ "ਬਾਹੁੜੀ ਓਇ ਮਰ ਗਿਆ, ਹਾਇ ਰਬਾ ਮਰ ਗਿਆ, ਮਰ ਗਿਆ" ਸਾਰਾ ਮਹੱਲਾ ਕਠਾ ਹੋ ਗਿਆ ਪੁਛਿਆ ਸ਼ਰਾਬੀ ਜੀ ਸੁਖ ਤਾਂ ਹੈ, ਸ਼ਰਾਬੀ ਸਿਰ ਫੇਰਕੇ ਬੋਲੇ, ਹਾਇ ਮਰ ਗਿਆ, ਪੇਸ਼ਾਬ ਨਹੀ ਆਉਂਦਾ, ਚੀਸਾਂ ਪੈਂਦੀਆਂ ਹਨ, ਜਾਨ ਨਿਕਲਦੀ ਜਾਂਦੀ ਹੈ। ਹਾਇ ਮਰ ਗਿਆ ਛੇਤੀ ਕਿਸੇ ਸਿਆਣੇ ਨੂੰ ਸਦੋ। ਸਨਬੰਧੀ ਦੌੜਕੇ ਇਕ ਯੂਨਾਨੀ ਸਿਆਣੇ ਨੂੰ ਸਦ ਲਿਆਏ। ਹਕੀਮ ਹੁਰੀ ਨਾੜ ਤੇ ਹਥ ਰਖਕੇ ਬੋਲੇ, ਕਿਤੇ ਸ਼ਰਾਬ ਤਾਂ ਨਹੀ ਪੀਤੀ। ਸ਼ਰਾਬੀ ਜੀ ਬੋਲੇ ਨਹੀ ਜੀ (ਚੀਸ ਵਟਕੇ) ਨਹੀ ਜੀ। ਉਹ ਤਾਂ ਜਮਣ ਘੁਟੀ ਹੈ। ਹਕੀਮ ਨੇ ਕਿਹਾ, ਕੀ ਸਬਬ ਅਜ ਕੁਝ ਵਧੇਰੀ ਪੀਤੀ ਗਈ ਸੀ? ਸ਼ਰਾਬੀ ਬੋਲਿਆ, ਸ਼ਰਾਬ ਵਰਾਬ ਦੀ ਗਲ ਛਡੋ, ਮੇਰੀ ਜਾਨ ਤਾਂ (੧) ਚੀਸਾਂ ਨਾਲ ਨਿਕਲਦੀ ਜਾਂਦੀ ਹੈ। ਪੇਸ਼ਾਬ ਨਹੀ ਆਉਂਦਾ। ਹਾਇ ਮੈਂ ਗਿਆ। (ਬਿਹਬਲ ਹੋਕੇ)

(੧) ਇਨਾਂ ਚੀਸਾਂ ਦਾ ਕਾਰਣ ਇਹ ਸੀ ਕਿ ਸ਼ਰਾਬ ਨੇ ਮਸਾਨੇ ਵਿਚ ਇਨੀ ਅਗ ਫੂਕੀ ਕਿ ਪੇਸ਼ਾਬ ਸੜ ਗਿਆ। ਮਸਾਨਾ ਬਹੁਤ ਕੋਮਲ ਅੰਗ ਹੈ। ਪੇਸ਼ਾਬ ਦੇ ਸੜਨ ਨਾਲ ਪੇਸ਼ਾਬ ਦੇ ਖਟੇ ਤੇਜ਼ਾਬ ਤੇ ਹੋਰ ਖਾਰਾਂ ਆਦਿਕ ਤੇਜ਼ ਹੋ ਗਏ। ਬਾਓ ਬਾਈ ਮਸਾਨਾ ਸੜਕੇ ਜ਼ਖਮੀ ਹੋ ਗਿਆ। ਉਨ੍ਹਾ ਜ਼ਖਮਾਂ ਤੇ ਓਹੋ ਖਾਰ ਖਟਾਈ ਲਗ ਲਗਕੇ ਸੜਨ ਤੇ ਚੀਸਾਂ ਪੈਂਦੀਆਂ ਹਨ ਜਿਉਂ ਜਿਉਂ ਪੇਸ਼ਾਬ ਕਰਨ ਲਈ ਕਿੱਲਦਾ ਹੈ, ਤਿਉਂ ਤਿਉਂ ਘਾਉ ਪਾਟਕੇ ਚੌੜੇ ਹੁੰਦੇ ਤੇ ਚੀਸ ਵਧਦੀ ਹੈ।

Digitized by Panjab Digital Library | www.panjabdigilib.org

ਉਠੀ ਰਹਾ ਹੁਣ ਤਾਂ ਗੁਰਦੇ ਵਿਚ ਬੀ ਪੀੜ ਉਠੀ। ਬੱਸ ਹੁਣ ਮਰ
ਗਿਆ ਮਰ ਗਿਆ। ਕਹੀ ਜਾਂਦੇ ਹਨ, ਅਤੇ ਬਿਨਾਂ ਪਾਣੀ ਤੋਂ
ਮਛੀ ਵਾਕੂ ਤੜਫ ਰਹੇ ਹਨ। ਏਸੇ ਪੀੜ ਦੇ ਹੱਲੇ ਵਿਚ ਸ਼ਰਾ-
ਬੀ ਜੀ ਸ਼ੋਰ ਬੇਕਲੀ ਬੋਲਣ ਲਗੇ, ਹਾਉ! ਘਰ! ਘਰ! ਜੋ
ਕੁਝ ਲਸੀ ਸਰਬਤ ਸਵੇਰ ਦਾ ਪੀਤਾ ਸੀ, ਸਭ ਬਾਹਰ, ਦੁ-
ਰਗੰਧੀ ਨਾਲ ਘਰ ਭਰ ਗਿਆ। ਮਖੀਆਂ ਦੀ ਭਿਣਭਿਣਾ-
ਟ, ਸਨਬੋਧੀ, ਮੰਜਾ, ਬਿਸਤ੍ਰਾ ਆਦਿਕ ਸਭ ਤ੍ਰਿਬੁਤ, ਕੁਝ
ਛਿਟਾਂ ਦਾ ਗੱਫਾ ਹਕੀਮ ਹੁਰਾਂ ਨੂੰ ਬੀ ਮਿਲਿਆ। ਹੁਣ ਸ਼ਰਾ-
ਬੀ ਜੀ ਮਹਾਰਾਜ ਨਿਢਾਲ ਹੋਕੇ ਲੇਟ ਗਏ, ਚਿਹਰੇ ਤੇ ਮੁਨ-
ਕਾ ਆ ਗਿਆ, ਅਖਾਂ ਪੀਲੀਆਂ ਹੋ ਗਈਆਂ, ਪਾਣੀ ਦੀ
ਤ੍ਰੇਹ ਕਹਰ ਦੀ। ਪੀੜ ਦੀਆਂ ਚੀਸਾਂ ਵਖੀਆਂ ਪਿਛੋਂ ਉਠਕੇ
ਸਾਰੇ ਨਲਾਂ ਤੇ ਚਡਿਆਂ ਤਕ ਆਉਣ ਲਗੀਆਂ। ਪੇਸ਼ਾਬ
ਦੀ ਤਾਂਘ ਬਣੀ ਹੋਈ ਹੈ, ਬੈਠਦੇ ਹਨ ਤਾਂ ਆਉਂਦਾ ਨਹੀਂ
ਪੀੜ ਠਹਰ ਰਕੇ ਆਜਿਹੀ ਉਠਦੀ ਹੈ, ਕਿ ਝੱਲੀ ਨਹੀ ਜਾਂ-
ਦੀ। ਪਾਣੀ ਤੇ ਪੱਖਾ ਘੜੀ ਰ ਮੰਗਦੇ ਹਨ। ਤੇ ਹਕੀਮ
ਹੁਰਾਂ ਦੇ ਤਰਲੇ ਕਰਦੇ ਹਨ, ਕਿ ਕਿਵੇਂ ਮੈਨੂੰ ਅਰਾਮ ਕਰੋ।
ਢੰਗੀ ਤਰਾਂ ਦੇਖ ਭਾਲ ਕੇ ਹਕੀਮ ਹੁਰਾਂ ਕਿਹਾ ਕਿ ਤੈਨੂੰ
ਅਰਕਾਨ ਹੋ ਗਿਆ ਹੈ, ਦਰਦ ਗੁਰਦਾ ਬੀ ਨਾਲ ਹੈ,
ਇਸ ਸ਼ਰਾਬ ਨੈ ਜਿਗਰ, ਗੁਰਦਾ, ਮਸਾਨਾ ਦਿਲ ਦਿ-
ਮਾਗ ਆਦਿਕ ਸਾਰੇ ਅੰਗ ਲੂਹ ਘੱਤੇ ਹਨ, ਹੁਣ ਬੀ ਜੇ
ਸ਼ਰਾਬ ਛਡੋ ਤਾਂ ਸਭੇ ਦੁਖ ਹਟ ਜਾਣਗੇ, ਨਹੀਂ ਤਾਂ ਜਦ
ਸ਼ਰਾਬ ਪੀਏਂਗਾ, ਤਦ ਹੀ ਇਹ ਹਾਲ ਹੋਊ। ਸ਼ਰਾਬੀ
ਜੀ ਬੋਲੇ, ਇਸ ਵੇਲੇ ਬਚਾਓ, ਲਗਦੀ ਵਾਹ ਲਾਓ। ਫਿ-

Digitized by Panjab Digital Library | www.panjabdigilib.org

-ਨਾਕਹਕੇ" ਹਾਇ ਪਾਣੀ ਦਾ ਘੁਟ ਮੂੰਹ ਵਿਚ ਪਾਓ ਗਲ ਨ-
ਹੀ ਨਿਕਲਦੀ" ਫੇਰ ਦੀ ਫੇਰ ਦੇਖੀ ਜਾਏਗੀ, ਹਾਇ ਪੀੜ
ਬੁਰੀ ਹੁੰਦੀ ਹੈ, ਰਖ ਲਓ। ਹਕੀਮ ਹੁਰੀਂ ਬੋਲੇ ਕਿ ਨੇਮ ਕਰੋ
ਜੋ ਸ਼ਰਾਬ ਛਡੀ, ਤਦ ਹਛੇ ਹੋਣ ਦਾ ਮੂੰਹ ਦੇਖੋਗੇ। ਨਹੀਤਾਂ
ਰੋਤੇ ਰਖੋ ਕਿ ਉਮਰ ਤੁਹਾਡੀ ਪੁਗੀ ਖੜੀ ਹੈ ਇਸੇ ਤਰਾਂ ਤੜ-
ਫ ਕੇ ਜਾਨ ਦੇਵੋਂਗਾ। ਸ਼ਰਾਬੀ ਦੀ ਲੂਣੀ ਤੜਫਣੀ ਦੇ-
ਖਕੇ ਤੇ ਉਪਰੋਂ ਹਕੀਮ ਹੁਰਾਂ ਦਾ ਕੋਰਾ ਉਤਰ ਸੁਣ ਕੇ ਸਨਬੰ-
ਧੀ ਰੋਕੇ ਕਹਣ ਲਗੇ। ਹਕੀਮ ਜੀ ਆਪ ਪਦਾਰਥ ਵਲੋਂ
ਨ ਸੋਚੋ ਜੋ ਲਗੇ ਸੋ ਲਾਓ। ਭਾਵੇਂ ਨਲਾਇਕ ਹੈ, ਪਰ ਅੰਤ
ਪੁਤ੍ਰ ਹੈ, ਜਿਉ ਜਾਣੇ ਇਸ ਹਾਲੋਂ ਬਚਾਓ। ਦੇਖੋ ਸਵੇਰ ਦਾ ਇ-
ਹ ਵੇਲਾ ਆਇਆ ਹੈ, ਸਭ ਬਾਲ ਬੱਚੇ ਭੁਖੇ ਤਿਹਾਏ ਵਿ-
ਲੂ ਵਿਲੂ ਪਏ ਕਰਦੇ ਹਨ, ਨਾ ਚੁਲੇ ਅਗ ਨਾ ਘੜੇ ਪਾ-
ਣੀ, ਇਸੇ ਸ਼ਰਾਬ ਨਾਮੁਰਾਦ ਦੇ ਪਏ ਕੀਰਨੇ ਕਰਨੇ ਹਾਂ
ਜੇ ਹੁਣ ਇਸ ਦੀ ਦਵਾ ਦਾਰੂ ਟਹਲ ਸੇਵਾ ਨਾ ਕਰੀਏ ਤਾਂ ਪ-
ਹਲੇ ਤਾਂ ਆਪਣਾ ਮਨ ਹੀ ਨਹੀ ਸਹਦਾ, ਦੂਜੇ ਜਹਾਨ
ਵਿਚ ਬੀ ਨਕ ਨਹੀ ਰਹਦਾ, ਹੁਣ ਰਬ ਅਰਥੀ ਕੋਈ ਕਾ-
ਰੀ ਕਰੋ। ਹਕੀਮ ਹੁਰਾਂ ਦੇ ਮਨ ਬੀ ਤਰਸ ਪੈ ਗਿਆ। ਬਹੁ-
ਤ ਕੁਝ ਧੀਰਜ ਬਨਾਇਆ, ਤੇ ਕਿਹਾ ਗੁਰਦੇ ਪੁਰ ਸਿੰਗੀ-
ਆਂ ਲਵਾਓ, ਅਮਲਤਾਸ ਏਲੂਏ ਦਾ ਲੇਪ ਕਰੋ, ਸੇਕੋ,
ਤੇ ਇਹ ਦਵਾ ਘੋਟ ਤੇ ਛਾਣ ਕੇ ਪਿਲਾਓ ਭਖੜਾ, ਕਾਸ਼ਨੀ,
ਚਿਟਾ ਜੀਰਾ, ਕਸੁੰਭੇ ਦੇ ਬੀ, ਖੀਰੇ ਖਰਬੂਜ਼ਿਆਂ ਦੇ ਮਗ-
ਜ਼, ਲਾਚੀਆਂ ਸੌਂਗ ਸਰਮਾਹੀ ਜਰਿਸ਼ਕ ਸਭੇ ਪੰਜ ਪੰਜ
ਮਾਸੇ, ਮਿਸ਼ਰੀ ਦੋ ਤੋਲੇ, ਪਾਣੀ ਤ੍ਰੇਹ ਜਿਨ। ਧੀਰਜ ਕਰੋ

Digitized by Panjab Digital Library | www.panjabdigilib.org

ਇਸ ਜੁਗਤ ਨਾਲ ਕੁਝ ਅਰਾਮ ਹੋਇਆ ਸੀ, ਕਿ ਇੰਨੇ ਤਾਂ 
ਈ ਰਾਤ ਦੇ ਨਵਾਲੇ ਪਿਆਲੇ ਦੇ ਯਾਰ, ਜਿਹੜੇ ਕੋਈ ਬਚ
ਰਹੇ ਸਨ, ਸਿਰ ਮੂੰਹ ਧੋ ਕਪੜੇ ਵਟਾ, ਮੁਛਾਂ ਤੇ ਅਤਰ ਲਾ
ਖਬਰ ਪੁਛਣ ਨੂੰ ਧਾਮ ਧਾਮ ਆਣ ਪੁਜੇ। "ਕਿਉਂ ਰ
ਸੁਖ ਤਾਂ ਹੈ, ਇਹ ਕੀ ਕਿਰਲੇ ਵਾਂਗੂ ਰੰਗ ਬਦਲ ਪਏ ਹੋ, ਰਾ-
ਤ ਕੁਝ ਬਹੁਤੀ ਪੀ ਗਏ, ਅਸਾਂ ਤਾਂ ਰਾਤੀਂ ਹੀ ਲਭ ਲਿ-
ਆ ਸੀ ਕਿ ਇਸ ਵਿਚ ਰੇਠੜੇ ਭਾਵੇਂ ਸਿਖੀਏ ਦੀ ਪੂਠ ਹੈ
ਸਿਰ ਪੀੜ ਮੇਰੇ ਥੀ ਹੈ", ਦੂਜਾ ਬੋਲਿਆ ਝਾਕੀਆਂ ਤਾਂ
ਰਾਤ ਮੈਨੂੰ ਬੀ ਬਹੁਤ ਆਈਆਂ, ਸੀਨਾ ਸਾਫ ਹੋਗਿ-
ਆ। ਤੀਜਾ: ਨੂੰਹ ਧਾਕੇ ਰਾਤੀਂ ਮੈਂ ਬੀ ਤ੍ਰਿਗਾ, ਸਿਰ ਮੂੰ-
ਹ ਭੁਜਾ॥ ਚੌਥਾ: ਹੁਣ ਨਹੀਂ ਇਸ ਹਟੀ ਥੋਂ ਮੰਗਵਾਉਣੀ, ਪਾ-
ਣੀ ਰਲਾ ਦਿੰਦੇ ਹਨ, ਕਿਸੇ ਹਟੀ ਤੇ ਚੰਗੀ ਤੇਜ਼ ਮੰਗਾਵਾਂਗੇ
ਪੰਜਵਾਂ: ਬਈ ਰਾਤ ਦੀ ਸਾਡੀ ਮੰਡਲੀ ਵਿਚੋਂ ਦੋ ਚਾਰ ਆ-
ਦਮੀ ਲਭਦੇ ਨਹੀਂ, ਘਰ ਦੇ ਢੂੰਡਦੇ ਫਿਰਦੇ ਹਨ।
ਛੀਵਾਂ: ਓਹ ਕਿਧਰੇ ਕੰਜਰੀ ਉਜਰੀ ਦੇ ਘਰ ਮਸਤ ਪਏ ਹੋ-
ਣਗੇ। ਖੈਰ ਉਹ ਤਾਂ ਆ ਜਾਣਗੇ, ਹੁਣ ਇਨ੍ਹਾਂ ਦਾ ਕੁ-
ਝ ਫਿਕਰ ਕਰੋ। ਲਓ ਖਾਂ ਥੋੜੀ ਜਿਹੀ ਚੁਕ ਲਓ, ਬਸ ਨ-
ਵੇਂ ਨਰੋਏ ਹੋ ਜਾਓ, ਪੀਣ ਦੀ ਢਿਲ ਹੈ, ਜ਼ੋਰ ਜਿਹੇ ਸ਼ੇਰ।
ਸਤਵਾਂ: ਰਾਤੀਂ ਪੀਕੇ ਤੁਸੀਂ ਛੇਤੀ ਨਾਲ ਬਾਹਰ ਨਿਕਲੇ
ਮੈਂ ਉਸੇ ਵੇਲੇ ਜਾਣ ਲਿਆ ਸੀ ਕਿ ਹਵਾ ਦਾ ਬੁਲਾ ਲਗ
ਗਿਆ ਹੈ।
ਅਠਵਾਂ: ਚੰਗੇ ਜੀ ਹੋਇਆ ਕੀ ਜਵਾਨਾਂ ਨੂੰ ਇਹੋ ਜਿਹੇ ਕ-
ਈ ਧੱਕੇ ਧੋੜੇ ਲਗਦੇ ਹੀ ਹੁੰਦੇ ਹਨ। ਹਨੇਰ ਕੀ ਹੋਇਆ?

ਨੌਵਾਂ: ਚਲੋ ਫਿਰ ਗਡੀ ਮੰਗਾਓ, ਹਵਾ ਖਾਓ, ਬਾਹਰ ਦੀ ਦੌੜੇ ਪਿਆਲੇ ਚੁਕ ਲੈਣੇ। ਸਭ ਕੁਝ ਠੀਕ ਹੋ ਜਾਏਗਾ।

ਦਸਵਾਂ: ਤੁਸੀ ਨਹੀ ਜਾਣਦੇ ਸਪ ਦੇ ਡੇਗੇ ਨੂੰ ਸੀਖੀਆ ਅੱਗ ਦੇ ਸੜੇ ਨੂੰ ਤਾ, ਸ਼ਰਾਬ ਦੇ ਫਟੇ ਨੂੰ ਸ਼ਰਾਬ ਹੀ ਗੁਣਕਾਰੀ ਹੈ। ਇਥੇ ਹਕੀਮ ਦੀ ਮਾਉ ਦੇ ਕੌਨ, ਕਰ ਕੀ ਸਕਦਾ ਹੈ। ਹਕੀਮ ਦੇ ਕਣੀ ਪਿਉ ਦਾਦੇ ਸ਼ਰਾਬ ਨਾ ਤ੍ਰਿਠੀ ਕਰ ਕੀ ਸਕਦਾ ਹੈ: ਉਹ ਕੀ ਜਾਣੇ ਸ਼ਰਾਬੀ-ਆਂ ਦੇ ਇਲਾਜ। ਤੁਸੀ ਦਹੀ ਮੰਗਾਓ, ਦੇਖੋ ਹੁਣੇ ਸਾਡੇ ਨਾਲ ਜਾਂਦੇ ਹਨ ਕਿ ਨਹੀ। ਬਸ ਸ਼ਰਾਬ ਦੇ ਅੰਦਰ ਲੰਘ-ਣ ਦਾ ਚਿਰ ਹੈ, ਵਾਜੀ ਹੋਣ ਵਿਚ ਚੁਟਕੀ ਦਾ ਬੀ ਚਿਰ ਨਹੀ ਰਹੇ ਘੋੜੇ ਸਵਾਰ। ਦਹੀਂ ਤੇ ਖਾਂਡ ਇਸ ਲਈ ਜਾਦੂ ਹਨ।

ਏਹ ਗਲਾਂ ਸੁਣਕੇ ਸ਼ਰਾਬੀ ਦੇ ਮੂੰਹ ਬੀ ਪਾਣੀ ਭ-ਰਆਇਆ, ਅਤੇ ਸਨਬਧੀਆਂ ਨੇ ਬੀ ਸੋਚਿਆ, ਕਿ ਏਹ ਲੋਕ ਸ਼ਰਾਬ ਅਤੇ ਸ਼ਰਾਬੀ ਦੇ ਭੇਤੀ ਹਨ, ਕੀ ਜਾਣੀਏ ਇਨ੍ਹਾਂ ਦੀਆਂ ਗਲਾਂ ਸਚ ਹੀ ਹੋਣ।

ਝਟ ਪਟ ਖਾਂਡ ਤੇ ਦਹੀ ਦਾ ਗਿਲਾਸ ਭਰਕੇ ਪਿ-ਲਾ ਦਿਤਾ। ਹੁਣ ਪਾਣੀ ਦੀ ਅਗ ਤੇ ਬਰੂਦ ਸੜੇ ਹੋਏ ਅੰ-ਦਰ ਜਾ ਪਈ, ਸ਼ਰਾਬੀ ਜੀ ਤੜਫ ਕਰਕੇ ਲਗੇ ਪੱਟ, ਪੱਟ, ਟੱ-ਕਰਾਂ ਮਾਰਨ, ਤੇ ਗਾਇਰ ਦੀ ਚੀਕਾਂ ਨਾਲ ਧਰਨੇ ਸਿਰ ਤੇ ਬੁ-ਕਲ। ਪੀਣ ਨੇ ਉਹ ਤਾਰ ਬਧੀ ਕਿ ਸ਼ਰਾਬੀ ਜੀ ਹਿਡਕੋਰਿ-ਆਂ ਤੇ, ਇਨੇ ਤਕ ਇਕ ਕੈ ਆ ਗਈ. ਜਿਸਨੇ ਨਿਢਾਲ ਕਰ ਦਿਤਾ, ਹਥ ਪੈਰ ਠਰ ਗਏ, ਹਿਡਕੀ ਛਿੜ ਪਈ, ਬਕ-ਵਾਸ, ਪਾਣੀ ਦੀ ਡਾਂਝ। ਸਨਬਧੀ ਘਾਬਰ ਗਏ। ਦੌੜੇਰ

ਕਿਸੇ ਵੈਦ ਨੂੰ ਸਦੋ। ਸ਼ਰਾਬ ਦੀ ਅਪਦਾ ਦੇ ਮਾਰੇ ਦੀਨ ਤੇ ਦੁ-
ਖੀ ਵਿਚਾਰੇ ਵੈਦਰਾਜ ਜੀ ਪਾਸ ਪੁਜੇ। ਵਡੀ ਨਿਮ੍ਰਤਾ ਨਾ-
ਲ ਬੇਨਤੀ ਕੀਤੀ, ਮਹਾਰਾਜ ਇਕ ਰੋਗੀ ਬਹੁਤ ਲਾਚਾਰ ਹੈ,
ਆਪ ਕ੍ਰਿਪਾ ਕਰਕੇ ਚਲੋ। ਵੈਦਰਾਜ ਜੀ ਬੋਲੇ ਤੁਸੀ ਦੋ ਕਿ-
ਉਂ ਆਏ, ਇਹ ਸਗਨ ਅਛਾ ਨਹੀ, ਇਕ ਜਾਓ ਇਕ ਠ-
ਹਰੋ। ਜਦ ਉਠਕੇ ਤੁਰੇ ਤਾਂ ਅਗੋਂ ਇਕ ਤੀਮੀ ਸਿਰ ਖੁਲਾ
ਤੇ ਹਥੰ ਵਿਚ ਧੁਖਦੀ ਅਗ ਭੂਰੀ ਆਉਂਦੀ ਮਿਲੀ। ਵੈਦ
ਜੀ ਬੋਲੇ ਇਹ ਤਾਂ ਸਗਨ ਬਹੁਤ ਖੋਟਾ ਹੈ, ਇਹ ਕਹਿ ਦੇ-
ਸਨ ਕਿ ਅਗੋਂ ਬਿਲੀ ਲਿਘ ਗਈ, ਫਿਰ ਤਾਂ ਪਕਾ ਭਰਮ
ਬਝ ਗਿਆ। ਥੋੜ੍ਹਾ ਚਿਰ ਬੈਠ ਗਏ, ਪਾਣੀ ਪੀਤਾ, ਜੁਤੀ
ਝਾੜੀ, ਉਠਕੇ ਤੁਰੇ। ਗਲ ਕੀ ਰੋਗੀ ਦੇ ਸਿਰਹਾਣੇ ਪੁਜ
ਪਏ। ਅੰਦਰ ਵੜਦਿਆਂ ਦੁਰਗੰਧੀ ਨਾਲ ਨਕ ਸੜ-
ਗਿਆ। ਰੋਗੀ ਬੁੜਬੁੜਾਉਂਦਾ ਤੇ ਸਿਰ ਪਟਕਦਾ ਸੀ ਤੇ
ਹਿਡਕੀ ਨਾਲ ਸਾਹ ਅਟਕਦਾ ਸੀ। ਬੈਦ ਜੀ ਨੇ ਨਾੜੀ ਦੇ-
ਖੀ, ਬੋਲੇ ਰਕਤਪਿਤ ਪ੍ਰਕੋਪ ਹੋਏ ਹਨ, ਪਾਨਾਤਯ
ਉਨਮਾਦ, ਹਿਕ੍ਰਾ ਹਰਿਦ੍ਰਵ ਆਦਿਕ ਉਪਦ੍ਰਵ ਬੀ
ਨਾਲ ਹਨ। ਇਹ ਰੋਗ ਤਾਂ ਅਸਾਧ ਹੋ ਚੁਕਾ ਹੈ, ਕੋਈ ਝ-
ਟ ਦਾ ਪਰਾਹੁਣਾ ਹੈ। ਪਰ ਜਦ ਤਕ ਸ੍ਵਾਸ ਤਦ ਤਕ ਆਸ-
ਉਪਾਵ ਤਾਂ ਅਵੱਸ਼ ਕਰਨਾ ਚਾਹੀਏ। ਬਕਰੀ ਦਾ ਦੁਧ ਪਿ-
ਲਾਓ, ਮਥੇ ਤੇ ਚੰਦਨ ਘਸਕੇ ਲਾਓ, ਹਥਾਂ ਪੈਰਾਂ ਤੇ ਮ-
ਖਣ ਝਸਾਓ, ਕੇਲਿਆਂ ਦੇ ਪਤਿਆਂ ਦੀ ਸੇਜਾ ਕਰਾਓ।
ਗੁਲਾਬ ਆਦਿਕ ਸੁਗੰਧੀ ਪਦਾਰਥ ਛਿੜਕਾਓ, ਪਖਾ
ਝਲਾਓ ਅਤੇ ਇਹ ਔਖਧੀ ਕਾੜ੍ਹਕੇ ਪੁਣਕੇ ੧੬ ਮਾ-

Digitized by Panjab Digital Library | www.panjabdigilib.org

ਜੇਜੇ ਖਾਰ ਰਲਾਕੇ ਪਿਲਾਓ। ਇਰਿੰਡ ਦੀਆਂ ਜੜ੍ਹਾਂ ੨ ਰਮਾ-
ਸੇ ਸੌਂਠ ੨ ਰਮਾਸੇ ਪਾਣੀ ਸੇਰ ਪਕਾ। ਚੌਥਾ ਹਿਸਾ ਰਖਲਓ

ਇਸ ਜੁਗਤ ਨਾਲ ਦੋ ਦਸਤ ਆਏ, ਪੀੜ ਕੁਝ ਠਹਰੀ
ਹੋਤਨ ਫਿਰੀ। ਪਰ ਸਫਨ, ਅੱਹਦੀ, ਚੀਸਾਂ, ਅਜੇ ਬੀ ਬਣੀ-
ਰੀਆਂ ਸਨ। ਆਰ ਮਿਤ੍ਰ ਸਹਜੋਰ ਆਪੋ ਆਪਣੇ ਦਾਉਤ
ਰੈਤੇ ਆਨੇ ਬਹਾਨੇ ਭੁਰ੍, ਦੁਖ ਤਾਂ ਵਿਚਾਰਿਆਂ ਸਨ ਬੀਪੀ-
ਆਂਨ੍ਹੇ, ਜਿਨ੍ਹਾਂ ਸਟੋਰ ਦੀਆਂ ਨਾ ਪਕੀਆਂ ਨਾ ਖਾਧੀਆਂ।
ਇਸੇ ਅਪਦਾ ਵਿਚ ਰਾਤ ਪੈ ਗਈ। ਸ਼ਰਾਬੀ ਜੀ ਬੀ ਉਠ ਬੈਠੇ, ਬੈ-
ਠਦਿਆਂ ਹਾਇ ਰ ਦੀ ਦੁਹਾਈ ਮਚ ਗਈ। ਦਰਦ ਗੁਰਦਾ ਨੈ ਦੌਰਾ
ਕੀਤਾ। ਅਚਵੀ ਇਨੀ ਵਧੀ ਕਿ ਜਾਨ ਟੁਟਣ ਲਗੀ। ਮਾਂ ਪਿਉ
ਨੈ ਦੇਖਿਆ ਕਿ ਹੁਣ ਤਾਂ ਇਹ ਕੋਈ ਘੜੀ ਪਲ ਦਾ ਪਰਾਹੁਣ
ਹੈ; ਛੇਕ ਫੜਦੀ ਵਾਹ ਤਾਂ ਲਾ ਲਓ, ਕੋਈ ਜਾਓ ਡਾਕਟਰ ਸਾਹਬ
ਨੂੰ ਬੁਲਾ ਲਿਆਓ।

ਥੋੜੇ ਚਿਰ ਵਿਚ ਡਾਕਟਰ ਸਾਹਬ ਦੀ ਗਡੀ ਬੂਹੇ ਤੇ ਆਖ-
ਲੋਤੀ। ਗਡੀਓਂ ਉਤਰੇ ਅੰਦਰ ਆਏ, ਅਗੋਂ ਆਦਮੀਆਂ ਦੀ ਭੀ-
ੜ ਹਜ਼ਾ ਬੰਦ, ਡਾਕੀਆਂ ਦੀ ਮੁਸ਼ਕ ਦੇਖਕੇ ਬੋਲੇ "ਸਭ ਲੋਗ ਬਾ-
ਹਰ ਜਾਓ, ਬੋਤ (ਬਹੁਤ) ਖਰਾਬ ਵਾਲਾ ਬੂ ਹੈ" ਫੀਨਾਇਲ [ਮੁਸ਼ਕ ਹਟਾਉ ਦਵਾਈ ਦਾ]
ਛਿੜਕੋ, ਬੀਮਾਰ ਮਾਰਨਾ ਮਾਂਗਤਾ ਹੈ, ਬਾਹਰ ਨਿਕਾਲੋ"। ਸ਼ਰਾਬੀ
ਜੀ ਨੂੰ ਚੁਕਕੇ ਬਾਹਰ ਆਂਦਾ। ਡਾਕਟਰ ਸਾਹਬ ਦੇਖਕੇ ਬੋਲ ਉਠੇ
ਕਿ ਬੈਲ ਸ਼ਰਾਬ ਪੀਤਾ ਹੈ; ਓ ਡਲੇਰੀਆਮ ਹੈ (ਅਖਾਂ ਦਲ ਦੇਖਕੇ) ਤੂ ਐ-
ਰਦੈਨ (ਪਰੇਸ਼ਾਨ) ਅਬ ਨਹੀ ਜੀਨੇ ਸਕਤਾ ਹੈ, ਜੀਭ ਦੇਖਕੇ, ਦ-
ਰਦ ਵਾਲਾ ਹੈ। ਸ਼ਰਾਬੀ ਜੀ ਬੋਲ ਉਠੇ। ਸਾਹਬ ਪੀੜ ਨਾਲ ਮ-
ਰ ਗਿਆ। ਹਬਨਾਲ ਟੋਹਕੇ "ਓ ਗੁਰਦੇ ਵਾਲਾ ਦਰਦ ਹੈ, ਤੁਮ ਸ਼-

Digitized by Panjab Digital Library | www.panjabdigilib.org

ਰਾਬ ਕਿਉਂ ਪੀਤਾ ਹੈ, ਵੈਲ, ਜੀਨ ਨਹੀ ਮਾਂਗਤਾ। ਅਬੀ ੨ ਜੋਕ ਵੇ ਦਰਜਨ ਲਗਾਓ, ਪੀਛੇ ਪੋਸਤ ਡੋਡਾ ਪਾਨੀ ਉਬਾਲ, ਸੇਕ ਕਰੋ। ਵੈਲ ਸਮਝ ਲੀਆ। ਫੇਰ ਲਿੱਖਣ ਦੇ ਫ਼ੀ ਤੇ ਇਹ ਨੁਸਖਾ ਲਿਖਿਆ

| | | |
|---|---|---|
| ਪੋਟਾਸੀ ਐਸੀਟਾਸ ੩੦ ਰਤੀ | Potassi Acetas | ʒi |
| ਪੋਟਾਸ਼ੀ ਨਾਇਟ੍ਰਾਸ ੧੫ ਰਤੀ | Potassi Nitras | gr xxx |
| " ਬਾਈਕਾਰਬੂਨਾਸ ੩੦ ਰਤੀ | " bi Carb: | ʒi |
| ਲਾਕ੍ਵਰ ਐਮੋਨੀਆ ਐਸੀਟਾਸ ੧੨੦ ਬੂੰਦ | Liqr. Amon: Acetas, | ʒii |
| " ਮਾਰਫੀਆ ਹਾਈਡ੍ਰੋਕਲੋਰਾਸ ੬੦ ਬੂੰਦ | " Morphia Hydrochl. | ʒi |
| ਲਿਥਿਆਈ ਸਾਈਟ੍ਰਾਸ ੧੫ ਰਤੀ | Lithii Citras | gr xxx |
| ਸਪਿਰਟ ਈਥਰ ਨਾਈਟ੍ਰੋਸੀ ੬੦ ਬੂੰਦ | Spt. Aether Nitr. | ʒi |
| ਮਊਸਲਿਜ ਗਮ ਏਕੇਸ਼ੀਆ ½ ਛਟਾਂਕ | Mucilage Gum Acc. | ʒi |
| ਪਾਣੀ ੩ ਛਟਾਂਕ | Aqua | ʒvi |

Ft. Mist. Mark 6. One mark Every 2 hours

ਨੁਸਖਾ ਉਨ੍ਹਾਂ ਦੇ ਹਥ ਦਿਤਾ, ਤੇ ਕਿਹਾ, ਮੈਡੀਕਲ ਹਾਲ ਸੇ ਮੰਗਾਓ, ਔਰ ਦੋ ਦੋ ਘੰਟੇ ਬਾਦ ਇਕ ੨ ਖੁਰਾਕ ਪਿਲਾਓ। (ਸ਼ਰਾਬੀ ਵਲ) ਖ਼ਬਰਦਾਰ ਕਬੀ ਸ਼ਰਾਬ ਮਤ ਪੀਨਾ, ਪੀਏਗਾ ਮਰ ਜਾਏਗਾ, ਸਲਾਮ ੨ ਹਮ ਜਾਨਾ ਮਾਂਗਤਾ ਹੈ। ਗਡੀ ਪੁਰ ਬੈਠੇ ਅਰ ਖੜ ੨ ਕਰਦੇ ਔਹ ਗਏ।

ਜਦ ਡਾਕਟਰ ਸਾਹਬ ਦੇ ਕਹੇ ਮੂਜਬ ਸਭ ਕੁਝ ਕੀਤਾ ਗਿਆ ਤਾਂ ਕੁਝ ਠਰੱਮਾ ਹੋਇਆ, ਪੀੜ ਘਟੀ, ਥਾਂਣੀ ਦਹੀ ਦਾ ਅਮਲ ਟੁਟਾ, ਨੀਂਦ ਆਈ। ਦਿਨ ਚੜ੍ਹੇ ਫਿਰ ਡਾਕਟਰ ਸਾਹਬ ਨੂੰ ਸਦਿਆ। ਪੰਜ ਦਸ ਦਿਨ ਦਵਾ ਦਾਰੂ

Digitized by Panjab Digital Library | www.panjabdigilib.org

ਮਲ੍ਹਮ ਪਟੀ ਕਰ ਕਰਾਕੇ ਰਾਜੀ ਬਾਜੀ ਨਵੇਂ ਨਰੋਏ ਹੋਗ-
ਏ। ਪਰ ਬੁੱਲ੍ਹਦੇ ਪੱਕੇ ਸ਼ਰਾਬੀ ਜੀ ਨੇ ਕੁਝ ਦਿਨ
ਹੀ ਬਿਤਾਏ ਹੋਣਗੇ, ਕਿ ਫੇਰ ਕੱਚੇ ਖੁਸ਼ਾਮਤੀਆਂ ਨੇ ਆਅ-
ਤ੍ਰੇ ਲਾਇਆ, ਅਰ ਲਗੇ ਫੇਰ ਰੰਗ ਰਲੀਆਂ ਮਨਾਉਣ
ਇਕ ਦਿਨ ਸ਼ਰਾਬ ਪੀਕੇ ਮਸਤ ਜੋ ਸੁਤੇ, ਉਤੋਂ ਠਰ ਖਾਉ-
ਤਰ ਪਈ, ਆਪ ਬੇਸੁਧ ਪਏ ਰਾਤ ਭਿਜਦੇ ਰਹੇ। ਅੰਗੂ-
ਠੇ ਦੀ ਜੜ੍ਹ ਵਿਚ ਪੀੜ ਉਠੀ, ਅਜਿਹੀ ਕਹਰ ਦੀ ਕਿ ਦੂ-
ਜੀ ਰਾਤ ਸਭ ਗੀਨ੍ਹਾਂ ਸੁਜਕੇ ਲਗੀਆਂ ਟਾਟਾਂ ਮਾਰਨ।
ਪੀੜ ਨੇ ਉਹ ਤਾਰ ਬੱਧੀ ਕਿ ਜਿਸ ਦੀ ਕੋਈ ਗਿਣਤੀ ਮਿਣ-
ਤੀ ਨਹੀ। ਜੇ ਕਿਤੇ ਚਿਤ ਲੋਇਆਂ, ਘੜੀ ਸਹਾਰਾ ਹੋਵੇ ਬੀ
ਤਾਂ ਮੰਜੀ ਨਾਲ ਕਿਸੇ ਦੇ ਛੋਹੰਦਿਆਂ ਹੀ ਪੀੜ ਦਾ ਹਨੇਰ
ਆ ਜਾਵੇ। ਨਾਲ ਤਾਪ ਚੜ੍ਹਨ ਲਗ ਗਿਆ, ਤੇ ਮੁੜਕੇ
ਵਿਚ ਖਟੀ ਟੀਟ ਮੁਸ਼ਕ ਪੈ ਗਈ। ਅਰ ਦੂਜੇ ਰ ਜੋੜ ਬੀ
ਸੁਜ ਗਏ। ਦਿਨੇ ਤਾਂ ਭੁਲ ਕਿਸੇ ਦੇ ਮੂੰਹ ਮਥੇ ਲਗਦਿਆਂ
ਝਟ ਲਿਘ ਜਾਵੇ, ਪਰ ਰਾਤ ਕਾਲੀ ਬੋਲੀ ਮੌਤ ਦੀ ਦਿਖਾ-
ਲੀ ਦੇਵੇ। ਓੜਕ ਲਾਚਾਰ ਹੋਕੇ ਫੇਰ ਸਿਆਣੇ ਨੂੰ ਸਦਿ-
ਆ। ਸਿਆਣੇ ਨੇ ਡਿਠਾ ਕਿ ਇਹ ਤਾਂ ਗੀਠੀਆਂ ... ਵਜਾ-
ਮੁਫਾਸਲ (ਜੋੜਾਂ ਦੀਆਂ ਪੀੜਾਂ) ਹੋ ਗਿਆ ਹੈ। ਅਰ ਪਹਿਲੇ ਕ-
ਦੀ ਆਤਸ਼ਕ ਬੀ ਹੋ ਚੁਕਾ ਹੈ। ਇਹ ਸਭ ਸ਼ਰਾਬ ਦੀ ਕਿਰਪਾ
ਹੈ, ਹੁਣ ਬੀ ਛਡੋ ਕਿਉਂ ਇਸ ਅਮੋਲਕ ਦੇਹ ਨਿਰਦੋਖ ਨੂੰ ਦੂ-
ਖ ਦੇਂਦੇ ਹੋ। ਯਾਦ ਰਖੋ ਇਹੋ ਰੋਗ ਉਮਰ ਭਰ ਨਹੀ ਜਾਵੇ-
ਗਾ, ਕਦੀ ਵਧ ਜਾਊ ਕਦੀ ਘਟ ਜਾਊ। ਇਸ ਵੇਲੇ ਦਾ ਇ-
ਲਾਜ ਇਹ ਹੈ, ਮਾਜੂਨ ਸੁਰੰਜਾਂ ਰ ਤੇਲ, ਡਿਫਲੇ ਦੇਕਾ-

Digitized by Panjab Digital Library | www.panjabdigilib.org

ਤਲੇ ਨਾਲ ਦੋ ਦੋਲੇ ਰੋਜ਼ ਖਾਓ, ਦੋ ਦਸਤ ਰੋਜ਼ ਆਉਣਗੇ
ਇਕ ਸਾਤੇ ਵਿਚ ਅਰਾਮ ਆ ਜਾਊ। ਨਹੀ ਤਾਂ ਇਕ ਜੁ-
ਲਾਬ ਕਰਾਕੇ ਚੋਬ ਚੀਨੀ ਖਾਓ। ਖੈਰ ਇਸ ਜੁਗਤ ਨਾ-
ਲ ਅਰਾਮ ਤਾਂ ਹੋਇਆ ਪਰ ਸ਼ਰਾਬ ਕਿੱਥੋਂ ਛੁਟੇ। ਪੀਤੀ
ਫੇਰ ਹੁਰੀ ਫੇਰ ਆ ਗਏ। ਹਥਾਂ ਪੈਰਾਂ ਦੀਆਂ ਗੰਢਾਂ ਸੁਜ-
ਣ ਫੇਰ ਬਣ ਗਈਆਂ, ਤੇ ਪੀਣ ਦੀ ਤਾਂ ਕੋਈ ਹਦ ਨਹੀ
ਸਿਰ ਹਿਲਣ ਲਗ ਗਿਆ ਹਥ ਕੰਬਣ ਲਗ ਪਏ। ਦਿਨੋ-
ਣ ਗਾਤ ਨੂੰ ਰੋਗੀ ਤਪ ਚੀਰੋਣ ਲਗਾ। ਸਰੀਰ ਸੁਕਕੇ ਪਿੰ-
ਜਰ ਨਿਕਲ ਆਇਆ। ਤੇ ਲੀਣ ਹਥ ਪੈਰ ਸੌਂ ਗਏ
ਠੰਢ ਤਤ ਪੁਣ ਬੁਝ ਨਹੀ ਭਾਸਦਾ, ਦੁਵਾਵਾਂ ਕਰਦੇ
ਣ ਹੁਟ ਗਏ, ਰੋਗ ਦਿਨੋਂ ਦਿਨ ਵਧਦਾ ਹੀ ਗਿਆ। ਓ-
ਸ ਬਉਂਗਲਾਂ ਦੇ ਫੋੜੇ ਫਿਸ ਗਏ, ਪਾਕ ਤੁਰ ਪਈ, ਤੇ ਮੱਖੀ-
ਆਂ ਭਿਣ ਭਿਣ ਕਰਨ ਲਗੀਆਂ। ਇਸ ਦਸ਼ਾ ਨੂੰ ਦੇਖਕੇ ਬਿ-
ਰਾਦਰੀ ਨੇ ਭਾਜੀ ਸਾਂਈ ਪਾਣੀ ਪਤਲ ਸਭ ਛੇਕ ਦਿਤਾ, ਭ-
ਈ ਤੁਸੀ ਕੋਹੜੇ ਨੂੰ ਘਰੋਂ ਕਿਉਂ ਨਹੀ ਕਢਦੇ। ਲਚਾਰ ਸਨ
ਬੀਬੀਆਂ ਨੂੰ ਉਹਨਾਂ ਬਿਸਤਰਾ ਵਖਰਾ ਕਰਨਾ ਪਿਆ।

ਸ਼ਰਾਬੀ ਜੀ ਇਕ ਵਖਰੇ ਕੋਠੇ ਵਿਚ ਪਏ ਹੋਏ ਅ-
ਨੇਕ ਰੋਗ ਭੋਗ ਰਹੇ ਹਨ, ਹਥਾਂ ਦੀ ਕ੍ਰਿਆ ਕੋਈ ਨਹੀ ਹੋ ਸ-
ਕਦੀ। ਰੋਟੀ ਭੀ ਕੁਤੇ ਵਾਂਙੂ ਮੂੰਹ ਨਾਲ ਭੰਨ ਤੋੜਕੇ ਖਾਂਦੇ
ਹਨ। ਸਿਆਣੇ ਸਾਰੇ ਹਿੰਭੇ ਕਢ ਚੁਕੇ, ਕੋਈ ਦਵਾ ਇਸਨੂੰ
ਗੁਣ ਨਹੀ ਕਰ ਸਕਦੀ ਜਦ ਤਕ ਕਿ ਇਹ ਸ਼ਰਾਬ ਨਹੀ
ਛਡਦਾ। ਤੁਹਾਡਾ ਪੈਸਾਂ ਐਵੇਂ ਉਜੜ ਰਿਹਾ ਹੈ। ਦੂਜੇ ਇਹ ਰੋ-
ਗ ਹੁਣ ਵਿਗੜ ਗਿਆ, ਆਤਸ਼ਕ ਦੀ ਜ਼ਹਰ ਇਸਦੇ ਰੋ-

ਮਨ ਵਿਚ ਫੈਲ ਗਈ ਹੈ। ਅਤੇ ਅਖਾਂ ਵਿਚ ਸੁਜ਼ਾਖ ਦੀ
ਜ਼ਹਰ ਹੈ। ਏਹ ਅਖਾਂ ਇਸ ਦੀਆਂ ਕਦੇ ਹਛੀਆਂ ਨਹੀ
ਹੋਣਗੀਆਂ, ਸਗੋਂ ਇਸੇ ਲਾਲੀ ਫੈਲੇ ਦੇ ਉਹਲੇ ਵਿਚ ਮੋ-
ਤੀਏ ਦਾ ਪਾਣੀ ਉਤਰ ਕੇ ਕੁਝ ਚਿਰ ਤੀਕ ਬੰਦ ਹੋ ਜਾਣਗੀਆਂ।
ਅਜੇ ਬੀ ਸ਼ਰਾਬ ਬੰਦ ਕਰੇ, ਭਲਾ ਜੇ ਕੁਝ ਮੋੜ੍ਹਾ ਪੈ ਜਾਏ
ਤਾਂ। ਜਦ ਸ਼ਰਾਬੀ ਦੀ ਸ਼ਰਾਬ ਬੰਦ ਕੀਤੀ ਤਾਂ ਨਾਲ ਭੁਖ ਬੀ
ਟਰ ਹੋ ਗਈ। ਹਾਇ ਕਿਡੇ ਸ਼ੋਕ ਦੀ ਗਲ ਹੈ! ਤੁਸੀ ਜਾ-
ਣਦੇ ਹੋ ਭਾੜੇ ਦੇ ਟਟੂ ਨੂੰ ਜਦ ਕੋਟੜੇ ਮਾਰ ਕੇ ਦੁੜਾ-
ਈਏ ਤਾਂ ਮਜ਼ਲ ਤੇ ਪਹੁੰਚ ਕੇ ਹੁਟ ਜਾਂਦਾ ਹੈ, ਦੂਜੀ ਮਜ਼ਲ
ਜਾਣ ਜੋਗਾ ਨਹੀ ਰਹਿੰਦਾ, ਜੇ ਤੁਰੇ ਬੀ ਤਾਂ ਕੋਟੜੇ ਹੀ ਦੇ ਜ਼ੋਰ
ਸੋ ਬੁਰੇ ਹਾਲ। ਇਕੁਰ ਹੀ ਸ਼ਰਾਬ ਰੂਪੀ ਕੋਟੜੇ ਕਰਕੇ ਓਦਰੀ
(ਜਾਂ ਭੁਖ) ਰੂਪੀ ਟਟੂ ਤੇਜ਼ ਹੋ ਜਾਂਦਾ ਹੈ, ਕੱਚਾ ਪੱਕਾ ਭੱਖ ਅ-
ਭੱਖ ਸਭ ਨਿਘੇਰੀ ਜਾਂਦਾ ਹੈ। ਪਰ ਜਦ ਅਮਲ ਟੁਟਾ, ਤਦ
ਓਹੋ ਖਾਧਾ ਹੋਇਆ ਦੁਖ ਰੂਪ ਹੋ ਜਾਂਦਾ ਹੈ। ਹਾਜ਼ਮਾ ਵਿਗ-
ੜ ਜਾਂਦਾ ਹੈ, ਭੁਖ ਮਰ ਜਾਂਦੀ ਹੈ, ਦਸਤ ਮਰੋੜ ਹੈਜ਼ਾ ਆਦਿ-
ਕ ਅਨੇਕ ਰੋਗ ਉਠ ਖੜੋਂਦੇ ਹਨ। ਭੁਖ ਦਾ ਅਜਿਹਾ ਬੁਰਾ
ਹਾਲ ਹੁੰਦਾ ਹੈ, ਕਿ ਦੂਜੇ ਦਿਨ ਬਿਨਾ ਸ਼ਰਾਬ ਦੇ ਕੋਟੜੇ ਦੇ
ਹੁਣ ਕੁਝ ਖਾ ਹੀ ਨਹੀ ਸਕਦਾ। ਅਤੇ ਨਿਤਨੇਮੀਆਂ
ਦੀ ਭੁਖ ਮਰੀ ਅਲਟੂ ਵਾਂਗੂ (ਕੋਟੜੇ ਕਾਟੜੇ ਕੁਝ ਨਹੀ ਮੰ-
ਨਦੀ, ਕਿਉਂਕਿ ਬਹੁਤ ਕੋਟੜੇ ਖਾ ਖਾ ਕੇ ਹੁਟ ਜਾਂਦੀ ਹੈ) ਜੋ ਬੈਠਾ
ਸੋ ਬੈਠਾ। ਭਾਵੇਂ ਕੋਟੜਿਆਂ ਨਾਲ ਚਿਰ ਨਿਕਲ ਜਾਏ, ਪ-
ਰ ਉਠਣਾ ਤਦ, ਜਦ ਫਲੀਆਂ ਵਾਲੇ ਚਾਰ ਉਠਾਉਣ, ਨਹੀ
ਤਾਂ ਨਹੀ। ਇਕੁਰ ਹੀ ਸ਼ਰਾਬੀ ਦੀ ਦਸ਼ਾ ਸਮਝੋ।

Digitized by Panjab Digital Library | www.panjabdigilib.org

ਲਚਾਰ ਫੇਰ ਪੀਣੀ ਪਈ, ਪੀਤੀ, ਨਾਲ ਕੋਈ ਖਟੀ ਸ਼ੈ
ਜ਼ ਖਾਧੀ ਗਈ, ਰਾਤ ਪਸਲੀ ਵਿਚੋਂ ਪੀੜ ਦਾ ਨੇਜ਼ਾ ਵਜਣ-
ਣ ਲਗਾ, ਸਵੇਰੇ ਨਿਛਾਂ ਆਉਣ ਲਗੀਆਂ, ਨਕ ਵਗਣ
ਲਗਾ, ਪਾਲਾ ਲਗਣ ਲਗਾ। ਖੰਘਾਰਾਂ ਨਾਲ ਸੂਹਾ ਲਹੂ
ਦੀਸਿਆ। ਡਰ ਕੇ ਡਾਕਟਰ ਨੂੰ ਸਦਿਆ। ਉਸ ਨੇ ਕਿਹਾ
ਕਿ ਇਸ ਦੇ ਫਿਫੜੇ ਦੀ ਨੋਕ ਤੇ ਸੋਜ ਹੋ ਗਈ ਹੈ, ਕੋਈ ਕਿ-
ਸੇ ਤੋਂ ਖਲੇ ਦੀ ਗਲ ਨਹੀ, ਕੇਵਲ ਸ਼ਰਾਬ ਦੀ ਕਿਰਪਾ
ਹੈ। ਮੁਕਦੀ ਗਲ ਦਵਾ ਦਾਰੂ ਕਰਦਿਆਂ ਚੌਧਵੇਂ ਦਿਨ ਇ-
ਸ ਰੋਗੋਂ ਤਾਂ ਬਚੇ, ਪਰ ਖੰਘ ਬਾਕੀ ਰਹਿ ਗਈ। ਅਰ ਕਦੀ
੨ ਰਾਤ ਨੂੰ ਚੋਰੀ ਤਪ ਬੀ ਹੋ ਜਾਏ, ਮੁੜ੍ਹਕਾ ਪੈ ਜਾਏ, ਖੰਘਾ-
ਰਾਂ ਵਿਚ ਥੋੜਾ ੨ ਲਹੂ ਬੀ। ਛਾਤੀ ਪਿੰਜਰ ਤਤਾ ਰਹੇ, ਕਦੀ
ਕਬਜ਼ ਕਦੀ ਦਸਤ, ਕਦੀ ਢਿਡ ਪੀੜ, ਸਰੀਰ ਸੁਕ ਕੇ
ਕੰਡਾ ਹੋ ਗਿਆ।

ਹੁਣ ਅਖਾਂ ਤੇ ਬੀ ਕ੍ਰਿਪਾ ਦ੍ਰਿਸ਼ਟੀ ਹੋਈ, ਵੈਦ
ਦੀਏ ਦੇ ਦੋ ਤਿਨ ਤਿਨ ਦਿਸਣ ਲਗੇ, ਅੰਤ ਨੂੰ ਅਖਾਂ ਵਿ-
ਚ ਮੋਤੀਆ ਬਿੰਦ ਆ ਗਿਆ, ਅਰ ਸ਼ਰਾਬੀ ਜੀ ਅੰ-
ਨ੍ਹੇ ਹੋ ਗਏ।

ਇਸ ਹਾਲ ਵਿਚ ਸ਼ਰਾਬੀ ਬਹੁਤ ਹੀ ਦੁਰਗਤ ਹੋ
ਹੋ ਗਿਆ। ਜਿਸ ਭਾਂਡੇ ਆਪ ਮੂੰਹ ਮਾਰ ੨ ਕੇ ਖਾਂਦੇ
ਹਨ, ਉਸੇ ਵਿਚੋਂ ਇਕ ਪਾਸੇ ਕੁਤੇ ਹੁਰੀਂ ਮੋਹਨ ਭੋਗ ਲਾ
ਰਹੇ ਹਨ। ਹਾਇ! ਸ਼ੋਕ!! ਅਖਾਂ ਨੇ ਬੀ ਇਸ ਬਿਪ
ਤਾ ਵਿਚ ਸਾਥ ਨਾ ਦਿਤਾ, ਹਥਾਂ ਨੇ ਬੀ ਅੰਗ ਨਹੀ ਪ
ਲਿਆ, ਕਿਸ ਤਰਾਂ ਹਟਾਉਣ। ਪਰੰਤ ਸ਼ਰਾਬ ਅਜੇ-

Digitized by Panjab Digital Library | www.panjabdigilib.org

ਬੀ ਅਮਲ ਜਾਨ ਕੇ ਪੀਂਦੇ ਹਨ। ਸਨਬੰਧੀ ਇਸ ਸਮੇਂ ਪਰਮ ਦੁਖੀ ਹੋਏ, ਕਰਤਾਰ ਅਗੇ ਬੇਨਤੀਆਂ ਕਰਦੇ ਹਨ, ਕਿ ਹੇ ਪਰਮੇਸੁਰ ਇਸ ਨੂੰ ਛੇਤੀ ਸਮੇਟ, ਇਸ ਨੂੰ ਆਪਣੇ ਤੇ ਸਾਨੂੰ ਇਸ ਦੇ ਦੁਖਾਂ ਥੋਂ ਛੁਡਾਉ। ਹੇ ਨਿਰੰਕਾਰ ਇਸ ਦੀਨ ਪਰਮ ਦੁਖੀ ਸ਼ਰਾਬੀ ਪੁਰ ਦਇਆ ਕਰ। ਹੁਣ ਇਹ ਆਪਣੇ ਕੀਤੇ ਕਰਮਾਂ ਦਾ ਫਲ ਰਜ ਕੇ ਭੋਗ ਚੁਕਾ ਹੈ

ਦੀਨਾ ਬੰਧੂ ਪਤਤ ਪਾਵਨ ਇਸ ਨੂੰ ਇਸ ਪਰਤਖ ਨਰਕ ਥੀਂ ਛੁਟਕਾਰਾ ਬਖਸ਼। ਇਸ ਵੇਲੇ ਤੇਰੀ ਪਰਮ ਕ੍ਰਿਪਾ ਦਾ ਸਰੂਪ ਮੌਤ ਹੈ, ਸੋ ਬਖਸ਼। ਇਤਆਦਿਕ ਪ੍ਰਾਰਥਨਾ ਕਰ ਰਹੇ ਹਨ। ਹਾਇ। ਏਹ ਓਹ ਮਾਪੇ ਹਨ, ਜਿਨ੍ਹਾਂ ਤਰਸ ਰਤੇ ਸੁਖਣ ਸੁਖ ਕਰਕੇ ਇਹ ਲਾਲ ਲੀਤਾ ਸੀ, ਜਿਸ ਦੇ ਜੰਮਣ ਦੀਆਂ ਵਧਾਈਆਂ ਵਿਚ ਪੁਰ ਹਜ਼ਾਰ ਰੁਪਯਾ ਲਗਾ ਸੀ ਅਜ ਉਸੇ ਸੁਖੀ ਲਧੇ ਲਈ ਮੌਤ ਦਾ ਛੇਗੁਣਾ ਮੰਗ ਰਹੇ ਹਨ। ਜਿਸ ਪੁਤ ਦੇ ਕੰਨ ਤਤੇ ਹੋਏ ਤੇ ਮਾਂ ਰੇਤ ਦੀ ਮਛੀ ਹੁੰਦੀ ਸੀ, ਅਜ ਉਸੇ ਦਾ ਮਰਨਾ ਚਿਤਵ ਰਹੀ ਹੈ, ਇਹ ਉਹ ਮਾਂ ਹੈ, ਜਿਸ ਦੇ ਸਾਮ੍ਹਣੇ ਕਿਸੇ ਦੀ ਤਾਕਤ ਨਹੀ ਸੀ ਕਿ ਇਸ ਦੇ ਪੁਤ ਨੂੰ ਕੋਈ ਓਇ ਤਾਂ ਆਖ ਜਾਏ, ਪਰ ਅਜ ਉਹੋ ਮੂੰਹ ਪਾੜ ਕਰਕੇ ਕਹਿੰਦੀ ਹੈ, ਕਿ ਹੁਣ ਇਹ ਮਰ ਜਾਏ। ਕਾਰਣ ਕੀ? **ਸ਼ਰਾਬ**। ਹਾਇ! ਇਸ ਸ਼ਰਾਬ ਦੀ ਬੇੜੀ ਗਰਕ। ਇਸ ਸ਼ਰਾਬੀ ਦੀ ਇਹ ਦਸ਼ਾ, ਜਿਹੀ ਦਰਦਨਾਕ ਹੈ, ਕਿ ਸਾਡਾ ਚਿਤ ਲਿਖਿਆ ਨਹੀ ਚਾਹੁੰਦਾ, ਪਰ ਪਾਠਕਾਂ ਦੇ ਲਾਭ ਹਿਤ ਲਿਖਣਾ ਅਤਿ ਜ਼ਰੂਰੀ ਹੈ।

ਜਿਹੜਾ ਸਰੀਰ ਪਲ ਕਰਕੇ ਅਤੇ ਮੋਟਾ ਹੋ ਗਿਆ।

ਸੀ, ਹੁਣ ਸ਼ਰਾਬ ਦੀ ਇਤਨੀ ਕਿਰਪਾ ਹੋਈ, ਕਿ ਸੁਕ ਕੇ ਪਿੰਜਰ
ਹੋ ਗਿਆ। ਜਿਨ੍ਹਾਂ ਅਖਾਂ ਵਿਚ ਸ਼ਰਾਬ ਦੀ ਮਸਤੀ ਨਾਲ ਲੋਕ-
ਪਰਲੋਕ ਰਾਜਾ ਪਰਜਾ ਆਪਣਾ ਬਗਾਨਾ ਕੁਝ ਨਹੀਂ ਸੁਝਦਾ
ਸੀ, ਹੁਣ ਆਪਣੇ ਹਥਾਂ ਨੂੰ ਭੀ ਨਹੀਂ ਦੇਖ ਸਕਦੀਆਂ। ਜਿਨ੍ਹਾਂ
ਹਥਾਂ ਨਾਲ ਬੋਤਲਾਂ ਤੇ ਬੋਤਲਾਂ ਖੋਹਲ ਕੇ ਨਿਘੋਰ ਗਏ, ਹੁਣ ਉ-
ਹ ਹਥ ਸੁੰਨ ਵਟ ਕੇ ਪਵਣ ਭੁਸ਼੍ਰ ਕਰਕੇ ਗ੍ਰਸਤ ਹਨ, ਠੰਢੇ
ਤਤੇ ਥੋਂ ਸੁੰਨ। ਸਰੀਰ ਬਾਹਾਂ ਸਿਰ ਕੰਬ ਰਿਹਾ ਹੈ; ਪਾਕ ਵ-
ਗ ਰਹੀ ਹੈ, ਉਂਗਲਾਂ ਝੜ ਚੁਕੀਆਂ ਹਨ। ਥਾਓਂ ਥਾਈਂ ਗਿਲ੍ਹਮੀ-
ਆਂ ਪ੍ਰਗਟ ਹਨ। ਜਿਨ੍ਹਾਂ ਲਤਾਂ ਨਾਲ ਤੁਰਕੇ ਸ਼ਰਾਬਖਾਨੇ ਸ਼-
ਰਾਬ ਖਰੀਦਣ ਅਥਵਾ ਸ਼ਰਾਬੀਆਂ ਦੇ ਨਾਲ ਸ਼ਰਾਬ ਪੀ-
ਣ ਮੇਲ ਕਰਨ ਵਡੇ ਵੇਗ ਦਵਾਲ ਨਾਲ ਔਂਡੇ ਬੈਂਡੇ ਟੇਢੇ ਟੇਢੇ
ਚਲਦੇ ਹੁੰਦੇ ਸਨ। ਉਹੋ ਟੰਗਾਂ ਹਿਲਣ ਜੋਗੀਆਂ ਨਹੀਂ। ਜੋ-
ੜ ਸੁਜੇ ਹੋਏ ਹਨ, ਪੀੜ ਕਹਰ ਦੀ ਹੈ, ਉਂਗਲਾਂ ਝੜ ਚੁਕੀ-
ਆਂ ਹਨ, ਪਾਕ ਵਹਿ ਰਹੀ ਹੈ, ਪੈਰ ਠੰਢੇ ਠਾਰ ਸੁੰਨ। ਜਿਸ ਛਾ-
ਤੀ ਵਿਚ ਮਟਾਂ ਦੇ ਮਟ ਸ਼ਰਾਬ ਸਮਾਂ ਗਈ, ਹੁਣ ਉਹ ਅੰਦ੍ਰੋਂ
ਪਾਟ ਗਈ, ਦਬਾਦਬ ਲਹੂ ਖੰਘਾਰਾਂ ਨਾਲ ਆਈ ਜਾਂਦਾ ਹੈ
ਬਾਹਰੋਂ ਹਥ ਲਾਓ ਤਾਂ ਹਰ ਵੇਲੇ ਤਤੀ, ਖੰਘ ਵੇਲੇ ਕੁਤੇ ਵਾਙੂ
ਘਰਕਣੀ ਚੜ੍ਹ ਜਾਂਦੀ ਹੈ। ਜਿਸ ਚਿਹਰੇ ਤੇ ਸ਼ਰਾਬ ਦੀਆਂ
ਲਾਲੀਆਂ ਚੜ੍ਹੀਆਂ ਸਨ, ਉਹ ਸੇਉ ਵਰਗਾ ਚਿਹਰਾ ਹੁਣ
ਮਹਾਂ ਕਰੂਪ ਤੇ ਝੁਰੀਆਂ ਨਾਲ ਠੰਢਾ ਠਾਰ ਹੈ। ਜਿਸ ਸ਼ਰਾਬ
ਦੀ ਕ੍ਰਿਪਾ ਨਾਲ ਝੂਠੀ ਭੁਖ ਵੇਲੇ, ਕਚੇ ਪਕੇ ਭਖ ਅਭਖ
ਪਦਾਰਥ ਨਿਘਰਦੇ ਹੁੰਦੇ ਸਨ, ਹੁਣ ਉਸ ਅਫਰੇ ਹੋਏ
ਢਿਡ ਵਿਚ ਫੁਲੀ ਦਾ ਤੋੜਾ ਨਹੀਂ ਲਿਘਦਾ।

Digitized by Panjab Digital Library | www.panjabdigilib.org

ਪਖਾਨਿਓਂ ਆਕੇ ਮੂਹਾਂ ਨੂੰ ਅਤਰ ਲਗਦੇ ਹੁੰਦੇ ਸਨ, ਦੂਜੇ ਦਿਨ ਕਪੜਿਆਂ ਵਿਚੋਂ ਪਸੀਨੇ ਦੀ ਬੋ ਤੇ ਨਕ ਵਿਚੋਂ ਵਗੂੰਹੇ ਡਿਗਦੇ ਹੁੰਦੇ ਸਨ, ਹੁਣ ਸਥਰ ਤੇ ਪਏ ਪਏ ਜੀਵ ਸਤਾ ਕਿ-ਕੇ ਪਾਸੇ ਪਰਤਦਿਆਂ ਲੇਬੂ ਪੇਬੂ ਹੋ ਰਹੇ ਹਨ, ਦੁਰਗੰਧੀ ਇਤਨੀ ਕਿ ਉਸ ਕੋਠੇ ਵਿਚ ਕੋਈ ਖੜ੍ਹ ਨਹੀਂ ਸਕਦਾ, ਮ-ਖੀਆਂ ਦੀ ਭਿਣਭਿਣਾਹਟ ਹਦੋਂ ਬਾਹਰੀ, ਕਿਸੇ੨ ਵੇਲੇ ਪਾਣੀ੨ ਪੁਕਾਰ ਉਠਦੇ ਹਨ, ਤਾਂ ਕੋਈ ਸਨਬੰਧੀ ਰਬਤ-ਭਰੀ ਨਕ ਮੂੰਹ ਵਟ ਕੇ ਉਚਾ ਹਥ ਕਰਕੇ ਪਾਣੀ ਦੀ ਚੂਲੀ ਪਾ ਦਿੰਦਾ ਹੈ, ਪਰ ਕੁਝ ਮੂੰਹ ਵਿਚ, ਕੁਝ ਨਕ ਵਿਚ ਕੁਝ ਅਖਾਂ ਵਿਚ ਕੁਝ ਗਿਚੀ ਉਤੇ ਜਾ ਪੈਂਦਾ ਹੈ। ਹਾਇ ਕਿਤਾ ਸ਼ੋਕ ਹੈ, ਕਿ ਇਡੀ ਦੁਰਦਸ਼ਾ ਵਿਚ ਬੀ ਪ੍ਰਾਣ ਨਹੀਂ ਨਿਕਲ-ਦੇ, ਅਤੇ ਨਾਹੀ ਸ਼ਰਾਬ ਦੀ ਇਛਾ ਦੂਰ ਹੁੰਦੀ ਹੈ !!!

ਪਯਾਰੇ ਪਾਠਕੋ ਜਿਸ ਤ੍ਰਾਂ ਇਸ ਸ਼ਰਾਬੀ ਦੀ ਦੁਰਦਸ਼ਾ ਦੇ ਲਿਖਣ ਵਿਚ ਸਾਡੀ ਕਲਮ ਹੰਝੂ ਕੇਰ ਰਹੀ ਹੈ, ਇਕੁਰ ਹੀ ਪੜ੍ਹਨ ਵੇਲੇ ਤੁਹਾਡੀਆਂ ਅਖਾਂ ਬੀ ਤਰ ਬਤਰ ਹੋਵਣਗੀ-ਆਂ, ਪਰ ਕੀ ਕੀਤਾ ਜਾਏ ਸਾਨੂੰ ਇਸ ਗ਼ਮ ਭਰੀ ਸਾਖੀ ਦਾ ਵਰਣਨ ਕਰਨਾ ਜ਼ਰੂਰੀ ਆਪ ਨੂੰ ਪੜ੍ਹਨਾ ਜ਼ਰੂਰੀ।

ਇਸ ਮਲੀਨ ਦਸ਼ਾ ਵਿਚ ਕਿਰਮ ਚਲ ਪਏ, ਨਕ ਥਾਣੀ ਕਣ ਲਹੂ ਜਾਰੀ ਹੈ, ਅਖਾਂ ਮੂੰਹ ਨਕ ਸੁਜ ਕੇ ਭੜੋਲ ਹੋ ਗਏ। ਕੀੜਿਆਂ ਨਕ ਦੀ ਕੋਠੀ ਪੁਰਲ ਰਖਾ ਕਢੀ। ਦੁਰਗੰਧੀ ਹੋਰ ਬੀ ਵਧ ਗਈ। ਤਾਲੂ ਸਿਧ ਜੀਭ ਦੰਦ ਸਭ ਸਫਨ ਸਫਾ, ਨਕ ਦੀ ਕੋਠੀ ਥਾਣੀ ਦਿਸਣ ਲਗੇ। ਸਿਰ ਮੂੰਹ ਸੁਜ ਕੇ ਤੁਹਲ ਮੁਹਲ ਹੋ ਗਿਆ। ਲਹੂ, ਕੀੜੇ, ਦਸਤ, ਕੂ

ਣਾ ਕਰਕਟ ਆਦਿਕ ਪਦਾਰਥਾਂ ਦੀ ਸੜਾਂਦ ਅਜਿਹੀ ਖਿਲ-
ਰੀ ਕਿ ਗੁਆਂਢੀਆਂ ਦੇ ਨਕ ਸੜ ਉਠੇ; ਲਗੇ ਸ਼ਰਾਬੀ ਦੇ ਸ-
ਨਬੰਧੀਆਂ ਨਾਲ ਗਾਲੀ ਗਲੋਚ ਹੋਣ, ਭਈ ਤੁਸੀਂ ਕਿਉਂ
ਨਹੀ ਇਸ ਕੋਹੜੇ ਨੂੰ ਚੂਹਿਆਂ ਥੋਂ ਚੁਕਾ ਕੇ ਕਿਤੇ ਬਾਹਰ ਲੈ
ਜਾਂਦੇ, ਇਹ ਕੋਠਾ ਸਾਫ਼ ਕਿਉਂ ਨਹੀ ਕਰਦੇ। ਤੁਸੀ ਰਤਾ ਨਹੀ
ਸੋਚਦੇ ਕਿ ਮਹਲੇ ਵਿਚ ਬੀਮਾਰੀ ਖਿਲਰ ਜਾਏਗੀ! ਦੇਖੋ
ਕਿਤੇ ਹਨੇਰ ਦੀ ਦੁਰਗੰਧੀ ਹੈ, ਕੀ ਤੁਹਾਡੇ ਨਕ ਹੈ ਨਹੀ? ਮ-
ਹਲਾ ਸਾਰਾ ਤ੍ਰਾਸ ੨ ਕਰ ਉਠਿਆ ਹੈ, ਤੁਹਾਡੇ ਖਬਰ ਨਹੀ
ਮਗਜ਼ ਬੀ ਮਰ ਗਏ ਹਨ। ਨਹੀ ਤਾਂ ਅਸੀ ਸਰਕਾਰੇ ਖ-
ਬਰ ਕਰਦੇ ਹਾਂ, ਪੁਲਸ ਵਾਲੇ ਆਕੇ ਆਪੇ ਸਮਝ ਲੈਣ-
ਗੇ। ਓਹ ਵਿਚਾਰੇ ਇਹੋ ਜਿਹੇ ਕਰੜੇ ਬਚਨ ਸੁਣਕੇ, ਹਥ
ਜੋੜ ਰੋ ਰੋ ਕਹਣ ਲਗੇ, ਪਰਮੇਸੁਰ ਨਾ ਕਰੇ ਜੋ ਕਿਸੇ ਦੇ
ਘਰ ਸ਼ਰਾਬੀ ਜੰਮੇ, ਉਹ ਮਾਂ ਔਤ ਮਰ ਜਾਏ ਜਿਹਦੇ ਘ-
ਰ ਸ਼ਰਾਬੀ ਨੇ ਜੰਮਣਾ ਹੋਵੇ। ਦੇਖੋ ਪਹਲੇ ਇਸ ਸ਼ਰਾਬ ਖਾ-
ਨਾ ਖਰਾਬ ਨੇ ਸਾਡੇ ਧਨ ਨੂੰ ਹੂੰਝਾ ਫੇਰਿਆ, ਦੁਖ ਨੇ ਅ-
ਜਿਹੀ ਕੀਤੀ ਕਿ ਹਕੀਮਾਂ ਤੇ ਦਵਾਵਾਂ ਦੇ ਮੂੰਹ ਰੰਗਦੇ ਖੁੰਹਦੇ ਕੰਗਾਲ
ਹੋ ਗਏ, ਇਸ ਦੀ ਟਹਲ ਥੋਂ ਕੋਈ ਛਟ ਵਿਹਲ ਹੋਵੇ ਤਾਂ
ਰੁਜ਼ਗਾਰ ਕਰੀਏ, ਅਜ ਕਿਨੇ ਦਿਨਾਂ ਥੋਂ ਅਸਾਂ ਚੁਲ੍ਹੇ ਅ-
ਗ ਨਹੀ ਪਾਈ। ਉਹ ਤਾਂ ਦੁਖੀ ਹੈ ਆਪਣੇ ਕੀਤੇ ਨੂੰ ਪ
ਰਿਹਾ ਹੈ, ਪਰ ਜਿਨੇਕੁ ਅਸੀ ਦੁਖੀ ਹੋਏ ਹਾਂ, ਪਰਮੇਸੁਰ
ਸਿਰ ਦੇ ਵੈਰੀ ਨਾਲ ਬੀ ਨਾ ਕਰੇ, ਦਿਨ ਰਾਤ ਪਰਮੇਸੁਰ ਅ-
ਗੇ ਪਏ ਬੇਨਤੀਆਂ ਕਰਦੇ ਹਾਂ, ਕਿ ਕਿਵੇਂ ਇਸ ਦੀ ਜਾਨ
ਛੁਟੀ ਕਰੇ, ਪਰ ਜਿਹੜਾ ਕੋਈ ਹੋਰ ਦੁਖ ਇਸ ਨੇ ਵੇਖਣਾ

Digitized by Panjab Digital Library | www.panjabdigilib.org

ਹੋਏ, ਸੋ ਇਸੇ ਹੀ ਦੇਖਣਾ ਹੈ ਸਾਡੇ ਕੀ ਵਸ। ਹੁਣ ਅਜ ਦੀ
ਰਾਤ ਸਾਨੂੰ ਰਬ ਦੇ ਵਾਸਤੇ ਬਖਸ਼ੋ, ਸਵੇਰੇ ਇਸ ਨੂੰ ਕਿ-
ਤੇ ਬਾਹਰ ਚਲ ਲਿਜਾਵਾਂਗੇ, ਤੇ ਪ੍ਰਾਣਾਂਤ ਤਕ ਪਾਸ
ਬੈਠਾਂਗੇ, ਅਗੇ ਜੋ ਭਾਗ। ਖੈਰ ਜਿਵੇਂ ਕਿਵੇਂ ਹਮਸਾਏ ਟ-
ਲੇ। ਇਨੇ ਤਕ ਹਨੇਰੀ ਆ ਗਈ, ਅਧੀ ਕੁ ਰਾਤ ਵੇਲੇ ਘ-
ਨਘੋਤ ਹੋ ਗਿਆ, ਬਿਜਲੀ ਇਸ ਕੜਕੇ ਨਾਲ ਕੜਕੀ
ਕਿ ਕੋਧਾਂ ਕੋਠੇ ਸਭ ਹਿਲਵਾਏ। ਛਤ ਵਿਚੋਂ ਇਕ ਕਾਲਾ ਮੋ-
ਟਾ ਜਿਹਾ ਫਨੂਹਾ ਡਿਗਾ, ਤੇ ਸ਼ਰਾਬੀ ਦੀ ਛਾਤੀ ਉਤੇ ਡਿ-
ਗਦਿਆਂ ਹੀ ਡੰਗ ਮਾਰਿਆ। ਇਸ ਵੇਲੇ ਦਾ ਦੁਖ ਸ਼ਰ-
ਬੀ ਹੀ ਜਾਣਦਾ ਹੈ, ਸਚ ਕਿਹਾ ਹੈ, "ਜਿਸ ਤਨ ਲਗੀ ਸੋ
ਤਨ ਜਾਣੇ ਕੌਣ ਜਾਣੇ ਪੀਰ ਪਰਾਈ" ਇਸ ਤੜਫਣੀ
ਵਿਚ ਇਕ ਕਨੋਕੇਲ ਕੇਨ ਦੇ ਅੰਦਰ ਵੜ ਗਈ। ਸ਼ਰਾ-
ਬੀ ਦਾ ਇਸ ਵੇਲੇ ਦਾ ਦੁਖ ਸਾਡੀ ਲਿਖਣ ਦੀ ਜੀਭ ਕਹ
ਨਹੀ ਸਕਦੀ ਕਿ ਕਿਨਾ ਕੁ ਹੋਇਆ ਹੋਊ। ਪਾਸ ਕੋਈ ਨ-
ਹੀ ਜੋ ਇਸ ਵੇਲੇ ਕੁਝ ਸਹਾਇਤਾ ਕਰੇ, ਹਿੰਮਤ ਹੈ ਨਹੀ
ਜੋ ਕੁਝ ਹੀਲਾ ਆਪ ਹੀ ਕਰਨ, ਹਥ ਹੈ ਨਹੀ ਜੋ ਕੰਨ ਵਿ-
ਚ ਉਂਗਲੀ ਹੀ ਫੇਰਨ ਜਾਂ ਛਾਤੀ ਤੋਂ ਬਿਛੂ ਹੀ ਹਟਾ ਸਕਣ
ਉਪਰੋਂ ਵਰਖਾ ਮੋਹਲੇ ਧਾਰ ਵਸ ਰਹੀ ਹੈ, ਪਵਨ ਇਤੇ ਬੇ-
ਗ ਨਾਲ ਚਲਦੀ ਕਿ ਮਾਨੋ ਹਨੇਰੀ ਦੇ ਘੋੜੇ ਚੜ੍ਹੀ ਹੈ, ਬਿ-
ਜਲੀ ਇਕੁਰ ਕਹਰ ਨਾਲ ਗਜ ਰਹੀ ਹੈ ਕਿ ਮਾਨੋ ਅਕਾ-
ਸ ਪਾਟਣ ਲਗਾ ਹੈ। ਵਡੇ ਅਫ਼ਸੋਸ ਦੀ ਗਲ ਹੈ ਕਿ ਸ਼-
ਰਾਬੀ ਦਾ ਸਮਾਂ ਔਖੇ ਜਾ ਰਿਹਾ ਹੈ, ਜੇ ਇਸ ਵੇਲੇ ਕੁਝ ਭੀ
ਹਿੰਮਤ ਹੁੰਦੀ ਤਾਂ ਦੋ ਚਾਰ ਰਾਲਾਸ ਜ਼ਰੂਰ ਹੀ ਉਠਦੇ। ਪ-

Digitized by Panjab Digital Library | www.panjabdigilib.org

ਰ ਨਹੀ, ਇਹ ਸਮਾ ਸ਼ਰਾਬੀ ਦੇ ਸਨਬੰਧੀਆਂ ਦੀ ਪੁਕਾਰ ਤੇ ਕਰਤਾਰ ਨੈ ਕੀਤਾ ਹੈ। ਓਹ ਕੋਠਾ ਕੁਝ ਪਹਲੇ ਹੀ ਟੁਟਾ ਫੁਟਾ ਸੀ; ਵਰਖਾ ਦੀ ਝੜੀ ਬ ਨਾਲ ਅੰਦਰ ਬਾਹਰ ਉਤੇ ਸਾਰੇ ਪਾਣੀ ਠਹਰ ਗਿਆ, ਸ਼ਤੀਰ ਹੇਠਲਾ ਕੌਲਾ ਢਿਸ ਗਿਆ, ਧੜਾ ਧੜ ਛਤ ਡਿਗ ਪਈ, ਸ਼ਤੀਰ ਸ਼ਰਾਬੀ ਦੀ ਛਾਤੀ ਤੇ। ਭਾਵੇਂ ਇਸ ਦੇ ਪ੍ਰਾਣ ਅਜੇ ਨਿਕਲਣ ਵਾਲੇ ਨਹੀਂ ਸਨ, ਪਰ ਸ਼ਤੀਰ ਬਹੁਤ ਭਾਰਾ ਸੀ, ਪਿੰਜਰ ਫਿਸ ਗਿਆ, ਸਰੀਰ ਛਤ ਦੇ ਮਿਟੀ ਘਟੇ ਵਿਚ ਦਬਿਆ ਗਿਆ। ਸ਼ਰਾਬੀ ਦਾ ਆਤਮਾ ਨਿਕਲਕੇ, ਬਗਾਰਲਾਲ ਖਾਨੇ ਦੀਆਂ ਬੋਤਲਾਂ ਦਾ ਮੂੰਹ ਵੇਖਣ, ਕਿ ਕਿਸੇ ਬੋਤਲ ਦਾ ਡੱਕਾ ਖਲਕੇ ਹੀ ਟਿਕ ਜਾਵਾਂ।

ਦਿਨ ਚੜ੍ਹੇ ਕੋਠਾ ਢਠਾ ਪਿਆ। ਇਟਾਂ ਮਿਟੀ ਹਟਾ ਕੇ ਹੇਠੋਂ ਮੁਰਦਾ ਕਢਿਆ। ਸ਼ਤੀਰ ਛਾਤੀ ਤੋਂ ਪਰੇ ਕੀਤਾ, ਪਿੰਜਰ ਫਿਸਿਆ ਹੋਇਆ ਹੈ, ਵਿੱਚੋ ਦਰੂੰਹਾਂ ਥੀ, ਕੀੜ ਵਿਚ ਕਨਕੋਲ ਲਮਕ ਰਹੀ ਹੈ। ਜਗਤ ਰੀਤ ਮੂਜਬ ਸਾੜ ਫੂਕ ਸਿਆਪਾ ਦੂਰ ਕੀਤਾ। ਸਨਬੰਧੀਆਂ ਆਖਿਆ, ਅਸੀ ਅਜ ਜੀਏ, ਕਿਉਂਕਿ ਸਰਾਬੀ ਮੋਇਆ।

ਹੈ! ਇਸ ਮਦਰਾ ਥੋਂ ਮੇਰਾ ਕਰਦੇ ਪਲਾ ਪਾਰ,
ਹੈ ਦੁਖਦੇਵੀ ਦੁਖ ਭਰੀ ਦੁਖੀ ਮੌਤ ਨਾ ਪਾਰ।
ਨਾ ਮੈਂ ਪੀਆਂ, ਨਾ ਪੀਆ ਮੈਂ, ਮੈਂ ਨਾ ਪੀਆਂ ਗਾ ਹਾਇ;
ਖਾਣ ਪੀਣ ਦੀ ਵਸਤ ਨਾ ਹੈ ਦੁਖ ਮੌਤ ਬਲਾਇ।

## ਛੀਵਾਂ ਦੌਰ

ਪੰਜਵਾਂ ਦੌਰ ਮੁਕਾ ਕੇ ਸਿਧ ਸਾਹਬ ਜੀ ਨੈ ਠੰਢੇ ਠਾਰ ਪਾਣੀ ਦਾ ਇਕ ਗਲਾਸ ਪੀਤਾ, ਅਰ ਫੇਰ

Digitized by Panjab Digital Library | www.panjabdigilib.org

 ਇਉਂ ਉਚਰੇ।

ਇਕ ਫੌਜ ਵਿਚ ਇਕ ਰਸਾਲਦਾਰ ਸਾਹਬ ਸਨ, ਜੋ ਸ਼ਰਾਬ ਦੇ ਹਥ ਅਜੇਹੇ ਵਿਕੇ ਕਿ ਦਿਨ ਰਾਤ ਮਸਤ. ਇਥੋਂ ਤਕ ਕਿ ਨਿਕੇਰ ਬਚਿਆਂ ਨੂੰ ਗੁੜ੍ਹਤੀ ਵੀ ਸ਼ਰਾਬ ਦੀ ਹੀ ਦਿਤੀ ਹੋਰ ਤਾਂ ਹੋਰ ਵਹੁਟੀ ਵੀ ਸ਼ਰਾਬਣ ਕਰ ਦਿਤੀ। ਜਿਨੀ ਤਨਖਾਹ ਆਵੇ ਸਾਰੀ ਕਲਾਲਖਾਨੇ। ੩੩ ਵਰ੍ਹੇ ਦੀ ਨੌਕਰੀ ਵਿਚ ਇਨੀ ਕਮਾਈ ਬੀ ਨਾ ਹੋਈ ਕਿ ਇਕ ਮਕਾਨ ਹੀ ਬਣਾ ਲੈਂਦੇ ਬੁਢਾਵਾਰਾ ਆਗਿਆ, ਪਿਨਸ਼ਨ ਮਿਲ ਗਈ, ਸਰਕਾਰ ਨੇ ਇਕ ਦੋ ਬਹਾਦਰੀਆਂ ਦੇ ਕਾਰਨ ਕੁਛ ਜਿਮੀਨ ਦਿਤੀ, ਉਸਨੂੰ ਅਬਾਦ ਕਰਨ ਵਿਚ ਜੋ ਖਰਚ ਉਠਿਆਂ ਤਾਂ ਜਦੀ ਪਿੰਡ ਬੀ ਗਹਣੇ ਪੈ ਗਿਆ। ਉਪਰੋਂ ਬੱਲੀ ਇਕ ਧੀ ਤੇ ਇਕ ਪੁਤ ਦਾ ਵਿਆਹ, ਬਸ ਫੇਰ ਕੀ ਸੀ, ਪਿਉ ਦਾਦੇ ਦੀ ਬਣਾਈ ਜਾਇਦਾਦ ਸਭ ਭੰਗ ਦੇ ਭਾੜੇ ਉਡ ਗਈ। ਸਰਕਾਰੀ ਮਿਲੀ ਜਿਮੀਨ ਬੀ ਸ਼ਾਹਾਂ ਦੇ ਪੇਟੇ ਪੈ ਗਈ। ਹੁਣ ਇਨ੍ਹੇ ਵਡੇ ਸ਼ਰਾਬੀ, ਟਬਰ ਦਾ ਗੁਜ਼ਾਰਾ ਪਿਨਸ਼ਨ ਪੁਰ ਕਿਕੁਰ ਹੋਵੇ ਅਠਾਂਰ ਵਰਿਹਾਂ ਦੇ ਬਾਲ ਪਊਆਰ ਨਿਘੇਰ ਜਾਣ। ਇਸ ਲਈ ਹੋਰ ਵਾਹ ਤਾਂ ਕੋਈ ਨਾ ਗਈ, ਪਰ ਜੂਆ ਖੇਡਣ ਲਗ ਗਏ। ਪਹਲੇ ਪਹਲ ਤਾਂ ਜੁਆਰੀਆਂ ਨੇ ਇਨ੍ਹਾਂ ਨੂੰ ਖੂਬ ਜਿਤਾਇਆ, ਪਰ ਪਿਛੋਂ ਰਾਜਾ ਨਲ ਵਾਲੀ ਹਾਰ ਸ਼ੁਰੂ ਹੋਈ। ਘਰ ਬਾਹਰ ਬੀ ਦਾਉ ਪਾਸਿਆਂ ਤੇ ਪੀਜਿਆਂ ਚੁਕਿਆ ਤੇ ਉਡ ਗਏ। ਇਸ ਵੇਲੇ ਰਸਾਲਦਾਰ ਸਾਹਬ ਅਜਬ ਕੁੜਿੱਕੀ ਵਿਚ ਫਸੇ। ਸ਼ਰਾਬ ਦਾ ਖਰਚ, ਖਾਣ ਪੀਣ ਗਡੀ ਘੋੜੇ ਦਾ ਖਰਚ, ਉਪਰੋਂ ਰੋਜ ਦੀ ਜੂਏ ਦੀ ਹਾਰ। ਤੇ-

Digitized by Panjab Digital Library | www.panjabdigilib.org

ਜ਼ਦੀ ਜਾਇਦਾਦ ਅਰ ਗਹਣਾ ਗਟਾ ਕਖ ਨਹੀ। ਜਿਸ ਦੇ ਆ-
ਸੇ ਗੁਜ਼ਾਰਾ ਤੋਰਨ। ਬਹੁਤ ਚਿਰ ਸੋਚ ਵਿਚਾਰ ਅਰ ਤੰਗ
ਹੋਕੇ ਚੋਰਾਂ ਨਾਲ ਆਣ ਸਾਂਟ ਰਲਾਈ। ਕਿਨਾ ਚਿਰ ਹੀ ਲੋ-
ਕਾਂ ਦੇ ਘਰ ਭੰਨਦੇ ਰਹੇ, ਅਰ ਸ਼ਰਾਬ ਉਡਦੀ ਰਹੀ। ਧੰਨ ਜ-
ਨਮ ਹੈ ਇਹੋ ਜਿਹੇ ਮਹਾਤਮਾ ਦਾ! ਰਸਾਲਦਾਰ! ਜਿਸ
ਨੇ ਲੜਾਈਆਂ ਵਿਚ ਬਹਾਦਰੀ ਦਾ ਖਿਤਾਬ ਲੀਤਾ, ਜੇ ਤਗਮੇ ਲਟ
ਕਾਏ ਤਾਂ ਸਾਰੀ ਛਾਤੀ ਭਰ ਜਾਏ, ਲਾਟ ਸਾਹਬ ਦੇ ਦਰਬਾਰ
ਜਿਸ ਨੂੰ ਕੁਰਸੀ ਮਿਲੇ; ਹਾਇ! ਇਸ ਸ਼ਰਾਬ ਖੋਰੀ ਦੀ ਬਦੌ-
ਲਤ ਰਾਤ ਨੂੰ ਗਰੀਬਾਂ ਤੇ ਮਿਹਨਤੀਆਂ ਦੀ ਕਮਾਈ ਨੂੰ ਧਨ
ਕਦੇ ਦਿਲ ਤੇ ਫਿਟਕਾਰ ਦੇ ਅੰਤਸ਼ਕਰਣ ਨਾਲ ਚੁਰਾਉਣ ਜਾਂ
ਦਾ ਹੈ, ਅਰ ਬਹਾਦਰ ਦੀ ਥਾਂ ਕਾਲਾ ਚੋਰ ਬਣ ਗਿਆ ਹੈ।
ਅਫਸੋਸ ਇਸ ਦੁਰਗਤੀ ਨੂੰ ਪਹੁੰਚਕੇ ਬੀ ਸ਼ਰਾਬ ਨਹੀ ਛੁਟ-
ਦੀ!!! ਇਸ ਗਲ ਦਾ ਪਤਾ ਨਹੀ ਕਿ ਕਿਉਂ ਮੂੰਹਿ ਮੂੰਹ ਦੁਖ ਉਠਾਂਦੇ
ਮੁਸੀਬਤਾਂ ਝੂਲਦੇ ਸ਼ਰਾਬੀ ਸ਼ਰਾਬ ਨਹੀ ਛਡਦੇ? ਸਾਨੂੰ ਇ-
ਹ ਜਾਪਦਾ ਹੈ ਕਿ ਸ਼ਰਾਬ ਦਾ ਸੁਆਦ ਕੁਤੇ ਦੇ ਮੂੰਹ ਹਡੀ ਵਰਗ
ਹੈ। ਜਿਉਂ ਕਰ ਹਡੀ ਚਿਥਦਾ ਹੈ, ਮੂੰਹ ਪਾਟਕੇ ਲਹੂ ਨਿਕਲਦਾ ਹੈ
ਉਸੇ ਲਹੂ ਨੂੰ ਉਹ ਹਡੀ ਵਿਚੋਂ ਨਿਕਲਿਆ ਸਮਝਕੇ ਦਬੀ ਜਾਂਦਾ ਹੈ
ਉਹੋ ਦਸ਼ਾ ਸ਼ਰਾਬੀ ਦੀ ਹੈ। ਹਾਲ ਕੀ ਜਦ ਰਸਾਲ ਦਾਰ ਸਾਹ-
ਬ ਨੂੰ ...... ਪਤਾ ਲਗਾ ਕਿ ਪੁਲਸ ਨੂੰ ਸਾਡੀ ਸੂਹ ਪਕ ਲਗੀ
ਹੈ, ਤਾਂ ਹਿਦੁਸਤਾਨ ਨੂੰ ਨਸ ਗਏ ਅਰ ਉਥੋਂ ਦੇ ਨਾਮੀ ਧਾੜ-
ਵੀ ਤਾਂਤੀਆ ਭੀਲ ਦੇ ਜਥੇ ਵਿਚ ਰਲ ਗਏ, ...... ਚੋਰ ਥੋਂ ਧਾੜ-
ਮਾਰ ਬਣੇ। ਇਸ ਨਵੀਂ ਦਸ਼ਾ ਵਿਚ ਆਪ ਨੇ ਸ਼ਰਾਬ ਦੀ ਬ-
ਹੀ ਮੌਜ ਲੁਟੀ, ਪੀਣ ਲਗੇ ਜੋ ਚਾਹੁਣ ਸੋ ਕਰਣ। ਪਰ ਇ-

Digitized by Panjab Digital Library | www.panjabdigilib.org

ਸਮੌਂਜ ਦੇ ਬਦਲੇ ਰਸਾਲਦਾਰ ਨੂੰ [ਜੋ ਪ੍ਰਜਾ ਦੀ ਰਖਿਆ ਕਰਨ
ਦੇ ਬਦਲੇ ਪਿਨਸ਼ਨ ਪਾ ਰਹੇ ਹਨ] ਕਈ ਅਨਾਥ ਬਾਲਾਂ ਦੇ ਲ-
ਹੂ ਵਿਚ ਹਥ ਰੰਗਣੇ ਪਏ, ਕਈ ਬੇਵਸ ਤੇ ਗ਼ਰੀਬ ਤੀਮੀਆਂ
ਦੇ ਲਹੂ ਨਾਹੁਣਾ ਪਿਆ। ਕਈ ਬਾਂਕੇ ਤੇ ਛੈਲ ਜਵਾਨਾਂ ਦਾ ਖੂੰ-
ਨ ਅਪਨੀ ਗਰਦਨ ਤੇ ਚੁਕਨਾ ਪਿਆ। ਅਣਗਿਣਤ ਸੁਹ-
ਾਗਣਾਂ ਨੂੰ ਰੰਡੇਪੇ ਵਿਚ ਦਾਹੁਣਾ ਤੇ ਬਿਓਹਕ ਬਾਲਾਂ ਦੇ ਸਿ-
ਰੋਂ ਮਾਂ ਤਾ ਪਿਤਾ ਦੀ ਛਾਂ ਹਟਾ ਕੇ ਮੁਸੀਬਤਾਂ ਦੀ ਧੁਪੇ ਸਾੜਨਾ
ਪਿਆ। ਕੁਝ ਕਾਲ ਇਸ ਪਾਪ ਦੇ ਸਮੁੰਦ੍ਰ ਵਿਚ ਗੋਤੇ ਲਾਉਂ-
ਦਿਆਂ ਬੀਤ ਗਿਆ। ਫੇਰ ਬੁਢਾਪੇ ਨੇ ਆ ਜ਼ੋਰ ਪਾਇਆ। ਇ-
ਸ ਕਿਮਬੋਂ ਬੀ ਹਥ ਪੈਰ ਜਵਾਬ ਦੇ ਚਲੇ। ਇਸੇ ਕਮਜ਼ੋਰੀ ਦੇ
ਕਾਰਣ ਇਕ ਦਿਨ ਪੁਲਸ ਦੇ ਹਥੇ ਚੜ੍ਹ ਗਏ, ਰਾਤ ਨੂੰ ਹਵਾਲ-
ਤ ਵਿਚ ਆਪਣੀ ਦੁਰਦਸ਼ਾ ਪੁਰ ਬਿਚਾਰ ਕਰਨ ਲਗੇ। ਉਸ
ਵੇਲੇ ਸਾਰੇ ਕੀਤੇ ਹੋਏ ਪਾਪ ਅਖਾਂ ਅਗੇ ਫਿਰਨ ਲਗੇ, ਅਰ
ਸ਼ਰਮ ਨੇ ਉਹ ਗੋਤੇ ਮੁੜ ਕੇ ਦੇ ਸਮੁੰਦ੍ਰ ਵਿਚ ਦਿਤੇ ਕਿ ਪੁਕਾ-
ਰ ਕੇ ਮੌਤ ਮੰਗਣ ਲਗੇ। ਅੰਤ ਨੂੰ ਇਹ ਕੀਤਾ ਕਿ ਸੀਖਾਂ ਵਿਚੋਂ
ਹਥ ਪਾ ਕੇ ਜੰਦ੍ਰਾ ਮਰੋੜ ਦਿਤਾ ਅਰ ਬੂਹਾ ਖੁਹਲ ਕੇ ਨਿਕਲ ਤੁਰੇ
ਪਹਰੇਦਾਰ ਸੁਤੇ ਦੇ ਸੁਤੇ ਰਹ ਗਏ। ਸਿਧੇ ਰੇਲ ਤੇ। ਟਿਕਲ੍ਹੀ-
ਤੀ ਤੇ ਘਰ ਪਹੁੰਚ ਗਏ। ਅਗੋ ਵਹੁਟੀ ਤੇ ਬਾਲ ਬਚੇ ਪੂਰੀ
ਦੁਰਦਸ਼ਾ ਵਿਚ ਸਨ। ਮੁੰਡੇ ਛਾਬੜੀ ਲਾਉਂਦੇ ਸਨ ਤੇ ਵਹੁਟੀ ਲੋ-
ਕਾਂ ਦੇ ਚੌਂਕੇ ਭਾਂਡੇ ਕਰਦੀ ਸੀ। ਆਪਣੇ ਪਾਪਾਂ ਦੀ ਯਾਦ ਤੇ ਟਬਰ
ਦੀ ਦੁਰਦਸ਼ਾ ਤੇ ਵਰੰਟਾਂ ਦੇ ਡਰ ਦੇ ਮਾਰੇ ਅਫੀਮ ਖਾ ਕੇ ਪਾਰ ਬੋਲੇ।

ਦੋ: ਜੂਆ ਧਾੜਾ ਚੋਰੀਆਂ ਹਤਿਆ ਆਤਮਘਾਤ, ਏਹ ਸ਼ਰਾਬ ਤੇਰੀ ਕ੍ਰਿਪਾ ਪ੍ਰਾਪਤ ਦਿਨ ਅਰ ਰਾਤ।

## ਪੰਜਵੇਂ ਸ਼ਰਾਬੀ ਦੇ ਪ੍ਰਸ਼ਨ ਦਾ ਉੱਤਰ ॥੫॥

ਚਾਰ ਸ੍ਵਾਲ ਦੇ ਉੱਤਰ ਸਿੱਧ ਸਾਹਬ ਦੇ ਚੁਕੇ ਤਾਂ ਬਹੁਤ ਚਿਰ ਸਭਨੀ ਪਾਸੀਂ ਚੁਪ ਰਹੀ। ਸਿੱਧ ਸਾਹਬ ਦਮਾਂ ਦੇ ਗਾਹਣੇ ਕੂ-ਸੂਕੂ ਬਕੇ ਤਾਂ ਸਹੀ, ਪਰ ਇਹ ਗਲ ਵਿਚਾਰ ਕੇ ਕਿ ਤਤੇ ਲੋਹੇ ਨੂੰ ਲਾਈ ਹੋਈ ਸਟ ਕੰਮ ਕਢਦੀ ਹੈ, ਠਰ ਜਾਏ ਤਾਂ ਵਿਅਰਥ, ਫੇਰ ਆਪਣੀ ਬਾਤ ਚੀਤ ਛੋਡ ਬੈਠੇ ਅਰ ਪੰਜਵੇਂ ਸੁਰਾਪੀ ਨੂੰ ਕਹਿਣ ਲਗੇ:—

ਮਹਾਰਾਜ ਜੀ ਆਪ ਦਾ ਪ੍ਰਸ਼ਨ ਫਿਦਾਈ ਦੀ ਹੈ, ਅਰ ਆਪ ਕਵੀ ਜਾਪਦੇ ਹੋ, ਇਸ ਲਈ ਆਪ ਨੂੰ ਉੱਤਰ ਬੀ ਕਵਿਤਾ ਵਿਚ ਹੀ ਅਨੰਦ ਦਿਊ। ਆਪ ਦਾ ਪਹਲਾ ਕਥਨ "ਸੁਰ ਆਬ ਅਰਥਾਤ ਦੇਵਤਿਆਂ ਦਾ ਪਾਣੀ" ਠੀਕ ਨਹੀ। ਸ਼ਰਾਬ ਪਦ ਫਾਰਸੀ ਬੋਲੀ ਦਾ ਹੈ, ਅਰ ਇਸ ਦਾ ਅਰਥ ਸ਼ਰ+ਆਬ ਅਰਥਾਤ ਸ਼ਰਾਰਤ ਜਾਂ ਸਿਆਪਾ ਪਾਉਣ ਵਾਲਾ ਪਾਣੀ। ਆਪ ਨੂੰ ਇਨੀ ਸੋਚ ਨਾ ਆਈ ਕਿ ਸੁਰ ਪਦ ਸੰਸਕ੍ਰਿਤ ਤੇ ਆਬ ਫਾਰਸੀ ਇਨ੍ਹਾਂ ਦਾ ਕੀ ਮੇਲ? ਲਓ ਹੁਣ ਦੇਖੋ ਗੁ॰ ਲ ਕਵੀ ਦੇ ਉੱਤਰ ਵਿਚ ਕਿਹਾ ਅਚਰਜ ਕਬਿਤ ਹੈ।:—

(੧) ਬਾਰਨੀ ਕੇ ਪੀਏ ਮਤ ਜਾਵਤ ਨ ਬਾਰ ਲਾਵੈ;
ਬਰਜੇ ਤੇ ਨ ਰਹੈਂ, ਅਛੇ ਹੋਵੈਂ ਗੇ ਖਰਾਬ ਹੈ।
ਰੋਗਨ ਕੀ ਮਾਤਾ ਏ ਬਿਧਾਤਾ ਰਚੀ ਜਗ ਬੀਚ;
ਮ੍ਰਿਤ ਅਰੇ ਸਰੂਪ ਰੂਪ ਪਹਲੇ ਦਿਖਾਬ ਹੈ।

---

(੧) ਸ਼ਰਾਬ ਪੀਤਿਆਂ ਅਕਲ ਹੋਸ਼ ਦੇ ਜਾਂਦਿਆਂ ਰਤਾ ਚਿਰ ਨਹੀ ਲਗਦਾ।(੨) ਜੇਕਰ ਹਟਾਈਆ ਨਾ ਟਲੇਗਾ ਤੇ ਪੀਏਂ ਗਾ ਤਾਂ ਯਾਦ ਰਖ ਖਰਾਬ ਹੋਵੇਂ ਗਾ।(੩) ਏਹ ਸਰਾਬ ਬਹੁਤੇ ਰੋਗਾਂ ਦੀ ਮਾਂ ਪਰ[illegible] ਕੀਤੀ ਹੈ ਬ੍ਰਹਮਾ ਨੇ ਜਗ ਵਿਚ (੪) ਮੌਤ ਦੇ ਸਰੂਪ ਦਾ ਰੂਪ ਪਹਲੇ ਹੀ ਦਿਖਾ ਦਿੰਦੀ ਹੈ, ਅਰਥਾਤ ਬੇਸੁ[illegible]ਧ ਕਰ ਦਿੰਦੀ ਹੈ।

Digitized by Panjab Digital Library | www.panjabdigilib.org

(੧) ਕੁਲ ਜਸ ਨਾਮ ਧਨ ਰੂਪ ਸੁਖ ਭੋਗ ਤਨ;
(੨) ਬੁਧ ਮਨ ਏਤੇ ਸਭ ਨਾਸਤ ਸ਼ਿਤਾਬ ਹੈਂ।
(੩) ਸ਼ਤ੍ਰੂ ਤੇ ਸ਼ਕਾਰ ਲੈਕੇ, ਰਾਖਸ ਤੇ ਰਕਾਰ ਲੈਕੇ;
(੪) ਬਆਧਿ ਤੇ ਬਕਾਰ ਲੈਕੇ ਬਿਰਚੀ ਸ਼ਰਾਬ ਹੈ।

ਹਰਦਿਆਲ ਜੀ ਨੇ ਕੈਸਾ ਅਦਭੁਤ ਦੋਹਾ ਲਿਖਿਆ ਹੈ:—

(੫) ਸੁਰਾਪਾਨ ਤੇ ਹਨਿ ਮਤ ਕਰ ਹੈ ਕਾਮ ਬਿਹੋਸ਼,
(੬) ਨਾਰੀ ਮਾਹਿਤਾਰੀ ਉਭੈ ਭੋਗੈ ਗਨੈ ਨਾ ਦੋਸ;

ਸਚ ਹੈ ਜਿਸ ਨੇ ਸ਼ਰਾਬ ਮੂੰਹ ਲਾਈ ਉਸਦੇ ਸਿਰ ਇਹ ਚੂਨੇ ਲਬਣ ਕੇਰਨੀ। ਜਿਸਦੇ ਹ੍ਰਿਦੇ ਵਿਚ ਸ਼ਰਾਬ ਨੇ ਪਵੇਸ਼ ਕੀਤਾ ਉਸ ਵਿਚੋਂ ਸਭੇ ਸ੍ਰੇਸ਼ਟ ਕੰਮ ਨਿਕਲ ਗਏ। ਆਪ ਇਕ ਕਬੂਤਰ ਦੀ ਬੋਲੀ ਕਹਦੇ ਹੋ, ਉਥੇ ਸ਼ਰਾਬ ਬੇਗ਼ਮ ਦੀ ਖਾਤ ਸੈਂਕੜੇ ਕਬੂਤਰਾਂ ਦੀਆਂ ਗਿਚੀਆਂ ਮਰੋੜੀਆਂ ਜਾਂਦੀਆਂ ਹਨ। ਸੀਖਾਂ ਤੇ ਰਖਕਰ ਕਬਾਬ ਭੁੰਨੇ ਜਾਂਦੇ ਹਨ। ਵਿਚਾਰੀਆਂ ਗਰੀਬ ਜਾਨਾਂ ਮੁਖਤ ਵਿਚ ਗਈਆਂ। ਲਓ ਅਪਣੇ ਦੋਹਿਆਂ ਦਾ ਉਤ੍ਰ ਸੁਣੋ:-

(੭) ਜੋ ਜਮ ਕੇ ਨਹਿ ਜਾਮ ਜੇ ਸੋ ਨਹਿ ਦੁਨੀਆਂ ਮਾਹ;
(੮) ਏਕ ਬੂੰਦ ਕੀ ਕਿਆ ਕਹੀ ਜਹ ਘਟ ਔਟਤ ਜਾਹ।

(੧) ਕੁਲ ਦੀ ਵਡਿਆਈ, ਵਡਿਆਂ ਦਾ ਨਾਮ, ਦੌਲਤ ਸੁੰਦ੍ਰਤਾ ਹੋਰ ਸੁਖ ਭੋਗ ਸਰੀਰ ਦੇ (੨) ਅਤੇ ਬੁਧ ਮਤਾ, ਮਨ ਦੇ ਸ੍ਰੇਸ਼ਟ ਸੁਭਾਵ ਇਤਿਆਦਿਕ ਪਦਾਰਥ ਸਾਰੇ ਸ਼ਰਾਬ ਦੇ ਪੀਤਿਆਂ ਛੇਤੀ ਨਸ਼ਟ ਹੋ ਜਾਂਦੇ ਹਨ (੩) ਸ਼ਤ੍ਰੂ ਦਾ ਪਹਲਾ ਅਖਰ ਸ਼, ਅਤੇ ਰਾਛਸ ਪਦ ਦਾ ਰ (੪) ਤੇ ਬਆਧਿ ਵਿਚੋਂ ਬ ਲੈਕੇ ਸ਼ਰਾਬ ਪਦ ਰਚਿਆ ਹੈ। ਭਾਵ ਇਹ ਕਿ ਬੁਰੀ ਚੀਜ਼ ਜਾਣ ਕੇ ਦੈਂਤਾਂ ਨੂੰ ਦਿਤੀ ਸੀ ਕਿ ਨਸ਼ਟ ਹੋ ਜਾਣ। ਹਰਾਲ ਕਵੀ ਨੇ ਇਕ ਖਿਚ ਮਾਰੀ, ਫਾਰਸੀ ਬੋਲੀ ਦੇ ਪਦ ਨੂੰ ਹਿੰਦੀ ਪੂਛਾਂ ਲਾ ਦਿਤੀਆਂ ਹਨ। (੫) ਸ਼ਰਾਬ ਪੀਣ ਕਰਕੇ ਬੁਧ ਦਾ ਨਾਸ ਹੋ ਜਾਂਦਾ ਹੈ, ਤਦ ਕਾਮ ਕਰਕੇ ਆਤੁਰ ਕਹੀਏ ਬੇਹੋਸ਼ ਪਛਾਨ ਤੋਂ ਰਹਤ (੬) ਉਸ ਬੇਹੋਸ਼ੀ ਵਿਚ ਅਪਨੀ ਇਸਤ੍ਰੀ ਅਪਨੀ ਮਾਂ ਦੀ ਪਰਖ ਨਹੀਂ ਕਰ ਸਕਦਾ, ਅਤੇ ਭੋਗਦਾ ਹੈ, ਨਹੀਂ ਜਾਣਦਾ ਇਸ ਅਪਕਰਮ ਨੂੰ। ਇਹੋ ਜੇਹੇ ਪਾਪ ਸ਼ਰਾਬ ਕਰਾਉਂਦੀ ਹੈ। (੭) ਜੋ ਹੀਏ ਜਾਮਸ਼ੈਦ ਪਾਤਸ਼ਾਹ ਦੇ ਪਿਆਲੇ ਵਿਚ ਨਹੀਂ, ਬਸ ਫੇਰ ਉਹ ਪਦਾਰਥ ਦੁਨੀਆਂ ਵਿਚ ਵੀ ਨਹੀਂ। ਫੇਰ ਇਕ ਬੂੰਦ ਸ਼ਰਾਬ ਵਿਚ ਅਸੰਭਵ (੮) ਇਕ ਬੂੰਦ ਦਾ ਕੀ ਗਿਣਤੀ ਵਿਚ ਹੈ, ਜਿਥੇ ਘੜੇ ਮਟ, ਖੂਹ, ਦਰਿਆ ਪਏ ਪਲਟੀਦੇ ਪੀਂਦੇ

(੧) ਬਦਰਾ ਦਿਨ ਦੁਰ ਦਿਨ ਕਹਤ ਹਿਤ ਦੂਰ ਦਸ਼ਾ ਕਰਾਲ;
ਨ (੨) ਕਯੋਂ ਨਉਠੈ ਹ੍ਰਿਦ ਮਦ ਪੀਏ ਬੈਸ਼ਨਵ ਬਾਮ ਕਲਾਲ।
(੩) ਮਦ ਪਿਅ ਮਸਤ ਬਅਸਤ ਕਹ ਅਖਰ ਮੰਤ੍ਰ ਨ ਸਿਧ;
(੪) ਬਿਨਯ ਭੇਟ ਗੁਰਦੇਵ ਕੀ ਸੁਖ ਬੈਰਾਗ ਸਮਿਧ।
(੫) ਦੋ ਤਿਨ ਪੀਅ ਗਿਲਾਸ ਕੋ ਗਦ ਗਦ ਬੇਸੁਧ ਹੋਤ;
(੬) ਘਟ ਮਟ ਨਦ ਗਪਾਂ ਸਕਲ ਜਹਾਂ ਮੌਤ ਮਦ ਗੋਤ।
(੭) ਭਾਗੇ ਭਾਲ ਕੇ ਭਾਗ ਤਿਹ, ਭਾਵੀ ਨੀਅਰ ਸੁ ਮੌਤ,
(੮) ਮਹਦ ਮਹਾਂ ਧਰ ਕਸ਼ਟ ਦਾ ਦੇ ਬਆਧਾ ਅਦ ਭੌਤ।
(੯) ਕੌਲਕ ਮਤ ਹਮ ਕਆ ਪਿਖੈਂ ਪਿਖ ਸਿਰ ਰਤ ਖਰਾਉ,
(੧੦) ਭਖੀ ਸਰਬ ਅਘੋਰ ਮਤ ਤੰਤ੍ਰਨ ਵਸਤ ਮਿਲਾਉ।
(੧੧) ਮਦ ਈਸੁਰ ਮਗ ਜੀਵ ਕੋ ਹੈ ਬਿਠ ਬਨੀ ਠਾਗ,
(੧੨) ਦੇਵੀ ਜੋਗਨ ਕੀ ਸਦਾ ਇਸ ਬਿਨ ਲਿਵ ਨਹੀ ਲਾਗ।
(੧੩) ਸਚ ਹਮਰੇ ਮਤ ਮੈ ਲਿਖਯੋ ਸ੍ਰੀ ਗੁਰੂ ਗੋਬਿੰਦ ਸਿੰਘ;
(੧੪) ਤਾਕੋ ਭਾਵ ਸ਼ਰਾਬ ਨਹਿ ਹੈ ਕਵਿ ਰੀਤ ਪ੍ਰਸੰਗ।

(੧) ਬਦਲ ਵਾਲੇ ਦਿਨ ਨੂੰ ਬੁਰਾ ਦਿਨ ਕਹਿੰਦੇ ਹਨ, ਆਪਣੀ ਦੁਰਦਸ਼ਾ ਭਿਆਨਕ ਕਰਾਉਣ ਵਾਸਤੇ। (੨) ਫੇਰ ਕਯੋਂ ਨਾ ਦਿਲ ਚਾਹੇ ਸ਼ਰਾਬ ਪੀਣ ਨੂੰ ਵੈਸ਼ਨੂੰ ਮਤ ਵਾਲੇ ਦਾ, ਬਾਮੀ ਕੌਲਕ ਹੋਣ ਲਈ, ਜੋ ਕਲਾਲ ਦੇ ਘਰ ਜਾ ਕੇ ਪੀਵੇ (੩) ਜਦ ਸ਼ਰਾਬੀ ਅਸਤ ਬਅਸਤ ਬਕਦਾ ਹੈ, ਤਾਂ ਮੰਤ੍ਰ ਦੇ ਅਖਰ ਕੀਕੂੰ ਸ਼ੁਧ ਕਹੇਗਾ, ਤੇ ਅਸ਼ੁਧ ਮੰਤ੍ਰ ਸਿਧ ਨਹੀਂ ਹੁੰਦਾ (੪) ਬੇਨਤੀ ਅਤੇ ਨਿਮ੍ਰਤਾ ਹੀ ਭੇਟਾ ਹੈ ਗੁਰਦੇਵ ਦੀ "ਸ਼ਰਾਬ ਨਹੀਂ", ਇਕੁਰ ਹੀ ਤਿਆਗ ਵੈਰਾਗ ਵਿਚ ਸੁਖ ਹੈ 'ਪੀਣ ਵਿਚ ਨਹੀਂ (੫) ਦੋ ਤਿੰਨ ਗਲਾਸ ਪੀ ਕੇ ਭਾਰਾ ਪਿਆਰ ਖੁਸ਼ ਹੁੰਦਾ ਤੇ ਬੇਸੁਧ ਹੋ ਜਾਂਦਾ ਹੈ (੬) ਘੜੇ ਤੇ ਮਟ ਖੂਹ ਤੇ ਨਦੀਆਂ ਸਮੁੰਦ੍ਰ ਆਦਿਕ ਪੀਣੇ ਸਭ ਗਪਾਂ ਹਨ, ਕਿਉਂਕਿ ਸਰਾਬ ਦੀ ਜ਼ਾਤ ਗੋਤ ਤਾਂ ਮੌਤ ਹੈ। (੭) ਭਜ ਗਏ ਮਥੇ ਦੇ ਭਾਗ ਉਸਦੇ ਅਤੇ ਹੋਣਹਾਰ ਨੇ ਨੇੜੇ ਕੀਤੀ ਸੁੰਦ੍ਰ ਮੌਤ ਦਾ ਘਰ ਸ਼ਰਾਬ (੮) ਵਡੇ ਤੋਂ ਵਡੇ ਦੁਖਾਂ ਕਲੇਸਾਂ ਦੀ ਦੇਣ ਵਾਲੀ, ਭੂਤ ਪ੍ਰੇਤ (ਕਿੱਕਰ ਦਾ ਭੂਤ ਸ਼ਰਾਬ) ਜਿਥੇ ਵਡੇ ਸਤਿਆਨਾਸ ਕਰਦਾ ਹੈ (੯) ਕੌਲਕ ਮਤ ਨੂੰ ਅਸੀ ਕੀ ਦੇਖੀਏ, ਉਹਨਾਂ ਦਾ ਲਾਲ ਮਥਾ ਦੇਖ ਕੇ ਤੁਸੀ ਟਕਰ ਮਾਰੋ। **ਨੋਟ:** ਜੋ ਕਲਾਲ ਦੇ ਘਰ ਸ਼ਰਾਬ ਪੀਵੇ, ਇੱਕਲਾ ਰਾਤ ਨੂੰ ਕੰਜਰੀ ਦੇ ਘਰ ਪੀਵੇ, ਪੀ ਕੇ ਘਰੋ ਘਰੀ ਫਿਰੇ, ਜੋ ਭਖ ਅਭਖ ਸੋ ਖਾਏ ਉਹ ਪੁਰਖ ਕੌਲਕ ਰਾਜ ਚਕ੍ਰਵਰਤੀ ਹੈ। (੧੦) ਸਰਬ ਭਖੀਆਂ ਨੂੰ ਘੋਰੀ ਕਹਿੰਦੇ ਹਨ, ਜੋ ਗੰਦ ਨਹੀ ਛਡਦੇ ਉਹਨਾਂ ਨੂੰ ਸ਼ਰਾਬ ਕੀ ਹੈ। ਤੇ ਤੰਤ੍ਰ ਵਿਦਆ ਵਿਚ ਦੋ ਚੀਜ਼ਾਂ ਦੇ ਮਿਲਨ ਥੋਂ ਤੀਜੀ ਉਪਜਦੀ ਹੈ, ਉਥੇ ਸ਼ਰਾਬ ਦੀ ਹੀ ਲੋੜ (੧੧) ਸ਼ਰਾਬ ਈਸ਼ਰ ਦੇ ਰਸਤੇ ਥੋਂ ਜੀਵ ਨੂੰ ਠਗਣ ਵਾਲੀ ਠਗਣੀ ਹੈ। (੧੨) ਓਹ ਛੋਕਰ ਪਖੰਡੀ ਹਨ ਜਿਨ੍ਹਾਂ ਦੀ ਸਮਾਧ ਬਿਨਾ ਸ਼ਰਾਬ ਦੇ ਨਹੀ ਲਗਦੀ [ਇਨਾਂ ਦਾ ਵਰਨਣ ਅਗੇ ਕਰਾਂਗੇ] (੧੩) ਇਹ ਗਲ ਸਚ ਹੈ ਕੇ ਸਾਡੇ ਮਤ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਲਿਖਿਆ ਹੈ (੧੪) ਉਸ ਦਾ ਭਾਵ ਸ਼ਰਾਬ ਨਹੀ ਹੈ, ਉਹ ਕੇਵਲ ਕਵਿ ਤਾਈ ਦੀ ਰੀਤ ਦਾ ਇਕ ਪਕਰਣ ਹੈ।

੧੧੬ ਜੋ ਕੁਝ ਆਪ ਸਾਡੇ ਸਤਗੁਰੂ ਗੋਬਿੰਦ ਸਿੰਘ ਜੀ ਦੀ ਪਉਰੋਂ ਕਿਹਦੇ, ਉਸਦੇ ਸਮਝਣ ਵਿਚ ਬੀਤੁਸਾਂ ਭੁਲ ਕੀਤੀ ਹੈ। ਆਪਨੂੰ ਵਿਦਤ ਹੋਵੇ ਕਿ ਫਾਰਸੀ ਕਵੀਆਂ ਦਾ ਦਸਤੂਰ ਹੈ, ਹਰ ਕਿੱਸੇ ਕਹਣੀ ਦੇ ਪਹਲੇ ਮੰਗਲਾ ਚਰਣ ਵਿਚ ਸ਼ਰਾਬ ਮੰਗਦੇ ਹਨ, ਪਰੰਤੂ ਫਰਦੌਸੀ ਤੇ ਨਜ਼ਾਮੀ ਆਦਿਕ ਕਵੀਆਂ ਨੇ ਅਪਣੇ ਸ਼ਾਹਨਾਮੇ ਤੇ ਸਿਕੰਦਰ ਨਾਮੇ ਵਿਚ ਹਰ ਪ੍ਰਕਰਣ ਦੇ ਅੰਤ ਵਿਚ ਦੋ ਦੋ ਬੈਂਤ ਸ਼ਰਾਬ ਬਾਬਤ ਕਹੇ ਹਨ। ਇਸ ਕਵਿਤਾ ਦੀ ਵਿਧਿ ਲਿਖਣ ਲਈ ਜ਼ਫ਼ਰ ਨਾਮੇ ਦੀ ਹਰ ਹਕੈਤ ਦੇ ਦੋ ਦੋ ਬੈਂਤ ਨਸ਼ੇ ਮੈਂ ਗਲ ਵਿਚ ਕਹੇ ਹਨ। ਪਰ ਪਹਲੀ ਹਕਾਇਤ [ਜਿਸ ਵਿਚ ਅਪਣੇ ਜੰਗ ਜੁਧ ਦਾ ਹਾਲ ਲਿਖਿਆ ਹੈ] ਦੇ ਅੰਤ ਵਿਚ ਕੇਵਲ ਅਕਾਲ ਪੁਰਖ ਦੀ ਉਸਤਤ ਹੈ, ਸ਼ਰਾਬ ਨਹੀਂ। ਗੁਰੂ ਜੀ ਨੇ ਇਕ ਹੋਰ ਵਾਧਾ ਇਹ ਰੱਖਿਆ ਹੈ, ਕਿ ਸੁਖਾਬੀ ਸ਼ਰਾਬ ਦੀ ਜਗਾ ਉਚਰਦੇ ਰਹੇ ਹਨ। ਪਿਆਰੇ ਭਾਈ ਜੋ ਕੁਝ ਬੀ ਗੁਰੂ ਜੀ ਨੇ ਲਿਖਿਆ ਹੈ, ਉਸਦਾ ਭਾਵ ਨਾਮ ਦੇ ਪਿਆਲੇ ਬੋਂ ਹੈ: ਜਿਹਾ ਕੁ:-

| | | |
|---|---|---|
| ਸਿਕੰਦਰ ਨਾਮੇ ਦੇ ਦੋ ਬੈਂਤ | ਬਿਦਿਹ ਸਾਕੀਆ ਸਾਗ਼ਰੇ ਸਬਜ਼ ਰੰਗ। | ਦੇਹ ਹੇ ਸੁਖੀਈਆ ਪਿਆਲਾ ਹਰੇ ਰੰਗ ਦਾ। |
| | ਕਿ ਮਾਰਾ ਬਕਾਰ ਅਸਤ ਦਰ ਵਕਤ ਜੰਗ। | ਕਿ ਮੈਨੂੰ ਲੋੜੀਦਾ ਹੈ ਵਿਚ ਵੇਲੇ ਜੰਗ ਦੇ। |
| | ਬਮਨ ਦਿਹ ਕਿ ਬਖਤ ਆਜ਼ਮਾਈ ਕੁਨਿਮ। | ਮੈਨੂੰ ਦੇਹ ਜੋ ਮੈਂ ਆਪਣੇ ਭਾਗਾਂ ਨੂੰ ਪਰਤਾਵਾਂ। |
| | ਜਿ ਤੇਗੋ ਖ਼ੁਦਸ਼ ਕਾਰਰਵਾਈ ਕੁਨਿਮ। | ਉਸਦੀ ਆਪਣੀ ਤੁਲਵਾਰ ਨਾਲ ਕੰਮ ਕਰਾਂ ਮੈਂ। |
| ਸਾਕੀ ਨਾਮੇ ਦੇ ਬੈਂਤ | (੧) ਬਿਦਿਹ ਸਾਕੀਆ ਸਾਗਰੇ ਨੈਨ ਪਾਨ। | ਦੇਹ ਹੇ ਸੁਖੀਆ ਪਿਆਲਾ ਅਖਾਂ ਨੂੰ ਰੰਗਣ ਵਾਲਾ |
| | (੨) ਕੁਨਦ ਪੀਰਿ ਸਦ ਸਾਲਾ ਰਾ ਨੌਜਵਾਨ। | ਜਿਹੜਾ ਕਰੇ ਸੌ ਵਰ੍ਹੇ ਦੇ ਬੁਢੇ ਨੂੰ ਇਕ ਵਰ੍ਹੇ ਦਾ ਜਵਾਨ |
| | ਬਿਦਿਹ ਸਾਕੀਆ ਸਾਗਰੇ ਸਬਜ਼ ਰੰਗ। | ਦੇਹ ਹੇ ਸੁਖਈਆ ਪਿਆਲਾ ਹਰੇ ਰੰਗ ਦਾ |
| | ਕਿ ਮਾਰਾ ਬਕਾਰ ਅਸਤ ਦਰ ਵਕਤ ਜੰਗ। | ਕਿ ਮੈਨੂੰ ਚਾਹੀਦਾ ਹੈ ਵਿਚ ਵੇਲੇ ਜੁਧ ਦੇ। |

(੧) ਇਹ ਪਿਆਲਾ ਬਿਨਾ ਆਤਮਕ ਗੁਰੂ ਦੇ ਕੋਈ ਨਹੀਂ ਦੇ ਸਕਦਾ (੨) ਜਿਕੁਰ ਗੁਰੂ ਅੰਗਦ ਜੀ ਨੇ ਗੁਰੂ ਅਮਰ ਦੇਵ ਜੀ ਨੂੰ ਦਿਤਾ, ੭੪ ਵਰ੍ਹੇ ਦੀ ਉਮਰ ਵਿਚ ਜੁਆਨ ਬਨਾਯਾ। ਪਰਮਾਣ ਲਈ ਭਾਈ ਗੁਰਦਾਸ ਨੇ ਪਿਆਲੇ ਸਿਧ ਕੀਤੇ ਹਨ। (ਪੰਜ ਪਿਆਲੇ ਪੰਜ ਪੀਰ ਛਟਮ ਪੀਰ ਬੈਠਾ ਗੁਰ ਭਾਰੀ)।

Digitized by Panjab Digital Library | www.panjabdigilib.org

| | |
|---|---|
| ਬਿਦਿਹ ਸਾਕੀਆ ਜਾਮੇ ਫੀਰੋਜ਼ਾ ਫਾਮ। | ਦੇਹ ਹੇ ਸੁਖਈਆ ਜਾਮ ਫ਼ੀਰੋਜ਼ੀ ਰੰਗ ਦਾ। |
| ਕਿ ਮਾਰਾ ਬਕਾਰ ਅਸਤ ਰੋਜ਼ੇ ਤਮਾਮ। | ਕਿ ਮੈਨੂੰ ਚਾਹੀਦੇ ਪੂਰੇ ਹੋਣ ਦੇ ਦਿਨ (ਭਗਤੀ) |
| ਤੂ ਮਾਰਾ ਬਿਦਿਹ ਤਾ ਸ਼ਵਮ ਤਾਜ਼ਾ ਦਿਲ। | ਤੂੰ ਦਿਹ ਛਈ ਮੈਂ (ਹਾਂ) ਖ਼ੁਸ਼ ਹੋਵਾਂ, |
| (੧) ਕਿ ਗੌਹਰ ਬਿਆਰੇਮ ਆਲੂਦਹ ਗਿਲ। | ਕਿ (ਕਾਵਿਤਾ ਵੀਚ) ਮੋਤੀ ਕਢੀਏ (ਚਿਕੜ) ਲਾਗੀ ਬੁਧ ਵਿਚੋਂ। |
| (੨) ਬਿਦਿਹ ਸਾਕੀਆ ਪਯਾਲਾ ਫੀਰੋਜ਼ਹ ਫਾਮ। | ਦੇਹ ਹੇ ਸੁਖਈਆ ਫ਼ੀਰੋਜ਼ੀ ਪਿਆਲਾ। |
| ਕਿ ਮਾਰਾ ਬਕਾਰ ਅਸਤ ਦਰ ਵਕਤ ਆਮ। | ਕਿ ਸਾਨੂੰ ਲੋੜੀਦਾ ਹੈ ਹਰ ਵੇਲੇ। |
| ਬਮਨ ਦਿਹ ਕਿ ਖ਼ੁਸ਼ਤਰ ਦਿਮਾਗ਼ੇ ਕੁਨੇਮ। | ਮੈਨੂੰ ਦੇਹ ਕਿ ਅਪਨੀ ਬੁਧਿ ਨੂੰ ਪ੍ਰਸੰਨ ਕਰਾਂ ਮੈਂ |
| ਕਿ ਰੌਸ਼ਨ ਤਬਾ ਹੂ ਚਰਾਗ਼ੇ ਕੁਨੇਮ। | ਜੋ ਮੈਂ ਮਨ ਨੂੰ ਪ੍ਰਕਾਸ਼ਤ ਕਾਂ ਦੀਵੇ ਵਾਂਗ। |
| (੩) ਬਿਦਿਹ ਸਾਕੀਆ ਸਾਗ਼ਰੇ ਸਬਜ਼ ਫ਼ਾਮ। | ਦੇਹ ਹੇ ਸੁਖਈਆ ਪਿਆਲਾ ਹਰੇ ਰੰਗ ਦਾ |
| ਕਿ ਸਾਹਬ ਸ਼ਊਰ ਅਸਤ ਜ਼ਾਹਿਰ ਜਹਾਨ। | ਜੋ ਮਾਲਕ ਬੁਧਿ ਦਾ ਤੇ ਪ੍ਰਗਟ ਹੈ ਸੰਸਾਰ ਵਿਚ |
| ਬਿਦਿਹ ਸਾਕੀਆ ਜਾਮਿ ਫੀਰੋਜ਼ਹ ਰੰਗ। | ਦੇਹ ਹੇ ਸੁਖਈਆ ਪਿਆਲਾ ਫ਼ੀਰੋਜ਼ੀ ਰੰਗ ਦਾ |
| (੪) ਕਿ ਦਰ ਵਕਤ ਸ਼ਬ ਹੂ ਖ਼ੁਸ਼ੇ ਰੋਜ਼ਹ ਜੰਗ। | ਜੋ ਰਾਤ ਦੇ ਵੇਲੇ ਖ਼ੁਸ਼ ਰਖੇ ਜਿਕਰ ਦਿਨ ਜੁਧ ਦੇ। |
| ਬਿਦਿਹ ਸਾਕੀਆ ਸਾਗ਼ਰੇ ਸੁਰਖ਼ (੫) ਫਾਮ। | ਦੇਹ ਹੇ ਸੁਖਈਆ ਜਾਮ ਲਾਲ ਲਾਲ ਰੰਗ ਦਾ। |
| ਕਿ ਮਾਰਾ ਬਕਾਰ ਅਸਤ ਰੋਜ਼ੇ ਮੁਦਾਮ। | ਜੋ ਮੈਨੂੰ ਚਾਹੀਦਾ ਹੈ ਸਦੀਵ ਦਿਨ (ਪ੍ਰਕਾਸ਼ ਵਿਚ) |
| ਬਿਦਿਹ ਪਯਾਲਾ ਫੀਰੋਜ਼ ਰੰਗੀਨ ਰੰਗ। | ਦੇਹ ਮੈਨੂੰ ਪਿਆਲਾ ਫ਼ੀਰੋਜ਼ੇ ਦੇ ਰੰਗ ਵਾਲਾ। |
| ਕਿ ਮਾਰਾ ਖ਼ੁਸ਼ਾਮਦ ਬਸੇ ਵਕਤ ਜੰਗ। | ਜੋ ਮੈਨੂੰ ਮਾਫ਼ਕ ਆਯਾ ਹੈ ਕਈ ਵਾਰੀ ਜੁਧ ਵਿਚ |
| ਬਿਦਿਹ ਸਾਕੀਆ ਸੁਰਖ਼ ਵੀਰੇ ਫਰੰਗ (੬)। | ਦੇਹ ਹੇ ਸੁਖਈਆ ਫਰੰਗੀ ਲਾਲ (ਜੋਸ਼) |
| ਖ਼ੁਸ਼ਾਮਦ ਮਰਾ ਵਕਤਿ ਜ਼ਦ ਤੇਗ਼ ਜੰਗ। | ਜੋ (ਜੋਸ਼) ਲੜਾਈ ਤਲਵਾਰ ਦੀ ਦੇ ਵੇਲੇ ਮੈਨੂੰ ਭਾਇਆ ਹੈ |
| ਬਮਨ ਦਿਹ ਕਿ ਖ਼ੁਦ (੭) ਰਾ ਪਓਹਸ਼ ਕੁਨੇਮ | ਮੈਨੂੰ ਦਿਹ ਕਿ ਆਪਣੇ ਆਪ ਨੂੰ ਭੁਲਾਂ। |
| ਬਤੇਗ਼ ਆਸ਼ਨਾਈ ਸ਼ਿਕੋਹਸ਼ ਕੁਨੇਮ। | ਤਲਵਾਰ ਪਰ ਠਾਨਾ ਕਰੇ ਅਪਣਾ ਦਬਦਬਾ ਵਧਾ। |

(੧) ਕਿਉਂ ਜੋ ਦੁਨੀਆਂ ਦਾ ਹਰ ਪਦਾਰਥ ਮੋਤੀ ਹੀਰੇ ਅਨਾਜ ਕਣਕ ਆਦਿ ਮਿਟੀ ਵਿਚੋਂ ਨਿਕਲਦੇ ਹਨ ਇਸ ਲਈ ਬੁਧੀ ਨੂੰ ਚਿਕੜ ਤੇ ਮੋਤੀ ਨੂੰ ਕਵਿਤਾ ਨਾਲ ਉਪਮਾ ਦਿੰਦੇ ਹਨ। ਇਸ ਵਿਚ ਸਰਾਬ ਕਿਥੇ (੨) ਸਦੀਵ ਲਈ ਪਿਆਲਾ ਮੰਗਦੇ ਹਨ, ਜਿਸ ਤੇ ਭਾਵ ਨਾਮ ਦਾ ਹੈ, ਸ਼ਰਾਬ ਦਾ ਨਾਉਂ ਬੀ ਨਹੀਂ (੩) ਇਥੇ ਬੀ ਸ਼ਰਾਬ ਹੈ ਨਹੀਂ, ਭਾਵ ਗੁਰੂ ਬੀ ਹੈ। (੪) ਇਸ ਵਿਚ ਰਾਤ ਦੇ ਸੁਖ ਤੇ ਜੰਗ ਦੇ ਦੁਖਾਂ ਵਿਚ ਮਨ ਨੂੰ ਇਕਸਾਰ ਰਖਣ ਵਾਲਾ, ਪਿਆਲਾ ਏਹੋ ਹੀ ਚਾਹੀਦਾ ਹੈ ਜੋ ਨਾਮ ਹੈ। (੫) ਲਾਲ ਰੰਗ ਦਾ ਭਾਵ ਹੈ :— ਨਾਨਕ ਲਾਲੋ ਲਾਲ ਹੈ ਸਚੇ ਰਤਾ ਸਚ। ਆਦਿ। (੬) ਅਰਬੀ ਹਿਕਾਇਤ ਗਾਜ਼ਾ ਫਰੰਗ ਦੀ ਹੈ, ਇਹ ਉਸ ਦੀ ਰਿਆਇਤ ਹੈ। ਫਿਰੰਗ ਕੁਰਬਾਨ ਨੂੰ ਕਹਿੰਦੇ ਹਨ (੭) ਸੁਗਬੀ ਕਰੀ ਆਪ ਨੂੰ ਭੁਲ ਸਕਦਾ ਹੈ

ਉਪਰ ਲਿਖੇ ਬੈਂਤਾਂ ਵਿਚ ਲਾਲ ਸਾਵ ਤੇ ਫੀਰੋਜ਼ੀ ਰੰਗ ਦਾ ਪਿਆਲਾ ਮੰਗਿਆ ਹੈ, ਇਨ੍ਹਾਂ ਰੰਗਾਂ ਦਾ ਜੋ ਸੰਬੰਧ ਆਤਮਕ ਵਿਦਿਆ ਨਾਲ ਹੈ ਉਸ ਨੂੰ ਕੁਝ ਉਹੀ ਲੋਕ ਠੀਕ ਸਮਝਦੇ ਹਨ, ਜੋ ਉਸ ਦੇ ਜਗਿਆਸੂ ਹਨ ਭਾਵ ਫਿਰ ਆਤਮਕ ਸ਼ਕਤੀ ਅਰ ਉਸਦੇ ਦਰਜਿਆਂ ਬੰਤੇ ਹੈ ਇਨ੍ਹਾਂ ਬੈਂਤਾਂ ਵਿਚ ਹੀ ਇਕ ਦੋ ਥਾਈਂ ਸ਼ਰਾਬ ਦੇ ਦਿਨ ਦਾ ਵਰਣਨ ਹੈ, ਫ਼ਾਰਸੀ ਖ਼ਿਆਲ ਮੂਜਬ ਇਸ ਦਾ ਭਾਵ ਉਸ ਸਮੇਂ ਤੋਂ ਹੈ, ਜੋ ਆਤਮਾਂ ਦਾ ਲੇਖਾ ਕਰਮਾਂ ਕੁਕਰਮਾਂ ਅਨੁਸਾਰ ਹੋਕੇ ਆਵੇਗਾ ਅਰ ਸਈਦ ਰਹੇਗਾ। ਜੋ ਗਾਦਾ ਜੋ ਕਥਨ ਇਨ੍ਹਾਂ ਵਿਚ ਹੈ, ਉਹ ਤਾਂ ਲੜਾਈ ਹੀ ਜਾਪਦਾ ਹੈ, ਪਰ ਫਾਰਸੀ ਖਿਆਲ ਮੂਜਬ ਦੁਰਬੁਧੀ (ਸ਼ੈਤਾਨ) ਤੇ ਸੁਧ ਮਨ ਦੀ ਲੜਾਈ ਦਾ ਭਾਵ ਹੈ। ਸਾਰਾ ਅੰਤ੍ਰਾ ਇਹ ਹੈ ਗੁਰੂ ਜੀ ਅਪਨੇ ਸਤਗੁਰੂ ਆ ਈਸ਼੍ਵਰ ਪਾਸੋਂ ਭਜਨ ਤੇ ਨਾਮ ਦੀ ਪ੍ਰੀਤ ਦਾ ਪਿਆਲਾ ਮੰਗਦੇ ਹਨ, ਜਿਸ ਨਾਲ ਦੁਰਬੁਧੀ ਦੂਰ ਹੋਵੇ ਤੇ ਪ੍ਰਲੋਕ ਖੁਸ਼ੀ ਦਾਇਕ ਹੋਵੇ। ਸ਼ਰਾਬ ਦਾ ਤਾਂ ਨਾਮ ਹੀ ਨਹੀਂ। ਸ਼ਰਾਬ ਦਾ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਬ ਜੀ ਆਦ ਵਿਚ ਇਉਂ ਲਿਖਿਆ ਹੈ।

ਮਾਣਸ ਭਰਿਆ(੧) ਆਣਿਆ ਮਾਣਸ ਭਰਿਆ(੨) ਆਇ;
ਜਿਤ ਪੀਤੇ ਮਤ ਦੂਰ ਹੋਇ ਬਰਲ(੩) ਪਵੈ ਵਿਚ ਆਇ।
ਅਪਣਾ ਪਰਾਇਆ ਨ ਪਛਾਣਈ ਖਸਮੋਂ(੪) ਧਕੇ ਖਾਇ;
ਜਿਤ ਪੀਤੇ ਖਸਮ(੫) ਵਿਸਰੇ ਦਰਗਾਹ(੬) ਮਿਲੈ ਸਜਾਇ।
ਝੂਠਾ(੭) ਮਦ ਮੂਲ ਨ ਪੀਜਈ ਜੇ ਕਾ(੮) ਪਾਰ ਵਸਾਇ;
ਨਾਨਕ ਨਦਰੀ(੯) ਸਚ(੧੦) ਮਦ ਪਾਈਏ ਸਤਗੁਰ ਮਿਲੈ ਜਿਸ ਆਇ।
ਸਦਾ ਸਾਹਿਬ(੧੧) ਕੇ ਰੰਗ ਰਹੈ ਮਹਲੀ(੧੨) ਪਾਵੈ ਥਾਇ।

(੧) ਆਦਮੀ ਦੀ ਕੜੀ ਸ਼ਰਾਬ (੨) ਆਦਮੀ ਦੀ ਭਰੀ (੩) ਗਾਮਰੌਲਾ (੪) ਪਰਮੇਸੁਰ। (੫) ਪਰਮੇਸੁਰ। (੬) ਪ੍ਰਲੋਕ (੭) ਝੂਠੀ ਸ਼ਰਾਬ (੮) ਜਿਨ੍ਹੀਂ ਦਾ ਬਸ ਚਲ ਸਕੇ। (੯) ਕ੍ਰਿਪਾ ਦ੍ਰਿਸ਼ਟਿ। (੧੦) ਪਰਮੇਸੁਰ ਦਾ ਪ੍ਰੇਮ (੧੧) ਪਰਮੇਸੁਰ (੧੨) ਬੈਕੁੰਠ।

ਉਪਲੀਆਂ ਸੈਂਚੀਆਂ ਤੁਕਾਂ ਤੋਂ ਤੁਸੀ ਸਮਝ ਗਏ ਹੋਵੋਗੇ ਕਿ ਗੁਰੂ ਗੋਬਿੰਦ ਸਿੰਘ ਜੀ ਦਾ ਭਾਵ ਕੇਵਲ ਨਾਮ ਦੇ ਪਿਆਲੇ ਤੋਂ ਹੈ

ਲਓ ਬਾਕੀ ਦੇ ਬੈਤ ਬੀ ਸੁਣ ਲਓ :—

| | |
|---|---|
| ਬਿਦਿਹ ਸਾਕੀਆ ਜ਼ਾਮ ਸਬਜ਼ੇ ਮਰਾ। | ਦਿਹ ਹੇ ਸੁਖੱਈਆ ਪਯਾਲਾ ਹਰੇ ਰੰਗ ਦਾ ਮੈਨੂੰ। |
| ਕਿ ਸਰ ਬਸਤਾ ਮਨ ਰੀਜ਼ ਬਖ਼ਸ਼ਮ ਤੁਰਾ। | ਜੋ ਭਰਪੂਰ ਖ਼ਜ਼ਾਨਾ ਮੈਂ ਬਖ਼ਸ਼ਾਂ ਤੈਨੂੰ (ਮਨ) |
| ਬਿਦਿਹ ਸਾਕੀਆ ਸਾਗਰੇ ਸਬਜ਼ ਫ਼ਾਮ। | ਦਿਹ ਹੇ ਸੁੱਖਈਆ ਪਯਾਲਾ ਸਾਵੇ ਰੰਗ ਦਾ। |
| ਕਿ ਖ਼ਸਮ ਅਫ਼ਕਨੀ ਵਕਤ ਹਸਮੂ ਬਕਾਮ। | ਜੋ ਵੈਰੀ ਢਾਹਣ ਵੇਲੇ ਮੈਨੂੰ ਕੰਮ ਦੇਵੀ। |
| ਬਿਦਿਹ ਸਾਕੀਆ ਸਾਗਰੇ ਸਬਜ਼ ਆਬ। | ਦਿਹ ਹੇ ਸੁਖਈ ਆਪਯਾਲਾ ਹਰੇ ਪਾਣੀ ਦਾ |
| ਕਿ ਬੇਰੂੰ ਬਿਅਫ਼ਤਾਦ ਪਰਦਹ ਨਕਾਬ। | ਜੋ ਬਾਹਰ ਡਿਗ ਪਿਆ ਹੈ ਪੜਦਾ ਘੁੰਡ ਦਾ। |
| ਬਿਦਿਹ ਸਾਕੀਆ ਸਬਜ਼ ਰੰਗੀਂ ਫ਼ਿਰੰਗ(੧)। | ਦਿਹ ਹੇ ਸਾਕੀ ਸਾਵਾ ਰੰਗ ਮੈਂ ਵਾਰੀ ਜਾਵਾਂ। |
| ਕਿ ਫ਼ਨਤੇ ਬਕਾਰ ਅਸਤ ਦਰ ਰੋਜ਼ ਜੰਗ। | ਜੋ ਵੇਲੇ ਸਿਰ ਕੰਮ ਆਵੇ ਦਾ ਜੁਧ ਦੇ ਦਿਨ। |
| ਬਿਦਿਹ ਸਾਕੀਆ ਸਾਗਰੇ ਕੋਕਨਾਰ(੨)। | ਦਿਹ ਹੇ ਸੁੱਖਈਆ ਉਹ ਪਯਾਲਾ, ਜਿਸ ਤੋਂ ਪੂਰੇ ਰੱਜਣਾ ਚਾਹੀਏ (ਅਰਥਾਤ) |
| ਦਰੇ ਵਕਤ ਜੰਗਮ ਬਆਯਦ ਬਕਾਰ। | ਪਰੰਤੂ ਜੁਧ ਵੇਲੇ ਮੇਰੇ ਕੰਮ ਆਇਆ ਕਰਦਾ ਹੈ। |
| ਕਿ ਖ਼ੂਬ ਅਸਤ ਦਰ ਵਕਤਿ ਖ਼ਸਮ ਅਫ਼ਗਨੀ | ਕਿ ਹ ਅਛਾ ਹੈ ਵੈਰੀ ਦੇ ਡੇਗਣ ਵੇਲੇ। |
| ਬਯੱਕ ਕਤਰਹ ਅਜ਼ ਫ਼ੀਲ ਰਾ ਪੈ ਕੁਨੀ(੩)। | ਕਿ ਉਸ ਦੀ ਇਕ ਬੂੰਦ ਨਾਲ ਹਾਥੀ ਨੂੰ ਤਾਬੇ ਕਰਦਾ ਏ |
| ਬਿਦਿਹ ਸਾਕੀਆ ਸਾਗਰੇ ਸਬਜ਼ ਰੰਗ। | ਦਿਹ ਹੇ ਸੁਖਈਆ ਪਯਾਲਾ ਹਰੇ ਰੰਗ ਦਾ। |
| ਕਿ ਮਾਰਾ ਬਕਾਰ ਅਸਤ ਜੰਗ ਅੰਦਰੂੰ। | ਕਿ ਮੈਨੂੰ ਚਾਹੀਏ ਜੁਧ ਵਿਚ। |
| ਲਬਾ ਲਬ ਕੁਨੇਂ ਦੱਮ ਬਦੱਮ ਨੋਸ਼ ਕੁਨ। | ਨਕੋ ਨਕ ਭਰੀ ਤੇ ਦਮਾ ਦਮ ਪੀ ਜਾਹ। |
| ਗ਼ਮੇ ਹਰ ਦੋ ਆਲਮ ਫ਼ਰਾਮੋਸ਼ ਕੁਨ। | ਚਿੰਤਾ ਦੋ ਜਹਾਨਾਂ ਦੀ ਭੁਲਾ ਦਿਹ। |

ਪੰਜਵੇਂ ਸ਼ਰਾਬੀ ਨੇ ਜਦ ਇਹ ਉਤ੍ਰ ਸੁਣਿਆ, ਤਾਂ ਬੋਲਿਆ ਕਿ ਸਿੰਘ ਸਾਹਬ ਆਪਦੀ ਜੁਕਤੀਆਂ ਠੀਕ ਹਨ, ਕਿ ਇਨ੍ਹਾਂ ਬੈਤਾਂ ਵਿਚ ਫ਼ਾਰਸੀ ਕਾਵਿ ਅਦੀ ਰੀਤਿ ਨਿਬਾਹੀ ਹੈ, ਪਰੰਤੂ ਇਨ੍ਹਾਂ ਤੁਕਾਂ ਵਿਚ ਤਾਂ ਸਾਫ਼ ਦਸਿਆ ਹੈ ਕਿ ਪਰਮੇਸੁਰ ਬੀ ਸ਼ਰਾਬੀ ਹੈ: ਜਿਹਾ:

ਮਦਰਾ ਕਰ ਮੱਤ ਮਹਾਂ ਭਭਕੇ; ਬਨ ਮੈਂ ਜਿਮ ਬਾਘ ਬਚਾ ਬਬਕੇ।

(੧) ਕੋਈ ਹਰੇ ਰੰਗ ਦੀ ਭਾਂਤੀ ਬੀ ਹੁੰਦੀ ਹੈ, ਜਿਸ ਤੋਂ ਫ਼ਰੰਗ ਦਾ ਅਰਥ [illegible] ਕਰੀਏ ? [illegible] ਇਸ ਦਾ ਅਰਥ ਕੁਰਬਾਨ ਜਾਵਾਂ ਹੈ। (੨) ਕੋਕਨਾਰ ਪੋਸਤ ਨੂੰ ਬੀ ਕਹਿੰਦੇ ਹਨ। (੩) ਬੈਤ ਨਾਮੇ ਦੇ ਹੋਰ ਕੋਈ [illegible] ਭੁਲਾ ਦਿੱਤਾ ਹੈ।

Digitized by Panjab Digital Library | www.panjabdigilib.org

ਮਦ ਮੱਤ ਕ੍ਰਿਪਾਲ ਕਰਾਲ ਧਰੀ। ਜਅ ਸੱਦ ਸੁਰਾਸੁਰ ਮੈ ਉਚਰੀ।

ਸਿੱਖ ਸਾਹਬ ਜੀ ਹਸ ਕੇ ਬੋਲੇ, ਵਾਹ ਮਹਾਰਾਜ! ਜੇ ਕਈ ਆਪ ਰਤਾ ਕੁ ਅਰਥ ਸੋਚਦੇ ਤਾਂ ਕਦੀ ਇਹ ਗਲ ਨਾ ਕਰਦੇ। ਪਹਲੇ ਛੰਦ ਵਿਚ ਜਿਮੁ ਦਾ ਸ਼ਬਦ ਪਿਆ ਹੈ, ਜਿਸ ਦਾ ਅਰਥ ਹੈ, ਜਿਸ ਤਰਾਂ, ਅਰਥਾਤ "ਜਿਸ ਤਰਾਂ ਸ਼ੇਰ ਦਾ ਬਚਾ ਨਿਰਭੈ ਹੋ ਕੇ ਸ਼ਰਾਬ ਵਿਚ ਮਸਤ ਬਨ ਵਿਖੇ ਭਭਕਾਰਦਾ ਹੈ" ਇਹ ਨਿਰੀ ਉਪਮਾ ਦਿੱਤੀ ਹੈ, ਨਿਰਭੈਅਤਾ ਦੀ। ਤੇ ਦੂਜੇ ਛੰਦ ਦਾ ਅਰਥ ਇਹ ਹੈ "ਸੂਰਮਤਾ ਦੇ ਮਦ ਵਿਚ ਮਸਤ, ਅਤੇ ਭਿਆਨਕ ਤਲਵਾਰ ਨੂੰ ਗ੍ਰਹਣ ਕੀਤੇ ਹੋਏ, ਜੈ ਜੈਕਾਰ ਦਾ ਸ਼ਬਦ ਦੇਵਤਾ ਰਾਖਸ ਸਭ ਉਚਾਰਣ ਕਰ ਰਹੇ ਹਨ"।

ਫੇਰ ਸ਼ਰਾਬੀ ਜੀ ਉਚਰੇ ਕਿ ਕ੍ਰਿਸ਼ਨਾ ਅਵਤਾਰ ਵਿਚ ਤਾਂ ਖੁਲ੍ਹ ਦਿੱਤੀ ਹੈ, ਜਿਹਾ

ਤਿਨ ਕੈ ਬਹੁ ਦੈ ਸੰਗਿ ਪਾਰਥ ਲੈ, ਹਰਿ ਭੋਜਨ ਕੀ ਭੂਅ ਮੈ ਪਗ ਧਾਰਯੋ।
ਪੋਸਤ ਭਾਂਗ ਅਫੀਮ ਮੰਗਾਇ ਪੀਓ ਮਅ ਸ਼ੋਕ ਬਿਦਾ ਕਰ ਡਾਰਯੋ।
ਮੱਤ ਹੈ ਚਾਰੋਂ ਈ ਕੈਫਨ ਸੋ ਸੁਤ ਇੰਦ੍ਰ ਕੋ ਸੋ ਇਮ ਸ਼ਯਾਮ ਉਚਾਰਯੋ।
ਕਾਮ ਕੀਓ ਬ੍ਰਹਮਾ ਘਟ ਕੌ ਮਦ ਵਾਰਿ ਨ ਆਨ ਦੇਂ ਸਿੰਧ ਸਵਾਰਯੋ।

ਇਸ ਦਾ ਅਰਥ ਤਾਂ ਆਪ ਸਮਝ ਗਏ ਹੋਵੋਗੇ, ਕਿ ਵੈਰੀਆਂ ਨੂੰ ਬਹੁਤ ਸਾਰਾ ਧਨ ਦੇ ਕੇ ਕ੍ਰਿਸ਼ਨ ਜੀ ਅਰਜਨ ਨੂੰ ਨਾਲ ਲੈ ਕੇ ਲੰਗਰ ਵਿਚ ਆਏ, ਤੇ ਪੋਸਤ ਅਫੀਮ ਭੰਗ ਤੇ ਸ਼ਰਾਬ ਪੀਤੀ ਤੇ ਰਸਤੇ ਦਾ ਸ਼ੋਕ ਥਕੇਵਾਂ ਦੂਰ ਕੀਤਾ। ਜਦ ਚਹੁੰ ਨਸ਼ਿਆਂ ਵਿਚ ਮਸਤ ਹੋਏ ਤਾਂ ਅਰਜਨ ਨੂੰ ਸ਼ਰਾਬੀ ਕ੍ਰਿਸ਼ਨ ਜੀ ਕਹਣ ਲਗੇ, ਬ੍ਰਹਮਾ ਨੇ ਇਕ ਕੀ ਮਧ ਘਟ ਕਿਉਂ ਕੀਤਾ, ਕਿਉਂ ਨ ਸ਼ਰਾਬ ਦਾ ਅਨੰਤ ਸਮੁੰਦ੍ਰ ਬਣਾਇਆ?

ਸਿੱਖ ਸਾਹਬ ਝਟ ਬੋਲ ਉਠੇ ਆਪ ਔਖੇ ਨਾ ਹੋਵੋ ਅਰਜ

ਨ ਜੀ ਦਾ ਉੱਤਰ ਹੀ ਆਪਦੇ ਪ੍ਰਸ਼ਨ ਦਾ ਪੂਰਾ ਉੱਤਰ ਹੈ: ਦੇਖੀਏ-
ਏ: ਤਬ ਪਾਰਥ ਕਰ ਜੋਰ ਕੈ ਹਰ ਸੋਂ ਕਹ੍ਯੋ ਸੁਨਾਇ,
ਜੜ ਬਾਮਨ ਆਰਸਨ ਕੋ, ਜਾਨੈ ਕਹਾ ਉਪਾਇ।

ਅਰਥਾਤ ਅਰਜਨ ਨੇ ਹਥ ਜੋੜ ਕੇ ਕਿਹਾ ਕਿ ਉਹ ਮੂਰਖ ਬਾ-
ਮਨ ਇਹੋ ਜਿਹੇ ਸੁਆਦਾਂ ਨੂੰ ਕੀ ਜਾਣਦਾ ਸੀ ਅਰ ਉਨ੍ਹਾਂ ਦੇ ਉਤ-
ਪਤ ਕਰਨ ਨੂੰ ਕੀ ਸਮਝਦਾ। ਆਪ ਨੇ ਦੇਖਿਆ ਕ੍ਰਿਸ਼ਨ ਨੂੰ ਇਸ
ਵੇਲੇ ਕਿਹਾ ਕੁ ਮਖੌਲ ਕੀਤਾ ਹੈ, ਪਹਲੇ ਤਾਂ ਇਹ ਕਿ ਬ੍ਰਹਮਾ ਇਨ੍ਹਾਂ
ਸੁਆਦਾਂ ਨੂੰ ਕੀ ਜਾਣੇ, ਕਿਹੜੇ ਸੁਆਦ, ਜਿਸ ਨਾਲ ਕ੍ਰਿਸ਼ਨ ਵ-
ਰਗੇ ਅਵਤਾਰ ਦੀ ਅਕਲ ਉਤੇ ਅਜਿਹਾ ਪੜਦਾ ਪਿਆ ਕਿ
ਇਸ ਗਲ ਨੂੰ ਭੁਲ ਹੀ ਗਏ ਕਿ ਸਤਵਾਂ ਸਮੁੰਦ੍ਰ ਸ਼ਰਾਬ[੧] ਦਾ ਵਿ-
ਦਮਾਨ ਹੈ, ਭੁਲ ਆਪਣੀ ਤੇ ਦੋਸ ਦਿੰਦੇ ਹਨ ਬ੍ਰਹਮਾ ਦੇ ਸਿ-
ਰ ਕਿ ਅਠਵਾਂ ਸਮੁੰਦ੍ਰ ਹੋਰ ਚਾਹੀਦਾ ਸੀ। ਆਪ ਹੀ ਜ਼-
ਰਾ ਸੋਚੋ ਭਾਈ ਸਾਹਬ ਕਿ ਇਸ ਵਿਚ ਸ਼ਰਾਬ ਪੀਣ ਦੀ ਕਿਥੇ
ਆਗਿਆ ਹੈ। ਸਗੋਂ ਗੁਰੂ ਜੀ ਨੇ ਦਸਿਆ ਹੈ, ਕਿ ਇਤਨੇ ਵਡੇ ਆਦ-
ਮੀ ਨੂੰ ਜਿਸ ਨੂੰ ੧੬ ਕਲਾਂ ਸੰਪੂਰਣ ਅਵਤਾਰ ਦਸਦੇ ਹਨ ਸ਼-
ਰਾਬ ਨੇ ਅਜਿਹਾ ਮੂਰਖਤਾ ਵਿਚ ਸੁਟਿਆ ਕਿ ਆਮ ਗਲ
ਨੂੰ ਭੀ ਭੁਲ ਗਏ। ਇਸੀ ਤਰਾਂ ਆਪ ਗੁਰੂ ਸਾਹਬ ਜੀ ਦੇ
ਲੇਖਾਂ ਵਿਚ ਸ਼ਰਾਬ ਦਾ ਵਰਣਨ ਤਾਂ ਦੇਖੋਗੇ, ਪਰ ਸਦਾ ਇ-
ਸ ਦੇ ਔਗੁਣ ਪ੍ਰਗਟ ਕਰਨ ਵਿਚ, ਕਦੀ ਇਸ ਦੀ ਉਪਮਾ
ਨਹੀਂ ਦੇਖੋਗੇ। ਦੇਖੋ ਰਹਤ ਨਾਮੇ ਵਿਚ ਕੀ ਆਗਿਆ ਹੈ:-

ਮਦ ਪਾਨ ਕੀ ਸੰਗਤ ਜਹਾਂ ਮੇਰਾ ਬਾਸਾ ਹੋਇ ਨ ਤਹਾਂ

(੧) ਖਾਰੀ ਖੀਰ ਜੇ ਮਧੁ ਭਨੈ ਦਧਿ ਘ੍ਰਿਤ ਚਾਰ ਪਛਾਨ, ਇੱਖ ਸੁਰਾ ਜਲ ਸੁਧ ਕਾ ਸਾਤੋਂ ਸਿੰਧ ਬਖਾਨ।

ਫੇਰ ਸ਼ਰਾਬੀ ਸਾਹਬ ਬੋਲ ਉਠੇ, ਕਿ ਭਲਾ ਜੀ ਸ਼ਰਾਬ ਤੋਂ ਤਾਂ ਤੁਸਾਂ ਆਪਣੇ ਮਤ ਨੂੰ ਬਚਾ ਲਿਆ, ਪਰ ਸੁਖਾਨਿਧਾਨ (ਭੰਗ) ਹਫੀਮ ਤੇ ਪੋਸਤ ਤੋਂ ਕਿਸ ਤਰਾਂ ਬਚਾਓਗੇ। ਹਿਕਾਇਤਾਂ ਵਿਚੋਂ ਬੀ ਪੋਸਤ ਤੇ ਸੁਖਾ ਸਿਧ ਹੁੰਦਾ ਹੈ, ਅਜ ਤਕ ਤਖਤਾਂ ਤੇ ਸੁਖੇ ਦੀਆਂ ਦੇਗਾਂ ਤਿਆਰ ਹੁੰਦੀਆਂ ਹਨ; ਬਹੁਤਾ ਖਾਲਸਾ ਸੁਖਾ ਤੇ ਹਫੀਮ ਕਠਾ ਹੀ ਛਕਦੇ ਹਨ, ਜਦ ਸਭੇ ਅਮਲ ਤ੍ਯਾਗੇ ਹਨ ਤਾਂ ਇਨਾਂ ਦੀ ਰੋਕ ਤੁਹਾਡੇ ਮਤ ਵਿਚ ਕਿਉਂ ਨਹੀਂ।

ਸਿੰਘ ਸਾਹਬ ਜੀ ਨੇ ਵਡੇ ਧੀਰਜ ਨਾਲ ਉਤਰ ਦਿਤਾ, ਕਿ-ਇਹ ਬੀ ਆਪ ਦੀ ਭੁਲ ਹੈ, ਗੁਰੂ ਜੀ ਨੇ ਕਿਤੇ ਬੀ ਇਨ੍ਹਾਂ ਨਸ਼ਿਆਂ ਦੀ ਆਗਿਆ ਨਹੀਂ ਦਿਤੀ । ਕੋਈ ਤੁਕ ਮੈ-ਨੂੰ ਅਜਿਹੀ ਦਸੋ ਜਿਸ ਵਿਚ ਗੁਰੂ ਜੀ ਦਾ ਹੁਕਮ ਹੋਵੇ ਕਿ ਭੰਗ-ਗਾਂ ਪੀ ਪੀ ਕੇ ਸਾਰਾ ਦਿਨ ਊਂਘਾਂ ਵਿਚ ਮਸਤ ਪਏ ਰਹੋ, ਜਾਂ ਪੋਸਤ ਹਫੀਮ ਵਿਚ ਗੁਟ ਰਹੋ। ਹਾਂ ਜੇਕਰ ਤੁਸੀ ਇਸ ਗਲ ਨੂੰ ਲਓ ਕਿ ਗੁਰੂ ਜੀ ਆਪ ਖਾਲਸੇ ਨੂੰ ਨਸ਼ਾ ਛਕਾਉਂਦੇ ਸਨ, ਤਾਂ ਤੇ ਖੁਲ ਹੀ ਹੋ ਗਈ ਕਿ ਦਬਾ ਦਬ ਪੀਓ। ਇਹ ਗਲ ਬੀ ਆਪ ਦੀ ਬੁਧਿ ਦੇ ਤਰਕ ਪੂਰ ਪਾਸਿਗ ਬੀ ਨਹੀਂ। ਕਿਉਂਕਿ ਗੁਰੂ ਜੀ ਹੋਰ ਬੀ ਖਾਲਸੇ ਕੋਲੋਂ ਕਈ ਕੰਮ ਕਰਾਂਦੇ ਸਨ, ਓਹ ਤੁਸੀਂ ਕਿਉਂ ਨਹੀਂ, ਕਰਦੇ ਗੁਰੂ ਜੀ ਸਿੰਘਾਂ ਸਣੇ ਦਿਲੀ ਦੇ ਪਾਤਸ਼ਾਹ ਦੇ ਨਾਲ ਲ-ੜਦੇ ਸਨ ਅਰ ਸਦਾ ਸ਼ਸਤ੍ਰਧਾਰੀ ਰਹਿੰਦੇ ਸਨ, ਤੁਸੀ ਕਿਉਂ ਮੀਸਣੀ ਬਿਲੀ ਬਣੀ ਬੈਠੇ ਹੋ ਧੌਂਸੇ ਹਥਿਆਰ ਲਾਓ ਤੇ ਲੜੋ; ਇਸ ਦੇ ਉਤਰ ਵਿਚ ਤੁਸੀ ਮੈਨੂੰ ਇਹੀ ਕਹੋਗੇ ਕਿ ਸਮਾਂ ਨਹੀਂ, ਉਸ ਵੇਲੇ ਦੇ ਪਾਤਸ਼ਾਹ ਜ਼ਾਲਮ ਤੇ ਪਾਪੀ ਸਨ ਅਰ ਪ੍ਰਜਾ ਨੂੰ ਦੁਖ ਦਿੰਦੇ ਸਨ, ਉਨਾਂ ਦਾ ਨਾਸ਼ ਜ਼ਰੂਰੀ ਸੀ, ਇਸ ਲਈ ਜੇਕਰ-

ਰਨਾ ਅਤਆਵਸ਼ ਸੀ, ਪਰਤ ਹੁਣ ਰਾਜ ਧਰਮ ਤੇ ਇਨਸਾਫ਼
ਦਾ ਹੈ, ਪ੍ਰਜਾ ਹਰ ਤਰਾਂ ਸੁਖੀ ਹੈ, ਹੁਣ ਸਾਡਾ ਧਰਮ ਇਸ ਰਾਜ
ਦੀ ਖੈਰ ਖ਼੍ਹਾਹੀ ਤੇ ਸਹਾਇਤਾ ਹੈ। ਅਤੇ ਕਿਉਂਜੋ ਇਸ ਨਿਆਂਇ-
ਕਾਰੀ ਰਾਜ ਦਾ ਕ਼ਾਨੂਨ ਹੈ ਕਿ ਹਥਿਆਰ ਨਾ ਰਖੋ ਇਸ ਲਈ
ਅਸੀ ਸ਼ਸਤ੍ਰ ਧਾਰਨ ਨਹੀ ਕਰ ਸਕਦੇ। ਇਸੇ ਤਰਾਂ ਭਾਈ
ਸਾਹਯ ਜੀ ਗੁਰੂ ਜੀ ਨੇ ਅਤਆਵੱਸ਼ ਨੂੰ ਜਰੂਰੀ ਸਮੇ ਪੁਰ
ਖਾਲਸੇ ਨੂੰ ਤ੍ਰੈਗਆਦਿਕ ਦਿਤੀ, ਨਾਕਿ ਹਰ ਵੇਲੇ ਫੌਜਾਂ
ਨਸ਼ੇ ਵਿਚ ਗੁਟ ਰੈਂਹਦੀਆਂ ਸਨ, ਤੇ ਰੋਜ ਹੀ ਰਗੜੇ ਲਗਦੇ
ਤੇ ਪੋਸਤ ਮਲੀਦੇ ਸਨ। ਤੁਸੀ ਇਨਾ ਨਹੀ ਸੋਚ ਸਕਦੇ ਕਿ
ਗੁਰੂ ਜੀ ਨੇ ਤਮਾਕੂ ਦੀ ਰੋਕ ਕਿਉਂ ਕੀਤੀ ਸੀ. ਇਸੇ ਲਈ ਕਿ
ਬਲ ਨੂੰ ਖੀਨ ਕਰਦਾ ਹੈ, ਅਰ ਜ਼ਮੇਂ ਦਾ ਨਾਸ ਕਰਦਾ ਹੈ
ਜਦ ਇਕ ਨਸ਼ੇ ਦੀ ਇਤਨੀ ਕਰੜੀ ਰੋਕ ਹੈ, ਤਾਂ ਕਿਸ ਤਰਾਂ ਹੋਰ-
ਨਾਂ ਦੀ ਆਗਿਆ ਹੋ ਸਕਦੀ ਹੈ। ਤੁਹਾਨੂੰ ਮਲੂਮ ਹੋਊ ਕਿ
ਜਿਸ ਵੇਲੇ ਜਸਵਾਰੀਆਂ ਦੇ ਮਸਤ ਹਾਥੀ ਦੀ ਧਾਕ
ਸਿਖਾਂ ਵਿਚ ਪਹੁੰਚੀ ਅਰ ਗੁਰੂ ਜੀ ਨੇ ਦੁਨੀ ਚੰਦ ਮਸੰਦ ਨੂੰ
ਹੁਕਮ ਦਿਤਾ ਕਿ ਜਾਕੇ ਟਾਕਰਾ ਕਰੇ ਤਾਂ ਉਸ ਕੇ ਨੀਂਕਤਰਾਈ ਅ-
ਰ ਸਿਖਾਂ ਵਿਚ ਉਹ ਫਸਾਦ ਦੀ ਅਗ ਫੂਕੀ ਕਿ ਸਾਰੇ ਨਸਣ
ਨੂੰ ਤਿਆਰ ਹੋ ਗਏ। ਇਸ ਵੇਲੇ ਗੁਰੂ ਜੀ ਨੇ ਸੋਚਿਆ ਕਿ ਜੇ
ਇਨਾਂ ਨੂੰ ਨਸ਼ਾ ਦਿਤਾ ਗਿਆ ਤਾਂ ਤਾਂ ਹੌਸਲਾ ਨਹੀ ਹਾਰਦੇ ਅ-
ਰ ਥੋੜੀ ਸਿਖਆ ਨਾਲ ਇਨਾਂ ਦੇ ਸੀਨਿਆ ਵਿਚ ਧਰਮ ਦੇ
ਜੋਸ਼ ਦੀ ਅਗ ਭੜਕ ਉਠੇਗੀ, ਨਹੀ ਤੇ ਜੇ ਏਹ ਨੱਸੇ ਤਾਂ ਵੈਰੀ
ਇਨਾਂ ਨੂੰ ਚੁਣ ੨ ਕੇ ਮਾਰੇਗਾ। ਤਦ ਗੁਰੂ ਜੀ ਨੇ ਬਚਿਤ੍ਰ ਸਿੰਘ
ਨੂੰ ਹਾਥੀ ਦਾ ਟਾਕਰਾ ਕਰਨ ਲਈ ਤਿਆਰ ਕੀਤਾ, ਤੇ ਉਸ ਨੂੰ

Digitized by Panjab Digital Library | www.panjabdigilib.org

ਹਫੀਮ ਤੇ ਭੰਗ ਪਿਲਾਕੇ ਬਾਘੀ ਦੇ ਟਾਕਰੇ ਲਈ ਘੱਲਿਆ ਇਸ ਬਹਾਦਰ ਨੇ ਹਾਥੀ ਦੇ ਸਿਰ ਵਿਚ ਅਜਿਹਾ ਨੇਜ਼ਾ ਮਾ-ਰਿਆ ਕਿ ਮੱਥੇ ਪੁਰ ਲੋਹੇ ਦਾ ਤਵਾ ਚੀਰ ਕੇ ਸਿਰ ਨੂੰ ਜ਼ਖ-ਮੀ ਕਰ ਗਿਆ, ਤੇ ਹਾਥੀ ਨੇ ਪਿਛੇ ਮੁੜਕੇ ਆਪਣੇ ਹੀ ਲ-ਸ਼ਕਰ ਦੀ ਸਤਿਆਨਾਸ ਕੀਤੀ। ਇਸੇ ਸਮੇਂ ਸਾਰੇ ਖਾਲ-ਸੇ ਨੂੰ ਭੰਗ ਛਕਾਈ ਗਈ ਸੀ ਕਿ ਵੈਰ ਪੂਜਾ ਭੁਲ ਜਾਣ ਤੇ ਆ-ਪਣਾ ਨਾਸ ਨਾ ਕਰਨ। ਹੁਣ ਆਪ ਹੀ ਦੱਸੋ ਕਿ ਇਸ ਦਾ ਕੀ ਭ-ਰ ਹੈ? ਕਿ ਘਰ ਬਾਰ, ਮਿਹਨਤ ਮਜੂਰੀ, ਮਾਪੇ, ਪੁਤਰੀਆਂ ਛਡ ਕੇ ਭੰਗ ਪੋਸਤ ਪੀਵਿ, ਮਸਤ ਪਏ ਰਹੇ, ਬਲ ਬੁਧ ਖਰਾ-ਬ ਕਰੇ ਤੇ ਝੋਕਾਂ ਖਾਵਿ। ਮਸਤ ਹਾਥੀ ਦਾ ਟਾਕਰਾ ਤਾਂ ਦੂਰ, ਪਰ-ਛਾਵੇਂ ਕੋਲੋਂ ਡਰਕ ਉਠੇ ਤੇ ਮੱਖੀ ਤੇ ਦੁਲੱਤੀਆਂ ਤੇ ਹਾਲ ਦੁਹਾ-ਈ ਮਚਾਵਿ। ਜਿਵੇਂ ਹੋਰ ਕਈ ਗਲਾਂ ਮਨਮਤੀਆਂ ਨੇ ਧਰਮ ਵਿ-ਚ ਵਾੜ ਦਿਤੀਆਂ ਹਨ, ਇਸੇ ਤਰ੍ਹਾਂ ਹੀ ਭੰਗ ਨੂੰ ਜਾਇਜ਼ ਤੇ ਪ੍ਰਮਾ-ਣੀਕ ਮਨਾਇਆ ਚਾਹੁੰਦੇ ਹਨ। ਦੇਖੋ ਗੁਰੂ ਜੀ ਨੇ ਚਲਾਣੇ ਦੇ ਸਮੇ ਆਗਿਆ ਕੀਤੀ ਸੀ ਕਿ ਸਾਡੇ ਪਿਛੋਂ ਗੁਰੂ ਗ੍ਰੰਥ ਸਾ-ਹਬ ਜੀ ਨੂੰ ਗੁਰੂ ਜਾਣਨਾ, ਜਿਸ ਗਲ ਦੀ ਸ਼ੰਕਾ ਹੋਵੇ ਉਸ ਦਾ ਉਤਰ ਸ੍ਰੀ ਗੁਰੂ ਗ੍ਰੰਥ ਸਾਹਬ ਜੀ ਵਿਚੋਂ ਪਾਵਿਗੇ, ਸੋ ਦੇਖੋ ਗੁਰੂ ਗ੍ਰੰਥ ਸਾਹਬ ਜੀ ਕੀ ਆਗਿਆ ਦਿੰਦੇ ਹਨ:—

ਭੁੰਗ ਮਾਛੁਲੀ ਸੁਰਾਪਾਨ ਜੋ ਜੋ ਪ੍ਰਾਨੀ ਖਾਹਿ
ਤੀਰਥ ਬਰਤ ਨੇਮ ਕੀਏ ਤੇ ਸਭੈ ਰਸਾਤਲ ਜਾਹਿ।

ਅਰਥਾਤ ਭੰਗ ਅਤੇ ਸ਼ਰਾਬ ਆਦਿਕ ਜੋ ਪੁਰਖ ਪੀਂਦੇ ਤੇ ਮੱਛੀ (ਜਾਂ ਛਲਦੀਰਟੀ) ਜੋ ਪੁਰਖ ਖਾਂਦੇ ਹਨ, ਉਨ੍ਹਾਂ ਦੇ ਵਰਤ ਨੇਮ ਤੇ ਤੀਰਥ ਕੀਤੇ ਹੋਏ ਸਾਰੇ ਸ਼ੁਭ ਕਰਮ ਉਰਧਗਤੀ ਦੇ ਫਲ ਥੋਂ ਨਾਸ ਹੋ ਅਧੋਗਤੀ ਰਸ



Digitized by Panjab Digital Library | www.panjabdigilib.org

ਤਲਨੂੰ ਲੈ ਜਾਂਦਾ ਹੈ। ਸਾਡੇ ਸ੍ਰੀ ਗੁਰੂ ਗ੍ਰੰਥ ਸਾਹਬ ਜੀ ਵਿਚ ਹੋਰ ਬਹੁਤ ਸ਼ਬਦ ਅਮਲਾਂ ਦੀ ਬਾਬਤ ਹਨ। ਪਰ ਸ੍ਰੋਤੁਆਂ ਨੂੰ ਇਕ ਸਾਖੀ ਸੁਣਾਉਂਦੇ ਹਾਂ:—

ਕਿਸੀ ਕਾਲ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਕਿਸੇ ਨਗਰ ਦੇ ਬਾਹਰ ਜਾਇ ਉਤਰੇ। ਬੈਠ ਕੇ ਬਚਨ ਕੀਤਾ ਮਰਦਾਨਿਆ ਰਬਾਬ ਛੇੜ ਤੇ ਸਬਦ ਸੁਣਾਉ। ਤਦ ਮਰਦਾਨੇ ਉਤਰ ਦਿਤਾ ਮੇਰੇ ਪ੍ਰਾਣ ਤਾਂ ਭੁਖ ਨਾਲ ਚਲੇ ਹਨ ਰਬਾਬ ਕੌਣ ਛੇੜੇ, ਪਹਲੇ ਮੈਨੂੰ ਆਗਿਆ ਕਰੋ ਤਾਂ ਨਗਰ ਵਿਚ ਜਾ ਕੇ ਕੁਝ ਉਦਰ ਪੂਰਨਾ ਕਰ ਆਵਾਂ। ਗੁਰੂ ਬਾਬੇ ਬਚਨ ਕੀਤਾ ਜੇ ਤੇਰੀ ਸਲਾਹ ਇਸ ਤਰਾਂ ਹੈ ਤਾਂ ਜਾਹ। ਮਰਦਾਨਾ ਨਗਰ ਵਿਖੇ ਗਿਆ ਤਾਂ ਬਹੁਤੇ ਲੋਕ ਬਹੁਤੀ ਥਾਈਂ ਜੁੜੇ ਮਿਲੇ ਬੈਠੇ ਸ਼ਰਾਬਾਂ ਪੀ ਰਹੇ ਹਨ, ਮਾਸ ਮੱਛੀ ਖਾ ਰਹੇ ਹਨ, ਬਕਵਾਸ ਕਰ ਰਹੇ ਹਨ। ਕੋਈ ਕੋਈ ਮੰਦੇ ਗੀਤ ਗਾਉਂਦੇ ਹਨ। ਜਿਸ ੨ ਪਾਸੋਂ ਮਰਦਾਨੇ ਨੇ ਖਾਣ ਨੂੰ ਕੁਝ ਮੰਗਿਆ ਉਸੇ ਨੇ ਗਾਲ੍ਹਾਂ ਸੁਣਾਈਆਂ ਜਾਂ ਗਲਹਥੇ ਦੇਤੇ। ਪਰ ਕਿਸੇ ੨ ਨੇ ਐਉਂ ਭੀ ਆਖਿਆ ਕਿ ਜੇ ਤੂੰ ਸ਼ਰਾਬ ਪੀਏਂ ਤਾਂ ਮਾਸ ਮੱਛੀ ਭੀ ਖਾ ਲੈ। ਅਸੀ ਖੁਸ਼ੀਆਂ ਮਨਾ ਰਹੇ ਹਾਂ ਤੂੰ ਭੀ ਮਨਾ ਲੈ। ਮਰਦਾਨੇ ਨੇ ਸ਼ਰਾਬ ਪੀਣੀ ਨਾ ਮੰਨੀ। ਓੜਕ ਨੂੰ ਅਕ ਥਕ ਕੇ ਹੀ ਭੁਖਾ ਭਾਣਾ ਮਹਾਰਾਜ ਪਾਸ ਮੁੜ ਆਇਆ ਤੇ ਰਬਾਬ ਲੈ ਕੇ ਸੁਰ ਕੀਤਾ ਤੇ ਬਿਹਾਗੜੇ ਦੀ ਵਾਰ ਵਿਚ ਲਾ ਕੇ ਇਹ ਸਲੋਕ ਗਾਵਿਆਂ:

ਸਲੋਕ ਮਰਦਾਨਾ:—

(੧) ਕਲਿ ਕਲਵਾਲੀ ਕਾਮ ਮਦ ਮਨੂਆਂ ਪੀਵਣਹਾਰ।

---

(੧) ਇਸ ਕਲਜੁਗ ਵਿਖੇ ਕਲਵਾਲੀ (ਸ਼ਰਾਬ ਦੇ ਚੜ੍ਹਣ ਵਾਲੀ) ਪਾਸੋਂ ਕਾਮਨਾ ਪੂਰਬਕ, ਅਥਵਾ ਕਾਮੀ ਮਨ ਸ਼ਰਾਬ ਪੀਵਣਹਾਰਾ ਹੈ। ਅਰਥਾਤ ਪੀਂਦਾ ਹੈ। ਸੋ ਕਿਸ ਤਰਾਂ? :—

(੧) ਕ੍ਰੋਧ ਕਟੋਰੀ ਮੋਹ ਭਰੀ ਪੀਲਾਵਾ ਅਹੰਕਾਰ।
(੨) ਮਜਲਸ ਕੂੜੇ ਲਬ ਕੀ ਪੀ ਪੀ ਹੋਇ ਖੁਆਰ।
(੩) ਕਰਣੀ ਲਾਹਣ ਸਤ ਗੁੜ੍ਹ ਸਚ ਸ਼ਰਾ ਕਰ ਸਾਰ।
(੪) ਗੁਣ ਮੰਡੇ ਕਰ ਸੀਲ ਘਿਉ ਸ਼ਰਮ ਮਾਸ ਆਹਾਰ।
(੫) ਗੁਰਮੁਖ ਪਾਈਐ ਨਾਨਕਾ ਖਾਧੇ ਜਾਹਿ ਬਿਕਾਰ।
ਮਰਦਾਨਾ:- (੬) ਕਾਇਆਂ ਲਾਹਣ ਆਪ ਮਦ ਮਜਲਸ ਤ੍ਰਿਸ਼ਨਾ ਧਾਤ।
(੭) ਮਨਸਾ ਕਟੋਰੀ ਮਦ ਭਰੀ ਪੀਲਾਏ ਜਮਕਾਲ।
(੮) ਇਤ ਮਦ ਪੀਤੇ ਨਾਨਕਾ ਬਹੁਤੇ ਖਟੀਅੈ ਬਿਕਾਰ।
(੯) ਗਿਆਨ ਗੁੜ੍ਹ ਸਾਲਾਹ ਮੰਡੇ ਭਉ ਮਾਸ ਅਹਾਰ।
(੧੦) ਨਾਨਕ ਇਹ ਭੋਜਨ ਸਚ ਹੈ ਸਚ ਨਾਮ ਅਧਾਰ।
(੧੧) ਕਾਇਆ ਲਾਹਣ ਆਪ ਮਦ ਅੰਮ੍ਰਿਤ ਤਿਸ ਕੀ ਧਾਰ।
(੧੨) ਸਤਸੰਗਤ ਸਿਉਂ ਮਿਲਾਪ ਹੋਇ ਲਿਵ ਕਟੋਰੀ ਅੰਮ੍ਰਿਤ ਭਰੀ
ਪੀ ਪੀ ਕਟਹਿ ਬਿਕਾਰ।

---

(੧) ਕ੍ਰੋਧ ਕਰਕੇ ਲਾਲ ਨੇਤ੍ਰ ... ਨੂੰ ਪਿਆਲੀ ਭਰਪੂਰ ਕਰਕੇ ਸਾਕੀ ਨੇ ਹੰਕਾਰ ਸਮੁੱਚਾ ਪਿਲਾਈ। ਭਾਵ ਇਹ ਕਿ ਪੀਣ ਵੇਲੇ ਝਗੜਾ ਜ਼ਰੂਰ ਹੁੰਦਾ ਹੈ (੨) ਝੂਠਿਆਂ ਅਤੇ ਲਾਲਚੀਆਂ ਦੀ ਸੰਗਤ ਵਿਚ ਬੈਠਕੇ ਘੁੱਟੀ ਮੁੱਟੀ ਪੀਣ ਕੇ ਇਹ ਕਾਮੀ ਮਨ ਖੁਆਰ ਹੁੰਦਾ ਹੈ (੩) ਨਿਸ਼ਕਾਮ ਕਰਮ ਰੂਪੀ ਸ਼ੱਕਰ ਅਤੇ ਜਤ ਸਤ ਰੂਪੀ ਗੁੜ੍ਹ ਨਾਲ ਰਲਿਆ ਸਚ (ਪਰਮੇਸ਼ੁਰ) ਦੀ ਮਸਤੀ ਰੂਪ ਜੋ ਸਰਾ (ਸ਼ਰਾਬ) ਸਾਰ ਚੁਆਇਆ ਹੋਇਆ ਅਤੇ (੪) ਨਾਲ ਖਾਣ ਵਾਸਤੇ ਸ਼ੁਭ ਗੁਣ ਰੂਪੀ ਮੰਡੇ ਕੀਤੇ ਜਾਣ, ਸੀਲ ਸੁਭਾਵ ਰੂਪੀ ਘਿਉ ਕਰਕੇ ਚੋਪੜੇ ਜਾਣ, ਤੇ ਆਪਣੇ ਮੰਦ ਕਰਮਾਂ ਦੀ ਸ਼ਰਮ ਰੂਪੀ ਲੱਜਾ ਸੋਈ ਮਾਸ ਇਸ ਅਹਾਰ ਦੇ ਨਾਲ ਵਰਤੋ (੫) ਇਹ ਸਭ ਕੁਝ ਸਤਗੁਰਾਂ ਦੇ ਮੁਖਾਰਬਿੰਦ ਦੇ ਉਪਦੇਸ਼ ਰੂਪੀ ਪਦਾਰਥ ਦੁਆਰਾ ਪ੍ਰਾਪਤ ਹੁੰਦਾ ਹੈ, ਜਿਸਦੇ ਖਾਣ ਪੀਣ ਨਾਲ ਅਨੇਕ ਪਰਕਾਰ ਦੇ ਬਿਕਾਰ ਦੂਰ ਹੋ ਜਾਂਦੇ ਹਨ (੬) ਇਹ ਦੇਹ ਤਾਂ ਸ਼ਰਾਬ ਪੀਣ ਦੇ ਲਾਹਣ (ਮੱਟ) ਅਰਥਾਤ ਸ਼ਰਾਬ ਦਾ ਪਾਤ੍ਰ ਰੂਪ ਹੀ ਹੋ ਜਾਂਦੀ ਹੈ ਅਤੇ ਆਪ ਦਾ ਆਪ ਬੋਧ ਸਰੂਪੀ ਹੰਕਾਰ ਰੂਪ ਹੋ ਜਾਂਦਾ ਹੈ, ਨਾਲ ਪੀਣ ਖਾਣ ਵਾਲੇ ਮਜਲਸੀ (ਤ੍ਰਿਸ਼ਨਾ ਧਾਤ) ਅਰਥਾਤ ਬਹੁਤੀ ਪੀ ਜਾਂਦੇ ਹਨ, ਬਸ ਨਹੀਂ ਕਰਦੇ (੭) ਕਿਉਂਕਿ ਜਦ ਟੇਵ ਹੋਈ ਤੇ ਸ਼ਰਾਬ ਮੂੰਹ ਲਗੀ ਤਦ ਇਛਾ ਕਟੋਰੀ ਤੇ ਭਰੀ ਸੁਰਾਹੀ ਵਲ ਹੀ ਰਹਿੰਦੀ ਹੈ, ਭਾਵੇਂ ਪੀਤਿਆਂ ਮੌਤ ਦਾ ਹੀ ਪਿਆਲਾ ਪਿਲਾਏ ਪਰ ਤਤਫਾਸ਼ੂ ਪੀਣ ਦੀ ਨਹੀਂ ਰਹਦੀ (੮) ਗੁਰੂ ਨਾਨਕ ਦੇਵ ਜੀ ਕਹਿੰਦੇ ਹਨ, ਇਸ ਸ਼ਰਾਬ ਦੇ ਪੀਣ ਤੇ ਬਹੁਤੇ ਵਿਕਾਰ ਖ਼ਰੀਦੀਦੇ ਹਨ ਸੋ ਇਸਨੂੰ ਛੱਡੋ (੯) ਤੇ ਇਹ ਪੀਓ - ਗਿਆਨ (ਕਿ ਅਸੀਂ ਕੀ ਹਾਂ ਤੇ ਕੀ ਕਰਨ ਆਏ ਹਾਂ) ਦਾ ਗੁੜ੍ਹ, ਪਰਮੇਸ਼ੁਰ ਦੀ ਉਪਮਾ ਕਰਨ ਦੇ ਮੰਡੇ, ਨਿਰੰਕਾਰ ਕਾਲ ਦਾ ਭੈ ਮੰਨਣਾ ਸੋਈ ਮਾਸ ਖਾਣਾ ਸਮਝੋ (੧੦) ਸ੍ਰੀ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ ਕਿ ਇਹ ਭੋਜਨ ਸਚਾ ਹੈ, ਅਰ ਇਸ ਨਾਲ ਪਰਮੇਸਰ ਦੇ ਨਾਮ ਦਾ ਆਧਾਰ ਜਾਂ ਮਨ ਟਿਕਾਇਆ ਜਾਂਦਾ ਹੈ (੧੧) ਜਿਸ ਤਰ੍ਹਾਂ ਕਿਸੇ ਦੂਜੇ ਦੀ ਚੀਜ਼ ਦੀ ਲੋੜ ਨਹੀਂ ਅਪਣੀ ਕ੍ਰਿਆਆਂ ਨੂੰ ਮਿਟੀ ਜਾਣੋ, ਤੇ ਆਪ ਨੂੰ ਸੁੰਨ ਕਰਨਾ ਮਦ ਸਮਝੋ ਪੁਨਹ ਸਰੂਪ ਦੀ ਅਖੰਡ ਇਸ ਬਿਰਤਾ ਵਿਚ ਅੰਮ੍ਰਿਤ ਦਾ ਟਪਕਣਾ ਹੀ ਅਖੰਡ ਧਾਰਾ ਹੈ, ਅਰਥਾਤ ਉਸ ਵਿਚ ਟੁਟਣਾ ਨਹੀਂ। (੧੨) ਇਸ ਸ਼ਰਾਬ ਦੀ ਪ੍ਰਾਪਤੀ ਸਾਧ ਸੰਗਤ ਦੇ ਮਿਲਾਪ ਨਾਲ, ਤੇ ਧਾਰਾ ਵਤ ਨਿਰੰਤਰ ਲਿਵ ਸੋਈ ਕਟੋਰੀ ਅੰਮ੍ਰਿਤ ਕਰਕੇ ਭਰਪੂਰ ਜਿਸ ਨੂੰ ਬਾਰੰਬਾਰ ਜਗਿਆਸੂ ਮਨ ਪੀ ਪੀ ਕੇ ਮਰਨ ਆਦਿਕ ਵਿਕਾਰ ਕਟਦਾ ਹੈ।

Digitized by Panjab Digital Library | www.panjabdigilib.org

(੧) ਗੁੜ ਕਰ ਗਿਆਨ ਧਿਆਨ ਕਰ ਧਾਵੇ ਕਰ ਕਰਣੀ ਕਸ ਪਾਈਐ
(੨) ਭਾਠੀ ਭਵਨ ਪ੍ਰੇਮ ਕਾ ਪੋਚਾ ਇਤ ਰਸੁ ਅਮਿਓ ਚੁਆਈਐ
(੩) ਬਾਬ ਮਨ ਮਤਵਾਰੋ ਨਾਮ ਰਸ ਪੀਵੈ ਸਹਜ ਰੰਗ ਰਚ ਰਹਿਆ।
(੪) ਅਹਿਨਿਸ ਬਨੀ ਪ੍ਰੇਮ ਲਿਵ ਲਾਗੀ ਸ਼ਬਦ ਅਨਾਹਦ ਗਹਿਆ।ਰਹਾਉ।
(੫) ਪੂਰਾ ਸਾਚੁ ਪਿਆਲਾ ਸਹਜੇ ਤਿਸਹ ਪੀਆਏ ਜਾਂ ਕਉ ਨਦਰ ਕਰੇ
(੬) ਅੰਮ੍ਰਿਤ ਕਾ ਵਾਪਾਰੀ ਹੋਵੈ ਕਿਆ ਮਦ ਛੂਛੈ ਭਾਉ ਧਰੇ।
(੭) ਗੁਰ ਕੀ ਸਾਖੀ ਅੰਮ੍ਰਿਤ ਬਾਣੀ ਪੀਵਤ ਹੀ ਪਰਵਾਣ ਭਇਆ।
(੮) ਦਰ ਦਰਸ਼ਨ ਕਾ ਪ੍ਰੀਤਮ ਹੋਵੈ ਮੁਕਤ ਬੈਕੁੰਠੈ ਕਰੈ ਕਿਆ।
(੯) ਸਿਫਤੀ ਰਤਾ ਸਦ ਬੈਰਾਗੀ ਜੂਐ ਜਨਮ ਨ ਹਾਰੈ।
(੧੦) ਕਹੁ ਨਾਨਕ ਸੁਣ ਭਰਥਰਿ ਜੋਗੀ ਖੀਵਾ ਅੰਮ੍ਰਿਤ ਧਾਰੈ।

ਭਾਈ ਸਾਹਬ ਇਸ ਪ੍ਰਕਾਰ ਦੇ ਵਾਕ ਸ੍ਰੀ ਗੁਰੂ ਗ੍ਰੰਥ ਸਾਹਬ ਜੀ ਵਿਚ ਬਹੁਤ ਹਨ, ਜਿਨ੍ਹਾਂ ਵਿਚ ਇਸ ਸ਼ਰਾਬ ਨੂੰ ਨਿੰਦ-ਪਦਾਰਥ ਦਸਦੇ ਹਨ. ਅਰ ਮਹਾਰਾਜ ਉਪਦੇਸ਼ ਦਿੰਦੇ ਹਨ ਕਿ ਸਚੀ ਸ਼ਰਾਬ ਅਰਥਾਤ ਪਰਮੇਸੁਰ ਨਾਲ ਲਿਵ ਲਾਉਣ ਤੇ ਪ੍ਰੇਮ ਕਰਨ ਦੀ ਅਵਿਨਾਸ਼ਤਾਰ ਲਾਓ, ਤੇ ਸਹਜ ਜੋਗ ਕਮਾਓ-

(੧) ਗਿਆਨ (ਅਰਥਾਤ ਆਪ ਨੂੰ ਜਾਣਨਾ) ਰੂਪੀ ਗੁੜ, ਤੇ ਈਸ਼੍ਵਰ ਦੇ ਧਿਆਨ ਕਰਨ ਦੇ ਧਾਵੇ ਦੇ ਫੁਲ ਅਰ ਨਿਸ਼ਕਾਮ ਕਰਣੀ ਰੂਪੀ ਸਕ ਪਾਕੇ (੨) ਸਰੀਰ ਨੂੰ ਭਠੀ ਬਣਾ ਕੇ, ਪਰਮੇਸੁਰ ਦੇ ਪ੍ਰੇਮ ਦਾ ਪੋਚਾ ਦੇਕੇ, ਇਸ ਪ੍ਰਕਾਰ ਅੰਮ੍ਰਿਤ ਰਸ ਚੁਆਈਏ (੩) ਹੇ ਬਾਬਾ ਭਰਥਰੀ ਇਹ ਮਨ ਬੁਧ ਵਾਲਾ ਹੈ, ਨਾਮ ਰੂਪੀ ਰਸ ਹੀ ਪੀਂਦਾ ਹੈ, ਤੇ ਸਹਜ ਜੋਗ ਦੇ ਰੰਗ ਵਿਖੇ ਲੀਨ ਹੋ ਰਿਹਾ ਹੈ (੪) ਦਿਨ ਰਾਤ ਬਨੀ ਹੈ ਇਕ ਰਸ ਬ੍ਰਿਤੀ, ਤਿਸ ਤੇ ਪ੍ਰੇਮ ਦੀ ਲਿਵ ਲਗ ਰਹੀ ਹੈ, ਕਿਉਂਕਿ ਅਨਾਹਤ ਸ਼ਬਦ ਨੂੰ ਬ੍ਰਿਤੀ ਨੇ ਦ੍ਰਿੜ ਕਰਕੇ ਪਕੜਿਆ ਹੈ (੫) ਪੂਰਣ ਪਰਮੇਸੁਰ ਇਹ ਸਹਜ ਜੋਗ ਦਾ ਪਿਆਲਾ ਉਸ ਨੂੰ ਪਿਲਾਉਂਦਾ ਹੈ ਜਿਸ ਪੁਰ ਕ੍ਰਿਪਾ ਦ੍ਰਿਸ਼੍ਟੀ ਕਰਦਾ ਹੈ (੬) ਜੋ ਮਹਾਤਮਾ ਇਸ ਅੰਮ੍ਰਿਤ ਦਾ ਖਰੀਦਣ ਵਾਲਾ ਹੋਵੇ ਉਹ ਇਸ ਝੂਠੀ ਸ਼ਰਾਬ ਨਾਲ ਕਦ ਪ੍ਰੇਮ ਕਰਦਾ ਹੈ। (੭) (ਪ੍ਰਸ਼ਨ ਇਸ ਵਿਖੇ ਕੋਈ ਪ੍ਰਮਾਣ ਭੀ ਹੈ? ਉਤਰ ਹਾਂ) ਸਤਗੁਰੂ ਦੀ ਗਵਾਹੀ ਹੈ, ਕਿਉਂਕਿ ਗੁਰ ਉਪਦੇਸ਼ ਅੰਮ੍ਰਿਤ ਰੂਪੀ ਬਾਣੀ ਪੀਂਦਿਆਂ ਹੀ ਪ੍ਰਵਾਣ ਹੋ ਜਾਂਦਾ ਹੈ (੮) ਜੋ ਮਹਾਤਮਾ ਅਕਾਲ ਪੁਰਖ ਦੇ ਦਰਵਾਜੇ ਤੇ ਦਰਸ਼ਨ ਦਾ ਪ੍ਰੇਮੀ ਹੋਵੇ, ਉਹ ਮੁਕਤ ਤੇ ਬੈਕੁੰਠ ਦੀ ਕੀ ਪ੍ਰਵਾਹ ਰਖਦਾ ਹੈ (ਅਥਾ: ਮੁਕਤ ਬਪੁਰੀ ਭੀ ਗਿਆਨੀ ਤਿਆਗੇ।) (੯) ਜੋ ਹਰਿ ਦੀਆਂ ਸਿਫਤਾਂ ਵਿਚ ਰਤਾ ਹੈ ਹਰ ਵੇਲੇ, ਸੰਸਾਰ ਤੋਂ ਬੈਰਾਗੀ ਹੈ। ਇਸ ਫੋਕੀ ਸਰਾਬ ਦੇ ਮੂੰਹ ਜੂਐ ਵਿਚ ਕਦ ਜਨਮ ਹਾਰਦਾ ਹੈ (੧੦) ਸ੍ਰੀ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ, ਹੇ ਭਰਥਰ ਤੂੰ ਸੁਣ, ਜੋਗੀ ਉਹੀ ਹੈ, ਜੋ ਪੂਰਬੋਕਤ ਅਖੰਡ ਸਹਜ ਜੋਗ ਰੂਪੀ ਅੰਮ੍ਰਿਤ ਦੀ ਧਾਰਾ ਵਿਖੇ ਮਸਤ ਰਹਿੰਦਾ ਹੈ। ਝੂਠੀ ਸ਼ਰਾਬ ਵਿਚ ਨਹੀਂ ਰੁਝਦਾ।

Digitized by Panjab Digital Library | www.panjabdigilib.org

ਜਿਹਾਕੁ:—

ਕਾਇਆਂ ਕਲਾਲ ਨ ਲਾਹਨ ਮੇਲਹੁ ਗੁਰ ਕਾ ਸਬਦ ਗੁੜ ਕੀਨ ਰੇ।
ਤ੍ਰਿਸ਼ਨਾ ਕਾਮ ਕ੍ਰੋਧ ਮਦ ਮਤਸਰ ਕਾਟ ਕਾਟ ਕਸ ਦੀਨ ਰੇ

ਰਾਮਕਲੀ ਕਬੀਰ ਜੀ

ਪੁਨਃ

ਗੁੜ ਕਰ ਗਿਆਨ ਧਿਆਨ ਕਰ ਮਹੂਆ ਭਉ ਭਾਠੀ ਮਨ ਧਾਰਾ
ਸੁਖਮਨ ਨਾਰੀ ਸਹਜ ਸਮਾਨੀ ਪੀਵੈ ਪੀਵਨ ਹਾਰਾ।

। ਰਾਮਕਲੀ ਕਬੀਰ ਜੀ।

ਪੁਨਃ

ਰੀ ਕੁਲਵਾਰ ਗਵਾਰ ਮੂਤ੍ਰ ਮਤ ਉਲਟੋ ਪਵਨ ਫਿਰਾਵੌ
ਮਨ ਮਤਵਾਰ ਮੇਰ ਸਰ ਭਾਠੀ ਅੰਮ੍ਰਿਤ ਧਾਰ ਚੁਆਵਉ।

ਕੇਦਾਰਾ ਕਬੀਰ ਜੀ ।

ਆਦਿਕ।

ਇਨਾਂ ਸਭਨਾਂ ਪ੍ਰਮਾਣਾਂ ਥੀਂ ਸਿਧ ਹੈ ਕਿ ਖਾਲਸਾ ਧਰਮ ਵਿਚ ਸ਼ਰਾਬ ਪ੍ਰਮਾਣੀਕ ਨਹੀ; ਸਗੋਂ ਸਾਰੇ ਨਸ਼ਿਆਂ ਸਮੇਤ ਵਰਜੀ ਗਈ ਹੈ। ਆਦ ਸਾਹਬਾਂ ਥੋਂ ਲੈਕੇ ਦਸਮ ਤਕ ਕਿਸੇ ਮਹਾਰਾਜ ਨੈ ਇਨਾਂ ਦੀ ਆਗਿਆ ਨਹੀ ਦਿੱਤੀ ਉਨਾਂ ਦਾ ਸਤ ਉਪਦੇਸ਼ ਇਹੀ ਹੈ ਕਿ ਪ੍ਰੇਮ ਦੇ ਨਸ਼ੇ ਦੀ ਭਾਲ ਕਰੋ, ਪਰੰਤ ਇਨਾਂ ਝੂਠਿਆਂ ਨਸ਼ਿਆਂ ਥੋਂ ਜੋ ਦੀਨ ਦੁਨੀਆਂ ਕਿਸੇ ਜੋਗ੍ਯਾ ਨਾ ਛਡਣ ਬਚੋ।

ਹਿੰਦੂ ਮਤ ਵਿਚ ਇਸ ਦੀ ਰੋਕ ਦਾ ਹਾਲ ਦਸ ਆਏ ਹਾਂ, ਤੇ ਮੁਸਲਮਾਨਾਂ ਦੇ ਮਤ ਵਿਖੇ ਕੁਲ ਨਸ਼ੇ ਹਰਾਮ ਲਿਖੇ ਹਨ। ਈਸਾਈਆਂ ਵਿਚ ਇਸ ਦੀ ਆਗਿਆ ਨਹੀ ਹੈ। ਗਲ ਕੀ ਦੁਨੀਆਂ ਦਾ ਕੋਈ ਸੇਸ਼੍ਟ ਮਤ ਇਸ ਨੂੰ ਸ੍ਵੀਕਾਰ ਕਰਨ ਦੀ ਆਗਿਆ ਨਹੀ ਦਿੰਦਾ। ਸਭ ਤੇ ਵਰਜਦੇ ਹਨ। ਵੇਦੋਂਹੋ ਕਹ ਕੇ ਆਪਦੇ ਪ੍ਰਸ਼ਨ ਦੇ ਉਤਰ ਨੂੰ ਮੁਕਾਉਂਦੇ ਹਾਂ।

(੧)ਹਮ ਨਿੰਦਕ ਨਿੰਦਤ ਨਹੀ ਸਤਾ ਸਤ ਬਿਬੇਕ ;
(੨)ਲਾਗੀ ਰੰਗ ਲਚੂ ਰੰਗ ਲਸੀ ਭਾਂਟ ਸੁਧ ਸਿਧ ਏਕ।
(੩)ਸਕੂਰ ਪੂਜੈ ਸਕ੍ਰੂਰੈ ਸ਼ਕਤੀ ਪੀਏ ਮਦ ;
(੪)ਤੁਮ ਛੈਰੋਂ ਸ਼ਕਤੀ ਨਹੀ ਬਾਮੀ ਨਹਿੰ ਕਿਉਂ ਅਦ।

## ਛੀਏਂ ਪ੍ਰਸ਼ਨ ਦਾ ਉੱਤਰ।

ਸਿਖ ਸਾਹਬ ਜੀ ਨੇ ਛੀਏਂ ਫਲ ਪਰਤ ਕੇ ਕਿਹਾ, ਕਿ ਕਿਉਂ ਮਹਾਰਾਜ ਜੀ ਇਹ ਸੈਂਆ ਬੀਰਬਰ ਦਾ ਜੋ ਆਪ ਨੇ ਪੜ੍ਹਿਆ ਹੈ, ਕੀ ਆਪ ਨੂੰ ਇਸ ਦਾ ਕੁਝ ਹੋਰ ਬੀ ਹਾਲ ਮਲੂਮ ਹੈ? ਉੱਤਰ ਦਿਤਾ ਕਿ ਨਹੀ ਜੀ। ਸਿਖ ਸਾਹਬ ਜੀ ਆਖਣ ਲਗੇ, ਕਿ ਇਕ ਦਿਨ ਬਹਾਦਰ ਸ਼ਾਹ ਦੀ ਕਚਹਰੀ ਵਿਚ ਇਹੋ ਪ੍ਰਸੰਗ ਚਲਿਆ, ਤੇ ਇਹੀ ਆਪ ਦਾ ਤੋਤੇ, ਸ਼ੇਰ, ਹਾਥੀ ਤੇ ਖੋਤੇ ਦਾ ਸੈਂਆ ਪੜ੍ਹਿਆ ਗਿਆ, ਉਸ ਵੇਲੇ ਇਕ ਅਬਦੁਲ ਰਹਮਾਨ ਨਾਮੇ ਮਨਸਬਦਾਰ ਨੇ ਜੋ ਕਵੀ ਬੀ ਸੀ ਇਸ ਦਾ ਇਹ ਉੱਤਰ ਦਿਤਾ।

ਦੋ: (੫)ਪੀਏ ਸਰਾਬ ਜੋ ਜਗਤ ਮੈ ਅੰਤ ਹੋਇ ਖਰਾਬ
(੬)ਕਾਟੈ ਛੋਰੈ ਸ੍ਵਾਨ ਜਿਉਂ ਭੂ ਪਰ ਗਿਰੈ ਸ਼ਿਤਾਬ।

ਕ: (੭)ਛਕੈ ਹੋਏ ਅਵਧੂਤ ਆਪ ਕਿ ਲਗਾਏ ਭੂਤ,
(੮)ਰਹਮਾਨ ਨੈਕ ਹੂੰ ਨ ਧਸੈ ਵੈਲ ਫਾਂਟੇ ਸੇ।
(੯)ਕਾਹੂੰ ਕੇ ਪਰਤ ਪਾਇ ਕਾਹੂੰ ਸੇ ਅਰਤ ਆਇ,
(੧੦)ਭੂਸ ਕੇ ਰਹੈ ਸੁਭਾਉ ਡਰੈ ਨਾਹਿ ਡਾਂਟੇ ਸੇ।

(੧) ਅਸੀਂ ਨਿੰਦਕ ਹਾਂ ਤੇ ਨਹੀਂ ਨਿੰਦਾ ਕਰਦੇ ਹਾਂ, ਕੇਵਲ ਸੱਚ ਝੂਠ ਨਿਤਾਰਦੇ ਹਾਂ (੨) ਸ਼ਰਾਬ [illegible] ਮਗਰ [illegible] ਗੀ [illegible] ਨਹੀਂ, ਇਸ ਤੋਂ ਬਾਦ [illegible] ਪੀ ਕਿ [illegible] (੩) ਸਾਕੁਰ ਸਰਾਬ [illegible] ਪੂਜਦਾ ਹੈ, ਸਕ੍ਰੂ ਤੇ ਛੈਰੋਂ ਸ਼ਰਾਬ ਪੀ [illegible] (੪) ਤੁਸਾਂ ਨਾ ਛੈਰੋਂ [illegible] ਪੀਂਦੇ ਹੋ (੫) ਪੀਂਦਾ ਹੈ ਜੋ ਜਗਤ ਵਿਚ ਸ਼ਰਾਬ ਅੰਤ ਨੂੰ ਹੁੰਦਾ ਹੈ ਖਰਾਬ (੬) [illegible] ਤੇ ਧਰਤੀ ਪਰ [illegible] (੭) ਪੀ ਕੇ ਹੁੰਦਾ ਹੈ ਪਾਗਲ ਮਾਨੋ ਆਪ ਨੂੰ [illegible] (੮) [illegible] ਨਹੀਂ [illegible] (੯) ਕਿਸੇ ਦੇ ਪੈਰੀਂ ਪੈਂਦਾ ਹੈ ਤੇ ਕਿਸੇ [illegible] (੧੦) [illegible] ਸੁਭਾਉ ਗ੍ਰਹਣ ਕਰਦਾ ਹੈ, ਤੇ ਧਮਕਾਯਾਂ ਡਰਦਾ ਬੀ ਨਹੀਂ।

Digitized by Panjab Digital Library | www.panjabdigilib.org

ਕੋਊ ਦੇਤ ਸੀਖ ਵਾਂ ਕੋ ਗਾਰੀ ਦੇਤ ਖੁਰੀ ਤਾ ਕੋ,
ਛੂਟੇ ਨਾ ਕਠੋਰਤਾ ਕੇ ਹ੍ਵੈ ਗੁਲਾਮ ਫਾਟੇ ਸੇ।
ਪੀਏ ਜੋ ਸਰਾਬ ਅੰਤ ਹੋਤ ਤੇ ਖਰਾਬ,
ਗਿਰੈ ਭੂਮ ਪੈ ਤੇ ਗਾਬ ਥੈਰੇ ਕੂਕਰ ਕੇ ਕਾਟੇ ਸੇ।

ਤੁਸੀਂ ਆਪ ਸੋਚ ਸਮਝ ਕਰ ਲਓ ਕਿ ਨਿਕਾ ਜਿਹਾ ਕੁਰੀੜੀ ਆ ਸਪੜੇਗੀ ਤੇ ਵਿਹੁ ਨਾ ਚੜ੍ਹੇ, ਕਾਂਜੀ ਦੀ ਛਿਟ ਪਵੇ ਤੇ ਦੁਧ ਨਾ ਫਿਟੇ, ਚਿਣਗਾਰੀ ਪਵੇ ਤੇ ਘਾਹ ਨਾ ਸੜੇ? ਇਹੋ ਜਿਹੇ ਪ੍ਰਤੱਖ ਪ੍ਰਮਾਣਾਂ ਨੂੰ ਦੇਖ ਸੁਣ ਕੇ ਭੀ ਸ਼ਰਾਬ ਦੀ ਮਿਤ ਪ੍ਰਮਾਣ ਕਹਿੰਦੇ ਹੋ ਦੂਢਾ ਹੇਠ ਜੀਭ ਨਹੀਂ ਘੁਟਦੇ। ਇਸ ਸ਼ਰਾਬ ਖ਼ਾਨਾ ਖ਼ਰਾਬ ਦੀ ਟੇਟ ਸੇ ਭੁਲਣ ਵਾਲਾ ਕੌਣ ਜੀਆ ਹੈ, ਜੋ ਟੇਟ ਫੇਲੇ ਬੇਮਿਤ ਨ ਪੀਏ ਰੋਤੇ ਰਖੇ, ਜੋ ਮਿਤ ਮਾਤ੍ਰਾ ਕਰਕੇ ਪੀਤੀ ਤਾਂ ਸ਼ਰਾਬ ਹੀ ਨਹੀਂ ਪੀਤੀ ਝੂਠ ਹੈ ਏਵੇਂ ਗਪ ਹੈ। ਏਥੇ ਤੂਬੀ ਮੂੰਹ ਲਗੀ ਬਸ ਆਬਰ ਪਲਣੇ ਸੀਊਣੇ ਗਏ, ਆਊਦਿਆਂ ਤਕ ਘਟੇ ਵਿਚ ਲੇਟ ਗਏ। ਹੁਣ ਤੋਤਾ ਸ਼ੇਰ ਹਾਥੀ ਆਏ ਤਾ ਸਹੀ, ਪਰ ਟੇਟ ਦੇ ਟੀਟਣੇ ਤੇ ਆਜਿਹੇ ਡਰ ਕੇ ਨਸੇ ਕਿ ਲੁਕਣ ਕਿਥੇ, ਸ਼ਰਾਬੀ ਦੇ ਅੰਦਰ ਤਾਂ ਬਿਨਾ ਸ਼ਰਾਬ ਦੇ ਹੋਰ ਕੋਈ ਹਨੇਰੇ ਵਾਲੀ ਥਾਂ ਹੀ ਨਹੀਂ।

ਜ਼ਰਾ ਸੋਚੋ ਸ਼ਰਾਬ ਦੀ ਵਡਿਆਈ ਬਿਨਾ ਬਹੁਤੀ ਪੀਣ ਦੇ ਹੋਰ ਹੈ ਕੀ? ਅਤੀ ਸਰਬਤ੍ਰ ਵਰਜਨੀ ਅਹੈ, ਬਸ ਮਿਤ ਮਾਤ੍ਰਾ ਤੇ ਸ਼ਰਾਬ ਨਾ ਹੋਈ ਕੋਈ ਮੇਖੇਂ ਲਤੇਹਿਆ। ਖੋਤਾ ਆਪਣੇ ਥਕੇਵੇਂ ਲਾਹੁਣ ਵਾਸਤੇ ਘਟੇ ਵਿਚ ਲੇਟਦਾ ਹੈ, ਕੋਈ ਬੇਸੁਧ ਤਾਂ ਨਹੀਂ ਹੁੰਦਾ, ਪਰ ਏਥੇ ਸ਼ਰਾਬ ਸਰਬੇਸੁਰੀ ਦੀ ਕ੍ਰਿਪਾ ਨਾਲ ਅ

(੧) ਜੇ ਕੋਈ ਸ਼ਰਾਬੀ ਨੂੰ ਸਿਖਿਆ ਦੇਵੇ ਤਾਂ ਉਸ ਨੂੰ ਬਹੁਤ ਬੁਰੀਆਂ ੨ ਗਾਲਾਂ ਦਿੰਦਾ ਹੈ। (੨) ਪਿਆਰ ਅਤੇ ਸਿਖਿਆਂ ਨਾਲ ਤਾਂ ਕਠੋਰਤਾ ਨਹੀਂ ਛਡਦਾ ਪਰ ਜੁੱਤੀਆਂ ਨਾਲ ਨੌਕਰ ਦਾਸ ਹੋ ਜਾਂਦਾ ਹੈ। (੩) ਪੀਂਦਾ ਹੈ ਜੋ ਪੁਰਖ ਅੰਤ ਨੂੰ ਹੋ ਜਾਂਦਾ ਖਰਾਬ (੪) ਡਿਗਦਾ ਹੈ ਪ੍ਰਿਥਵੀ ਤੇ ਡਾਟ ਦੀਆਂ ਖਾਂਦੇ [illegible] ਰਲਕਾ ਹੈ ਅਕੁਤਾ, ਬਦੀ ਡਿਗਦਾ ਫਿਰਦਾ [illegible] ਤੇ ਤੜਫਦਾ ਅੰਤ ਕੁਮੌਤੇ ਮਰਦਾ ਹੈ।

ਜਿਹਾ ਬੇਸੁਧ ਹੁੰਦਾ ਹੈ, ਕਿ ਭਾਵੇਂ ਇਸ ਦੇ ਉੱਤੇ ਬੈਠੇ ਛੇਰ ਰਜਾਣ ਪਰ ਸ਼ਰਾਬੀ ਨੂੰ ਕੋਈ ਖਬਰ ਨਹੀ।

ਫੇਰ ਆਪ ਨੇ ਕਿਹਾ ਸੀ ਕਿ "ਇਹ ਦਾਰੂ ਹੈ ਅਸੀ ਦਾਰੂ ਜਾਣਕੇ ਪੀਂਦੇ ਹਾਂ" ਜੇ ਕਰ ਆਪ ਦਾ ਦਾਰੂ ਥੋਂ ਭਾਵ ਪਰਖ ਬਰੂਤ ਹੈ, ਤਾਂ ਨਿਰੇ ਦੋਹ ਆਪ ਮੂਰਖ ਹੋ, ਕੋਈ ਤੁਸੀ ਤੋਪ ਬੰਦੂਕ ਨਹੀਂ ਜੋ ਬਾਰੂਤ ਤੁਹਾਡੇ ਵਿਚ ਭਰਿਆਂ ਜੰਗ ਵਿਚ ਕੰਮ ਆਓ, ਮਤਾਬੀ ਅਨਾਰ ਨਹੀਂ ਹੋ, ਜੋ ਵਿਆਹ ਵਿਚ ਤੁਹਾਡੀ ਬਦੌਲਤ ਕੁੜਮਾਂ ਦਾ ਬੂਹਾ ਹੀ ਸੁਹਣਾ ਹੋਵੇ। ਭਲਾ ਜੇਕਰ ਆਪ ਦਾ ਮਤਲਬ ਦਾਰੂ ਥੋਂ ਦਵਾ ਦਾ ਹੈ, ਤਾਂ ਬੀ ਆਪ ਉਲ੍ਟੇ ਬਾਧਾ ਆਦਮ ਹੋ। ਕਿਉਂ ਕਿ ਆਪ ਨੂੰ ਕੋਈ ਰੋਗ ਨਹੀ, ਚੰਗੇ ਭਲੇ ਹਟੇ ਕਟੇ ਹੋ। ਨਾ ਕਿਸੇ ਡਾਕਟਰ ਹਕੀਮ ਨੇ ਤੁਹਾਨੂੰ ਸ਼ਰਾਬ ਦਾ ਨੁਸਖਾ ਲਿਖ ਦਿੱਤਾ ਹੈ। ਫੇਰ ਆਪ ਕਿਉਂ ਪੀਂਦੇ ਹੋ ਕਦੀ ਕੁਨੀਨ ਇਸ ਤਰਾਂ ਖਾਧੀ ਜੇ ਜਾਂ ਗੁਲਕੰਦ ਤੇ ਬਰਫ਼ ਨਾਲ ਰੋਟੀ ਖਾਧੀ ਜੇ। ਕਦੀ ਅਰਕ ਮੁਕੋ ਪਾਣੀ ਦੀ ਥਾਂ ਵਰਤਿਆ ਜੇ, ਜੇ ਉਨ੍ਹਾਂ ਦਵਾਈਆਂ ਨੂੰ ਅਰੋਗਤਾ ਵਿਚ ਕਦੀ ਨਹੀ ਖਾਧਾ ਪੀਤਾ ਤਾਂ ਸ਼ਰਾਬ ਕਿਉਂ ਪੀਂਦੇ ਹੋ। ਤੁਸੀਂ ਨਹੀ ਜਾਣਦੇ ਕਿ ਬਿਨਾ ਰੋਗ ਦੇ ਦਵਾ ਖਾਧੀ ਹੋਈ ਰੋਗ ਉਪਜਾਂਉਂਦੀ ਹੈ। ਅਫਸੋਸ ਤੇ ਪੈਸੇ ਖਰਚ ਕੇ ਸਿਰ ਪੀੜ ਨਾ ਸਹੇੜੋ

## ਸਤਵੇਂ ਸ਼ਰਾਬੀ ਨੂੰ ਪ੍ਰਸ਼ਨ ਦਾ ਉੱਤਰ।

ਸਿੰਘ ਸਾਹਬ ਜੀ ਨੇ ਸਤਵੇਂ ਨੂੰ ਕਹਣਾ ਅਰੰਭ ਕੀਤਾ:—

ਆਪ ਦੀ ਸਿਮਤੀ ਥੋੜੇ ਨਾਲ ਰਕਦੀ ਮਿਲਦੀ ਹੈ। ਉਨ੍ਹਾਂ ਨੇ ਤਾਂ ਕੇਵਲ ਇਸ ਦਾ ਨਾਉਂ ਹੀ ਦਾਰੂ ਕੀਤਾ ਪਰ ਤੁਸਾਂ ਵਰਤਕੇ

ਓਹ ਫਕਰੇ ਜਲਾਏ ਹਨ, ਕਿ ਸਾਡੇ ਮੋਟੇ ਭੁਲੇ ਮਾਨਸ ਨੂੰ ਤਾਂ
ਐਵੇਂ ਹੀ ਫਸਾ ਲਓ। ਅਸੀ ਪਿਛੇ ਕਹ ਆਏ ਹਾਂ ਕਿ ਅੱਗ
ਦੀ ਚਿੰਗਾਰੀ ਭਾਵੇਂ ਕਿਤਨੀ ਹੀ ਛੋਟੀ ਹੋਵੇ, ਪਰ ਸਾੜਨੋਂ ਕਦੀ ਨਾ ਟ-
ਲੇਗੀ। ਇਕੁਰ ਹੀ ਸ਼ਰਾਬ ਪਾਣੀ ਦੀ ਅੱਗ ਹੈ, ਭਾਵੇਂ ਥੋੜੀ ਪੀਓ
ਭਾਵੇਂ ਬਹੁਤ, ਪਰ ਜਿਹੜਾ ਪਿਤ੍ਰਾਸਾ, ਆਮਾਸਾ, ਮੂੰਤ੍ਰਾਸ; ਮ-
ਲਾਸਾ, ਮੱਜਾ ਤੇ ਬੀਰਜ ਆਦਿਕ ਨੂੰ ਦਗਧ ਕਰਨਾ ਇਸ ਦਾ
ਧਰਮ ਹੈ, ਸੋ ਕਰੂ। ਇਸ ਪੁਰ ਸ਼ਰਾਬੀ ਨੇ ਸ਼ੰਕਾ ਕੀਤੀ
ਕਿ ਜਦ ਸ਼ਰਾਬ ਅੱਗ ਹੈ, ਅਰ ਅਗ ਸਦਾ ਸਾੜਦੀ ਹੈ
ਫੇਰ ਬਾਜ਼ੀਆਂ ਬੀਮਾਰੀਆਂ ਵਿਚ ਹਕੀਮ ਲੋਕ ਕਿਉਂ
ਦਿੰਦੇ ਹਨ, ਕਦੀ ਕਿਸੇ ਰੋਗ ਵਿਚ ਅੱਗ ਬੀ ਫਕਾਉਂਦੇ ਹਨ।
ਉਤਰ ਦਿਤਾ, ਕਿ ਆਪ ਹਕੀਮਾਂ ਡਾਕਟ੍ਰਾਂ ਪੁਰ ਸ਼ੰਕਾ ਨਹੀਂ
ਕਰ ਸਕਦੇ ਕਿਉਂਕਿ ਓਹ ਆਪਣੀ ਬੁਧ ਅਨੁਸਾਰ, ਸੀ-
ਧੀਏ ਤੇ ਬੁਝਣੇ ਨਾਲੋਂ ਬੀ ਤਿਖੇ ਜ਼ਹਰਾਂ ਥੋਂ ਫੈਦਾ ਲੈਂਦੇ ਹ-
ਨ, ਇਥੋਂ ਤਕ ਕਿ ਬਾਜ਼ੇ ਵੇਲੇ ਅਗ ਥੋਂ ਬੀ ਕੰਮ ਲੈਂਦੇ ਹਨ,
ਜਿਹਾ ਸਪ ਡੰਗੀਆਂ ਨੂੰ ਸਾੜ ਸੁਟਣਾ, ਗੁਲ ਲਾਉਣੇ
ਕੁਜੇ ਲਾਉਣ ਆਦਿਕ।

ਫੇਰ ਆਪ ਕਹਿੰਦੇ ਹੋ. ਕਿ ਪਿਆਲਾ ਹਥੋਂ ਰਖ ਦਿਤਾ
ਓਹ ਕਿਹੜਾ ਬਹਾਦਰ ਹੈ, ਜੋ ਸਰੂਰ ਆਏ ਤੇ ਪਿਆਲਾ ਹਥੋਂ ਰ-
ਖ ਦੇਵੇ? ਕੀ ਸ਼ਰਾਬ ਵਿਚੋਂ ਟੋਟ ਦਾ ਗੁਣ ਨਾਸ ਹੋ ਗਿਆ ਹੈ?
ਕਦੀ ਨਹੀ ਕਦੀ ਨਹੀ। ਕਿਉਂ ਕਿ ਸ਼ਰਾਬੋਂ ਸਰੂਰ, ਸਰੂਰੋਂ ਅ-
ਮਲ, ਅਮਲੋਂ ਟੋਟ, ਟੋਟੋਂ ਸ਼ਰਾਬ ਪੀਣੀ ਅਵਸ਼ਯ, ਬਸ ਫੇ-
ਰ ਹੋ ਚੁਕਾ। ਜੋ ਸ਼ਰਾਬ ਪੀਵੇ ਓਹ ਭਲਾ ਮਾਨਸ? ਜਿਹਾ ਚੋਰ
ਲਖਦਾ ਜਿਹਾ ਕੱਖਦਾ। ਪਹਲੇ ਮੂਰਖਤਾ ਨੇ ਸ਼ਰਾਬ ਆਂਦੀ

Digitized by Panjab Digital Library | www.panjabdigilib.org

ਜਦ ਸਰਾਬ ਆਈ ਤਾਂ ਭਲ ਮਣਸਾਈ ਖੰਭ ਲਾਕੇ ਉਡ ਗਈ
ਜਾਂ ਪੀਤੀ ਤਾਂ ਪਰਮੇਸੁਰ ਦੀ ਬਖਸ਼ੀ ਹੋਈ ਅਮੋਲਕ ਚੀਜ ਅ-
ਕਲ ਪੜਾ ਵਾਚ ਗਈ

ਦਾਨਾ ਪੀ ਨਾਦਾਨ ਹੋਇ ਸੌਗਾਤ ਬੁਰੀ ਸ਼ਰਾਬ
ਹੋਸ਼ ਖੋਟਾ ਮਿਲਤ ਨਹਿ ਪਾਗਲ ਮੌਤ ਖਰਾਬ-

ਸਮੁੰਦ੍ਰ ਪੀ ਕੇ ਮੁਛਾਂ ਸੁਕੀਆਂ ਜੋ ਆਪਨੇ ਕਿਹਾ ਹੈ ਸੋ ਇਕ ਸਚ ਮੁਚ ਪੋਸਤੀਆਂ ਵਾਲੀ ਗਪ ਲਾਈ ਹੈ, ਇਕ ਪਾ ਭਰ ਪੀਕੇ ਤਾਂ ਉਹ ਦੁਰਗਤ ਹੁੰਦੀ ਹੈ, ਕਿ ਕੁਪ ਹੀ ਭਲੀ। ਇਸ ਤਿਨੰ ਮਣਾਂ ਦੀ ਦੇਹੀ ਵਿਚ ਸਮੁੰਦ੍ਰ ਗਰਕ। ਹਨੇਰ ਹੈ ਕਿ ਨਹੀ! ਪੀਏ ਤੇ ਫੇਰ ਨਸ਼ਰ ਨਾ ਹੋਵੇ? ਉਹ ਸ਼ਰਾਬ ਕਾਹਦੀ ਜੋ ਪੀਤੀ ਹੋਈ ਲੁਕੀ ਰਹੀ: —

ਚੋਰੀ ਛਪੀ ਜੇ ਕਿਤੇ ਪੀਤੀ ਤਾਂ ਕੀ ਸ੍ਵਾਦ।
ਗਿਣਤੀ ਵਿਚ ਨ ਪਅਕ ਨੂੰ ਸਗਮਾਂ ਪਤ ਬਰਬਾਦ

ਸਾਡੀ ਸਮਝ ਵਿਚ ਤਾਂ ਨਾ ਪੀਣ ਵਾਲੇ ਮੂਰਖ ਪੀਣ ਵਾਲੇ ਬੁਧਮਾਨਾਂ ਥੋਂ ਚੰਗੇ ਹਨ।

ਫਿਰ ਆਪ ਨੇ ਕਿਹਾ ਸੀ ਕਿ "ਵੈਦ ਮਤ ਵਾਲਿਆਂ ਨੇ ਇਸ ਦੀ ਜੁਗਤ ਲਿਖੀ ਹੈ", ਇਸਦਾ ਭਾਵ ਇਹ ਨਹੀ ਹੈਗਾ ਕਿ ਸਵੇਰੇ ਉਠੇ ਸਾਢੇ ਤਿਨ ਤੋਲੇ ਪੀ ਲਈ, ਸੰਝ ਹੋਈ ਚੌਦਾਂ ਤੋਲੇ ਪੀ ਲਈ, ਰੋਟੀ ਖਾਣ ਲਗੇ ਪੀ ਲਈ, ਸੌਣ ਲਗੇ ਪੀ ਲਈ। ਇਸਦਾ ਭਾਵ ਸ਼ਰਾਬੀ ਜੀ ਲਈ ਨਹੀ, ਇਹ ਦਵ ਸ਼ਰਾਬ ਦੇ ਕਿਸੇ ਖਾਸ ਵਰਤਾਉ ਲਈ, ਕਿਸੇ ਰੋਗ ਵਿਚ ਯੁਕ੍ਤੀ ਦਸੀ ਹੈ, ਅਤੇ ਉਹ ਸ਼ਰਾਬ ਭੀ ਇਹ ਕਿਸਮ ਦਾ ਬੂਤ ਨਹੀ ਹੋਣੀ। ਲੂਜੇ ਰੀਵਾ ਰਾਮ ਅੜੀ ਜੀ

ਦੇ ਇਸਦੇ ਗੀਬ ਕਰਤਾ, ਜਿਸਨੈਂ ਕਦੀ ਹਬਲਾਕੇ. ਸ਼ਰਾ-
ਬ ਨਾ ਡਿਠੀ ਹੋਊ, ਕੀ ਜਾਣੇ ਸ਼ਰਾਬ ਕਿਸ ਬਲਾ ਨੂੰ ਕਹਿੰਦੇ ਹਨ
ਇਸ ਪੁਰ ਆਪ ਜੈਸੇ ਬੈਦ ਧਾਰੁਣੀ ਜੀ ਮਹਾਰਾਜ, ਜਿਨਾਂ
ਦੀ ਉਪਮਾ ਵਿਚ ਇਹ ਕਿਹਾ ਹੈ:—

| | |
|---|---|
| ਹੇ ਵੈਦਅਰਾਜ ਤੈਨੂੰ ਮਥਾ ਟੇਕਦਾ ਹਾਂ ਤੂੰ ਤੇ | ਵੈਦ੍ਯਰਾਜ ਨਮਾ: ਸਤੁਭ੍ਯੰ |
| ਯਮਰਾਜ ਦਾ ਬੀ ਵਡਾ ਭਿਰਾਉ ਹੈਂ। | ਯਮਰਾਜ ਸਹੋਦਰ: |
| ਕਿਉਂਕਿ ਯਮਰਾਜ ਤਾਂ ਕੇਵਲ ਪ੍ਰਾਣ ਲੈਂ- | ਯਮਸ੍ਤੁ ਹਰਤਿ ਪ੍ਰਾਣਾ: |
| ਦਾ ਹੈ, ਪਰੰਤੂ ਧਨ ਸਮੇਤ ਪ੍ਰਾਣ ਲੈਂਦਾ ਹੈ। | ਵੈਦ੍ਯਾ: ਪ੍ਰਾਣਾ ਧਨੈਸਹ। |

ਸੋ ਭਾਈ ਸਾਹਬ ਜੋ ਕੁਛ ਆਪਨੇ ਸਮਝਿਆ ਅਸੱਤ
ਹੈ। ਦੇਖੋ ਇਸਦਾ ਭਾਵ ਮੇਘਰਾਜ ਜੀ ਮੁਨਿ ਪੂਜ ਲਿਖਦੇ
ਹਨ।

| | |
|---|---|
| ਬਿਖ ਮੈਂ ਜੋ ਔਗਣ ਹੈਂ ਜੇਤੇ | ਜ਼ਹਰ ਵਿਚ ਜਿਤਨੇ ਔਗਣ ਹ- |
| ਮਦ੍ਯ ਮਾਂਹ ਜਾਨੋ ਸੇ ਤੇਤੇ। | ਨ, ਓਹੋ ਹੀ ਸ਼ਰਾਬ ਵਿਚ ਜਾਣੋ |
| ਅਤਿ ਸ਼ਰਾਬ ਪੀਵਤ ਜੋ ਕੋਈ | ਬਹੁਤੀ ਸ਼ਰਾਬ ਪੀਂਦਾ ਹੈ ਜੋ ਕੋ- |
| ਤਾਂ ਤੇ ਰੋਗ ਮਦਾਤ੍ਯ ਹੋਈ। | ਈ, ਉਸਨੂੰ ਮਦਾਤ੍ਯ ਰੋਗ ਹੁੰਦਾ ਹੈ |
| ਸ਼ਿਕਰਫੈਲ, ਬਕਤ ਮੁਖ ਤੇ ਬਮਨ ਹੋਵਤ ਅੰਗ ਕਠ ਬਿਨ ਚੇਤ। | ਬਕਵਾਸ ਕਰਦਾ ਹੈ, ਉਲਟੀ- |
| ਮਾਤ ਭਗਨੀ ਭਾਰਯਾ ਕੋ ਏਕ ਸਮ ਕਰ ਲੇਤ। | ਆਂ, ਕਠ ਤੇ ਅਚੇਤ ਅੰਗ ਹੁੰਦੇ ਹੈ। ਮਾਂ ਭੈਣ ਇਸਤ੍ਰੀ ਨੂੰ ਇਕ ਸਮਾਨ ਜਾਣਦਾ ਹੈ। |
| ਪ੍ਰਗਟ ਗੁਹਜ ਜੁ ਬਕਤ ਬਦਨੈ ਭਖ ਅਭਖ ਖਾਇ। | ਗੁਝੀ ਛਪੀ ਗਲ ਕਹ ਦਿੰਦਾ ਹੈ, ਅਭਖ ਭਖ ਖਾ- |
| ਨ੍ਰਿਤ ਗੀਤ ਅਨੇਕ ਰੰਗੀ ਲਗੀ ਜਾਨ ਬਲਾਇ। | ਜਾਂਦਾ ਹੈ। ਨਚਣ ਗਾਉਣ ਆਦਿ ਤਮਾਸ਼ੇ ਕਰਦਾ ਹੈ ਜਿ- ਕਰ ਬਲਾ ਚੰਮੜੀ ਹੁੰਦੀ ਹੈ। |

ਜਿਹੀ ਬਿਖ ਤਿਹੀ ਸ਼ਰਾਬ ਜਿਸ ਤਰਾਂ ਵੈਦ੍ਯ ਲੋਕ ਜ਼ਹਰ
ਨੂੰ ਪ੍ਰਯਤਨ ਕਰਕੇ ਸੋਧਕੇ ਮਾਰਕੇ, ਹੋਰ ਕਈ ਵਸਤਾਂ ਰਲਾਕੇ
ਰੋਗੀ ਦੇ ਦੇਸ਼[1], ਬਲ, ਕਾਲ, ਪ੍ਰਕ੍ਰਿਤੀ ਆਦਿਕ ਸਮਝਕੇ ਰੋਗਅ-

(੧) ਦੇਸ, ਉਮਰ, ਬਲ, ਅਗਨ ਹੀ ਦੁਖ ਸਮਾਂ ਵਖਾਨੇ, ਔਖਧ ਕਰਮ ਪ੍ਰਕ੍ਰਤੀ ਹੀ ਨਰ ਦੇਹੀ ਜਾਨੇ। ਇਨ ਕੋ ਪਹਲੇ ਦੇਖੀਏ ਪਾਛੇ ਉਪਚਾਰਾ। ਵੈਦ ਨਾ ਜਾਨੇ ਆਂਹ ਬਿਧ ਤਾਂ ਕੇ ਸਿਰ ਛਾਰਾ।

Digitized by Panjab Digital Library | www.panjabdigilib.org

ਨੁਸਾਰ ਮਿਤ ਮਾਤ੍ਰਾ ਨਾਲ ਦਿੰਦੇ ਹਨ ਅਰ ਅੰਮ੍ਰਿਤ ਦਾ ਗੁ-
ਣ ਲੈਂਦੇ ਹਨ। ਇਕੁਰ ਹੀ ਕਿਸੇ ਦਵਾ ਨੂੰ ਪੁਠ ਜਾਂ ਕਿਸੇ ਔਸ਼ਧਿ
ਨੂੰ ਸ਼ਰਾਬ ਵਿਚ ਭਿਉਂ ਕੇ ਜ਼ੌਹਰ ਕਢ ਲੈਣੇ, ਅਥਵਾ ਸ਼ਰਾਬ ਦੇ
ਦੀਵੇ ਤੇ ਕੁਝ ਪਕਾ ਲੈਣਾ, ਜਾਂ ਕਿਸੇ ਦਵਾ ਵਿਚ ਸੱਭ ਮੇਵਾ
ਪਵਾ ਕੇ ਅਰਕ ਕਢਾ ਕੇ ਪਿਲਾਉਣਾ ਆਦਿਕ ਨੂੰ ਸ਼ਰਾਬ ਨ
ਹੀ ਕਹਿੰਦੇ, ਅਰ ਮਿਤ ਮਾਤ੍ਰਾ ਬੀ ਹਕੀਮਾਂ ਨੇ ਦਵਾ ਉਪਯੋ-
ਗੀ ਕਥਨ ਕੀਤੀ ਹੈ, ਉਹ ਸ਼ਰਾਬ ਦੀ ਐਸ਼ ਲੁਟਣ ਵਾਸਤੇ
ਨਹੀਂ। ਜੇ ਪੀਣੀ ਠੀਕ ਹੁੰਦੀ ਤਾਂ ਇਸ ਤੇ ਉਪਜੇ ਹੋਏ ਰੋਗ
ਕਿਉਂ ਕਥਨ ਕਰਦੇ। ਜਿਹਾ ਕੂ ਹੰਸ ਰਾਜ ਜੀ ਤੇ ਮਾਧਵ ਜੀ
ਨੇ ਸੰਸਕ੍ਰਿਤ ਤੇ ਅਤੀ ਜੀ ਨੇ ਭਾਖਾ ਵਿਚ ਲਿਖਿਆ ਹੈ

| | |
|---|---|
| ਨਿਰਭਕ੍ਰਮੇਕਾਂਤ ਤਏਵ ਮਦ੍ਯੰ | (੧) ਜੋ ਪੁਰਖ ਨਿਰਨੇ ਕਲੇਜੇ ਏਕਾਂਤ ਵਿਚ ਸ਼- |
| ਨਿਸੇਵਮਾਣੋ ਮਨੁਜੋ ਨਿਤ੍ਯੰ | ਰਾਬ ਨੂੰ ਸੇਵਨ ਕਰਦਾ ਹੈ ਨਿਤ ਪ੍ਰਤਿ |
| ਉਤਪਾਦਯੇਤ ਕਸ਼ਟਤਮਾਨ ਵਿਕਾਰਾਨ | ਉਤਪਤ ਕਰਦਾ ਹੈ ਬਹੁਤੇ ਕਸ਼ਟ ਤੇ ਵਿਕਾਰ |
| ਨਪਾਦਯੇ ਚਾਪਿ ਸ਼ਰੀਰ ਭੇਦੰ। | ਅਜਿਹੀ ਸ਼ਰਾਬ ਸਾਰੇ ਸਰੀਰ ਨੂੰ ਭੇਦ ਜਾਂਦੀ ਹੈ |

ਐਸਾ ਹੀ ਹੰਸਰਾਜ ਜੀ ਆਪਨੇ ਨਿਦਾਨ ਵਿਚ ਲਿਖਦੇ ਹਨ

| | |
|---|---|
| ਮਦ੍ਯੇਨ ਮੂਰਛਾ ਜੜਤਾਂ ਕਰੋਤਿ। | ਸ਼ਰਾਬ ਦੀ ਬੇਹੋਸ਼ੀ ਦੇਹ ਨੂੰ ਜੜ੍ਹ ਕਰਦੀ ਹੈ |
| ਨੇਤ੍ਰੇ ਰੁਲਤ੍ਰੀ ਸ਼ਿਥਲੀ ਸ਼ਰੀਰੇ। | ਅਖਾਂ ਵੇਖੋ ਤਾਂ ਲਾਲ ਤੇ ਸਰੀਰ ਢਿੱਲਾ |
| ਹਰਖੰ ਪ੍ਰਲਾਪੰ ਪਰਿ ਬੁਧਿ ਨਾਸ਼ੰ | ਕਿਸੇ ਵੇਲੇ ਬਕਵਾਸ ਵਿਚ ਖੁਸ਼ ਹੁੰਦਾ ਹੈ, |
| | ਪਰਿਤ ਬੁਧਿ ਦਾ ਨਾਸ ਹੋ ਜਾਂਦਾ ਹੈ। |
| ਨਿਦ੍ਰਾਂ ਵਮਿਤ੍ਰੀ ਭ੍ਰਮਤਾਪ੍ਰਮੇਹ | ਨੀਂਦ੍ਰ ਘੋਰ ਹੁੰਦੀ ਹੈ, ਡਾਕਦਾ ਹੈ, ਭੌਂਦਲ ਜਾਂ- |
| | ਦਾ ਹੈ। ਮੂੰਹੋਂ ਲਾਲਾਂ ਵਗਦੀਆਂ ਹਨ। |
| ਖੀਣੇਨ ਸ਼ੋਕਾਤਿ ਭ੍ਰਮਿਨ ਚੈਵ | ਜੋ ਪੁਰਖ ਧਾਤੂ ਹੀਨ ਜਾਂ ਚਿੰਤਾ ਵਿਚ ਫ- |

(੧) ਮਦਰਾ ਕਰੇ ਜੋ ਪਾਨ ਬੈਠ ਇਕੰਤ ਮੇਂ, ਮਾਨਵ ਕਰੇ ਨਾ ਭੋਜਨ ਫੇਰ ਜੋ ਤੰਤ ਮੇਂ।
ਉਪਜੈਂ ਬਹੁਤੇ ਰੋਗ ਬਿਕਾਰੀ ਦੇਹ ਮੇਂ, ਹਰਜੀ ਭੇਦੇ ਸਕਲ ਸ਼ਰੀਰ ਮਿਲਾਵੈ ਖੇਹ ਮੇਂ।

| | |
|---|---|
| ਸ਼ੋਕਾਭਿਭੂਤੇ ਨਰੇ ਨਿਰਬਲੇਨ | ਸਿਆ ਹੋਵੇ, ਕ੍ਰੋਧੀ, ਨਿਰਬਲ ਆ ਡਰ- ਪੋਕ ਹੋਵੇ |
| ਅਤਿਅਮਲ ਭਖਯੇਣ ਚ ਸੇਵਿਤੇ | ਬਹੁਤ ਖਟੇ ਪਦਾਰਥ ਖਾਣ ਵਾਲਾ ਹੋਵੇ |
| ਕਰੋਤਿ ਮਦ੍ਯੰ ਵਿਵਿਧਾਨ੍ ਵਿਕਾਰਾਨ | ਅਜਿਹੇ ਪੁਰਖ ਨੂੰ ਸ਼ਰਾਬ ਪੀਤਿਆਂ ਕ- ਈ ਪ੍ਰਕਾਰ ਦੇ ਵਿਕਾਰ ਕਰਦੀ ਹੈ। ਜਾਂ ਸ਼ਰਾ- ਬ ਪੀ ਕੇ ਖਟਾ ਖਾਏ, ਡਰੇ ਕ੍ਰੋਧ ਚਿੰਤਾ ਕਰੇ ਧਾ- ਤ ਛੀਣ ਹੋਇ ਤਦ ਅਨੇਕ ਵਿਕਾਰ ਹੁੰਦੇ ਹੈਨ |
| ਲੱਜਾ ਬੁਧਿ ਵਿਨਾਸ਼ਨੀ ਵਿਕਲਤਾਂ | (੧) ਲੱਜਾ ਬੁਧਿ ਨੂੰ ਨਾਸ ਕਰਦੀ ਹੈ, ਅ- |
| ਛਰਦਿ ਗੁਰਤ੍ਵੰ ਤਨੋ। | ਤੇ (ਡਾਕੀਆ ਡਾਕੀ ਥੋਂ ਬਿਨਾਂ) ਘਬਰਾਹਟ ਬਹੁ- ਤ ਹੁੰਦੀ ਹੈ, ਤੇ ਸਰੀਰ ਨੂੰ ਭਾਰਾ ਕਰਦੀ ਹੈ |
| ਪਾਂਡੁਤ੍ਵੰ ਕ੍ਰਿਸ਼ਤਾਂ ਮੁਖੇ ਵਿਰਸ- | ਰੰਗ ਪਿਲੱਤਾ ਤੇ ਸਰੀਰ ਸੁੱਕ ਜਾਂਦਾ ਹੈ |
| ਤਾਂ ਨਿਦ੍ਰਾਂ ਚ ਮੂਰਛ ਤ੍ਰਿਖਾਂ। | ਮੂੰਹ ਬੇ ਸੁਆਦ ਰਹਿੰਦਾ ਹੈ, ਨੀਂਦ ਆ- ਲਸ ਵਧ ਜਾਂਦਾ ਹੈ, ਮੂਰਛਾ ਹੁੰਦੀ ਤੇ ਤ੍ਰੇਹ ਲਗਦੀ ਹੈ। |
| ਹ੍ਰਿਛੂਲੰ ਤਮਕੰ ਚ ਸਿਥਿਲਤਾਂ | ਉਬਕਾਈਆਂ ਤੇ ਤਮਕ ਸ੍ਵਾਸ (ਜੋ ਹਿਡਕੀ ਦੇ |
| ਪ੍ਰਲਾਪ ਪ੍ਰਕਾਸ਼ਿ ਤਮਾ: | ਪੂਰਬ ਰੂਪ ਵਿਚ ਹੁੰਦਾ ਹੈ) ਸਰੀਰ ਦਾ ਢਿੱਲਾ ਹੋਣਾ, ਪੁੱਠੀਆਂ ਗੱਲਾਂ ਬਕਣੀਆਂ ਤੇ ਅਖਾਂ ਅ- ਗੇ ਹਨੇਰਾ ਛਾ ਜਾਂਦਾ ਹੈ। |
| ਕਾਰਜ੍ਯਾਕਾਰਜ੍ਯ ਵਿਮੂਢਤਾ ਪ੍ਰਕੁ- | ਕਾਰਜ ਅਕਾਰਜ ਤੇ ਬਹੁਤ ਮੂਢਤਾ ਕਰ- |
| ਰੁਤੇ ਮਦ੍ਯੰ ਚ ਦੋਖਾਕਰੰ। | ਦੀ। ਇਹੋ ਜਿਹੀ ਦੋਖਾਂ ਔਗਣਾਂ ਦੀ ਖਾ- ਣ ਸ਼ਰਾਬ ਦਾ ਸਰੂਪ ਹੈ। (੧) |

(੧) ਸਾਰੇ ਦੇ ਇਕ ਅਰਥ ਇਹ ਭੀ ਕਰਦੇ ਹਨ:— ਨਿਰਲੱਜਤਾ ਵਿਕਲਤਾ ਦਾਹ, ਡਾਕੀ, ਕਫ, ਪਾਂਡੂ ਰੋਗ, ਕ੍ਰਿਸ਼ ਦੇਹ, ਮੁਖ ਬਿਰਸ, ਅਤਿ ਨੀਂਦ, ਤ੍ਰਿਖਾ, ਮੂਰਛਾ, [illegible], ਤਮਕ ਸ੍ਵਾਸ, ਸਥਿਲ, ਪ੍ਰਲਾਪ, ਤਮ ਆਦਿਕ ਰੋਗ ਤੇ ਕਾਰਜ ਅਕਾਰਜ ਮੂਢਤਾ ਸ਼ਿਰਾਬ ਕਰਦੀ ਹੈ ਸ਼ਰਾਬ, ਕਿਉਂਕਿ ਬਹੁਤੇ ਦੁਖਾਂ ਦੀ ਖਾਣ ਹੈ। ਇਹ ਪ੍ਰਥਮ ਸਰੂਪ ਹੈ।

Digitized by Panjab Digital Library | www.panjabdigilib.org

| | |
|---|---|
| ਮਦਯੇ ਦ੍ਵਿਤੀਯੇ ਪੁਰੁਸ਼ਃ ਪ੍ਰ- | ਦੂਸਰਾ ਸਰੂਪ ਇਹ ਹੈ। ਪੀਕੇ ਪੁਰਖ ਮਸ |
| ਮੱਤਃ ਜ੍ਞਾਨਸ੍ਯ ਬੁਧਿਰ੍ ਵਿਗ- | ਤ ਤੇ ਬੁਧਿ ਨਸ਼ਟ ਹੋ ਜਾਂਦੀ ਹੈ, ਤੇ ਆਤਮ (੧) |
| ਤਾਤਮ ਚੇਸ਼੍ਟਾਃ। | ਚੇਸ਼ਟਾ ਥੋਂ ਰਹਿਤ ਹੋ ਜਾਂਦਾ ਹੈ। |
| ਪੂਰਣਾਨੇਹਰਬਖੰਡੇ ਤਿਨਿਤ੍ਰੋ | ਇੰਗੀਆਂ ਚਿਬੀਆਂ ਅੱਖਾਂ ਬਣਾ ਕੇ ਦੇਖ- |
| ਦੁਰਵਾਕਯ ਸ਼ੀਲੋ ਬਹੁਲੀਲਯਾ- | ਣਾ, ਗਾਹਕੀ ਨੀਂਦ ਕਰਨੀ ਥੋੜੇ ਬਚਨ ਬੋ- |
| ਨਾਪੁਕ। | ਲਣੇ ਨਿਰਲੱਜ ਹੋਣਾ, ਕਈ ਲੀਲਾ (ਅ- |
| | ਰਥਾਤ ਨੱਚਣਾ, ਟਪਣਾ, ਹਸਣਾ, ਗਾਉਣਾ, ਖੇਡਣਾ, ਰੋਣਾ, ਦੌ- |
| | ੜਨਾ ਭੁੜਕਣਾ ਆਦਿ) ਕਰਨੀਆਂ। |
| ਤ੍ਰਿਤੀਯੇ ਮੱਦੇ ਨਸ੍ਯ ਦੁਰੰਸ੍ਹਿਰ | ਤੀਸਰਾ ਸਰੂਪ ਮਦਰਾ ਦਾ ਇਹ ਹੈ:- |
| ਮਨੁਖਯੇ ਵਦੇਤ ਸਰਬ | ਪੀਨਾ ਮਦਰੇ ਆਖਾਂ ਅੰਨੀਆਂ, ਅਤੇ |
| ਗੁਹਯਾਨਿ - | ਬਕ ਦੇਂਦਾ ਹੈ ਸਭ ਗੁਝਾ ਛਪਾ। |
| -ਗਚ੍ਛੇਦ ਗਾਮਯਾਸ ਗੁਰੇ | ਜਾਂਦਾ ਹੈ, ਗਮਨ ਕਰਦਾ ਹੈ ਇਸਤ੍ਰੀ- |
| ਨੈਵ ਪਸ੍ਯੇਦ ਭਖ੍ਯੇਤ- | ਆਂ ਜੋ ਨਹੀਂ ਹਨ ਭੋਗਣੇ ਯੋਗ (ਅਰਥਾਤ |
| ਸਮੰਤਾਤ੍ ਵ੍ਰਿ ਲੱਜੇਸ਼ ਤ੍ਰਿਤਰਤਾ | (ਮਾਤਾ, ਭੈਣ, ਧੀ, ਨੋਹ, ਗੁਰ ਇਸਤ੍ਰੀ, ਮਿਤ੍ਰ ਇਸਤ੍ਰੀ ਆਦਿ) |
| ਭਵੇਦ ਭਰੋਗਨ ਸ਼ੀਲਾ। | ਗੁਰ ਪਰਮੇਸੁਰ ਨੂੰ ਨਜ਼ਰ ਹੇਠ ਨਹੀਂ ਲਿ- |
| | ਆਉਂਦਾ ਤੇ ਨਹੀਂ ਮੰਨਦਾ। ਭੱਖ ਅੱਭ- |
| | -ਖ ਖਾ ਜਾਂਦਾ ਹੈ। ਸਾਰਿਆਂ ਪਾਸਿਆਂ |
| | ਥੋਂ ਨਿਰਲੱਜ ਹੋ ਜਾਂਦਾ ਹੈ, ਜੋ ਚਾਹੁੰਦਾ |
| | ਹੈ ਕਰਦਾ ਹੈ, ਸ਼ਰਮ ਆਦਿਕ ਨੂੰ ਛਡ ਕੇ |
| | ਤੇ ਤੈਂ ਕੇ ਆਦਿਕ ਕਿਸੇ ਨੂੰ ਨਹੀਂ ਮੰਨ- |
| | ਦਾ। ਇਹ ਸ਼ਰਾਬ ਦਾ ਤੀਸਰਾ ਸਰੂਪ ਹੈ। |

(੧) ਇਹ ਸੋਚਣ ਦੀ ਗਲ ਹੈ ਕਿ ਸ਼ਰਾਬ ਨਾਲ ਤਾਂ ਆਤਮ ਚੇਸ਼ਟਾ ਹੀ ਨਸ਼ਟ ਹੋ ਜਾਂਦੀ ਹੈ, ਫਿਰ ਜੋ ਕੋਈ ਕਹਿੰਦੇ ਹਨ ਕਿ ਇਸ ਥੀਂ ਨਾ ਰੋਗੀਆਂ ਦੀ ਬਿਰਧ ਨਹੀਂ ਬਚਾਈ।

| | |
|---|---|
| ਚਤੁਰ੍ਥੇ ਮੱਦੇ ਸਿਤਅਤ੍ਰਤੁਲ੍ਯੋ | ਚੌਥਾ ਸਰੂਪ ਸ਼ਰਾਬ ਦਾ। ਮਨੁਖ ਮੁਰਦੇ |
| ਮਨੁਖ੍ਯੋ ਭਵੇਦ ਗਅਦ ਹੀਨਾ | ਵਾਂਙੂ ਜਾਨ ਪਛਾਨ ਤੋਂ ਰਹਤ। |
| ਸੂਕਾਰ੍ਯੋ ਦਿਕਾਰ੍ਯੋ ਕ੍ਰਿਆਚਾ- | ਅਤੇ ਨਾਹੀ ਸਮਝ ਸਕਦਾ ਹੈ ਅਪਨੇ |
| ਰ ਸ਼ੌਚਾਦੈ ਹੀਨੋ ਵਿਮੂੜ੍ਹ: | ਬਿਗਾਨੇ ਕੰਮ ਨੂੰ, ਸ਼ਰੀਰ ਦੇ ਜਿਹੜੇ ਕ੍ਰਿ- |
| | ਆ ਕਰਮ ਸ਼ੌਚਾਚਾਰ ਆਦਿਕ। ਅਤੇ |
| | ਅਚੇਤ ਮੂੜ੍ਹਤਾ ਵਿਸ਼ੇਸ਼। |
| ਪਰਿ ਸ੍ਵੰ ਨ ਜਾਨਾਤਿ ਸੱਤੇ ਵਿਲੱਜ੍ਯਾ: | ਅਪਨੇ ਪਰਾਏ ਨੂੰ ਕੁਛ ਨਹੀ ਜਾਣਦਾ |
| | ਮਸਤ ਅਤੇ ਭਾਰੀ ਨਿਰਲਜ ਹੋਰੇ। |

ਏਹ ਚਾਰ ਸ੍ਵਰੂਪ ਮਦਰਾ ਦੇ ਪਸ੍ਨ ਦੇ ਉਤ੍ਰ ਵਿਚ ਕਹੇ ਹਨ, ਵੈਦਕ ਸ਼ਾਸਤ੍ਰ ਥੋਂ। ਹੁਣ ਹੋਰ ਮਦਾਤ੍ਯਯ ਨਾਮਕ ਰੋਗ ਚਾਰ ਪ੍ਰਕਾਰ ਦਾ ਕਥਨ ਕਰਦੇ ਹਨ।

| | |
|---|---|
| ਪਾਰ੍ਸ੍ਵ ਸ਼ੂਲ ਸ਼ਿਰ: ਕੰਪ ਸ੍ਵਾਸ ਹਿੱ- | ਪਸਲੀ ਤੇ ਸਿਰ ਵਿਚ ਪੀੜ, ਸਰੀਰ ਨੂੰ |
| ਕ੍ਕਾ ਪ੍ਰਜਾਗਰੋ। | ਕਾਂਬਾ, ਦਮਾ, ਹਿਡਕੀ ਤੇ ਉਨੀਂਦਾ। |
| ਮੁਖਸ਼ੋਸ਼ੇਨ ਪਿਤਸ੍ਯ ਤਮਦੋ ਹਿ | ਮੂੰਹ ਦਾ ਸੁਕਣਾ ਆਦਿਕ ਜਦ ਸ਼ਰਾਬ |
| ਮੱਦਾਤ੍ਯ੍ਯੰ। | ਪੀਤਿਆਂ ਲੱਛਣ ਹੋਣ ਤਾਂ ਪਿਤ ਮਦਾ- |
| | ਤ੍ਯ ਰੋਗ ਇਸ ਨੂੰ ਕਹਿੰਦੇ ਹਨ। |
| ਤੰਦ੍ਰਾ ਹਿਲ੍ਲਾ ਸ੍ਤੈਮਿਤ੍ਯ ਕਫ ਦੋਸ਼- | (ਹੁਣ ਕਫ ਮਦਾਤ੍ਯ ਦਾ ਸ੍ਵਰੂਪ ਲਿਖਦੇ ਹਨ) ਆਲਸ ਉ- |
| ਕ੍ਰੋਰਦੇ:। | ਘੱਤ, ਸਰੀਰ ਗਿਲਾ ਢਿੱਲਾ ਥਾਕੀਆਂ ਤੇ |
| | ਭੁਖ ਥੋੜਾ ਦੇਹ ਭਾਰੀ। |
| ਸ਼ੀਤਲਾਂਗਸ੍ਮਤੋ ਵਿਦਆਤਕਫਪ੍ਰਾ- | ਅੰਗ ਸਾਰੇ ਠੰਢੇ ਠਾਰ। ਇਨਾ ਲਛਣ |
| ਯੰਮਦਾਤ੍ਯ੍ਯੰ | ਵਾਲੇ ਸ਼ਰਾਬੀ ਨੂੰ ਕਫ ਮਦਾਤ੍ਯ ਰੋਗ ਵਾ- |
| | ਲਾ ਕਹਿੰਦੇ ਹਨ। |
| ਅੰਗਮਰ੍ਦ ਤ੍ਰਿਖਾ ਸ਼ੂਲ ਰੂਖਮ ਗਾਤ੍ਰ - | (ਹੁਣ ਤੀਜਾ ਵਾਤ ਮਦਾਤ੍ਯ ਕਹਿੰਦੇ ਹਨ) ਅੰਗ ਭੁਜਦੇ |

| | |
|---|---|
| ਵਿਵਰਣਤਾ | ਹੋਣ, ਡੂੰਘ ਦੀ ਭੜਕੀਤੇ ਪੀਨ, ਅ- |
| ਹਿੱਕਾ ਭ੍ਰਮੈ ਸ੍ਵਤੋ ਵਿਜਾਨਾਤ | ਰ ਦੇਹ ਰੁਖੀ ਨ ਹੋਵੇ, ਤੇ ਦੇਹ ਦਾ ਰੋ- |
| ਬਾਤ ਪਾਯੰ ਮਦਾਤ੍ਯੰ | ਗ ਬੀਤੇ ਤਾਂ ਨਾ ਹੋਵੇ। ਹਿਡਕੀ ਆਉ- |
| | ਣ ਲਗ ਪਵੇ ਚਿਤ ਭ੍ਰਮ ਹੋ ਜਾਵੇ ਤਿ- |
| | ਸ ਨੂੰ ਜਾਣੀਦਾ ਹੈ ਵਾਤ ਮਦਾਤ੍ਯ ਰੋਗ |
| ਸੋਪਦ੍ਰਵੈ ਸਰਬ ਲਿੰਗੈਸਤ੍ਰਿਦੋਸ਼ ਲਿੰਗਾ ਕਹਿੰਦੇ ਹਨ | ਸ਼ਰਾਬ ਪੀਤਿਆਂ ਜਿਸ ਵਿ- |
| ਤਥੈਵ ਮਦਾਤ੍ਯੰ। | ਚ ਪਿਛੇ ਕਹੇ ਤਿਨ ਪ੍ਰਕਾਰ ਦੇ ਲਛਣ |
| | ਮਿਲ ਜਾਣ ਅਤੇ ਉਪਦ੍ਰਵ ਵਿਵਰਣ |
| | ਸੀਤ ਮੂਰਛਾ ਕੰਠ ਭਗਨ ਆਦਿ ਹੋਣ |
| ਤ੍ਰਿਦੋਸ਼ਜਨਿਤੋ ਰੋਗਾ ਸਾਧ੍ਯੋਜੰ- | (ਉਸਨੂੰ) ਸੰਨਪਾਤ ਦਾ ਮਦਾਤ੍ਯ ਅ- |
| ਚ ਭਿਖਕ ਵਰੇ। | ਸਾਧ੍ਯ ਕਹਿੰਦੇ ਹਨ। ਜਿਆਣੇ ਕਹਿ- |
| | ਦੇ ਹਨ ਇਸ ਰੋਗ ਵਾਲਾ ਨਹੀ ਬਚਦਾ- |

ਫੇਰ ਉਹੀ ਵੈਦ੍ਯ ਲੋਗ ਤਿਨ ਪ੍ਰਕਾਰ ਦਾ ਪਾਨਾਤ੍ਯ ਰੋਗ ਕ-
ਥਨ ਕਰਦੇ ਹਨ।

| | |
|---|---|
| ਤਿਨੈ ਚ ਤਤ੍ਰ ਪਰਮਦ ਸ੍ਯ ਵਦੰਤੇ | ਪਹਲੇ ਪਰਮਦ, ਦੂਜੇ ਪਾਨਾਜੀਰਣ |
| ਵੈਦ੍ਯਾ: ਹਿੱਕਾ ਤ੍ਰਿਸ਼ਾਂ ਗਾਤ੍ਰ ਗੁਰੁਤਾ ਬਹੁ- | ਤੀਜੇ ਪਾਨ ਵਿਭ੍ਰਮ ਨਾਮਕ ਹਨ। ਤਿ- |
| ਪਰਬਭੇਦਾ। | ਨੇ ਸਰੂਪ ਵਖੋ ਵਖਰੇ ਇਉਂ ਹਨ। |
| | ਲਛਣ ਪਰਮਦ ਦੇ ਇਉਂ ਕਹਿੰਦੇ ਹਨ |
| | ਨਿਛਾਂ ਤੇਹ ਦੇਹ ਭਾਰੀ ਜੋੜਾਂ ਵਿ- |
| | ਚ ਪੀੜ |
| ਵਿਡ ਮੂਤ੍ਰ ਸ਼ਕ੍ਰਿਤ ਰੁਚਿਰ ਕ੍ਰਿਸ਼ਾ- | ਛਾਤੀ ਪੇਸ਼ਾਬ ਬੇਖਬਰ ਨਿਕਲਣਾ, ਭੁ- |
| ਸ੍ਯ ਤਾਪ: ਸ੍ਵੇਦਸ਼ੋਥ ਰਸ ਕ੍ਰਿਸ਼ਤਾ | ਖ ਬੰਦ ਮੂੰਹ ਬੇਸੁਆਦ, ਅਥਵਾ ਕਫ |
| ਗੁਜਤੰ ਕਪਾਲੇ | ਕਰਕੇ ਲੇਸਲਾ, ਤਪ ਚੜ੍ਹਿਆ, ਸਰੀਰ |

Digitized by Panjab Digital Library | www.panjabdigilib.org

| | |
|---|---|
| | ਸੁਕ, ਸਿਰਪੀੜ ਹੋਵੇ। [ਕ੍ਰਾਂਤਿ ਇਹ ਸਰੂਪ ਸੰਨਦੇ ਹੈ ਪੂਰਵੋਕਤ ਪਾਨਾਤ੍ਯਯ ਦੇ ਕਹਿਦੇ ਹਨ।] |
| ਅਜੀਰਣੰ ਮਦ੍ਯਪਾਨੇ ਤਥੈਰੁਚ੍ਯਾ | [ਦੂਸਰਾ ਸਰੂਪ] ਇਸ ਤੋਂ ਅਗੇ ਜਦ ਸ਼ਰਾਬ ਪੀਤਿ- |
| ਦਾਹ ਮੂਰਛਿਤਸੀ ਤ੍ਰਿਖਲਾਂ ਮਾਸ੍ਯਾਨ | ਆ ਅਜੀਰਣ ਹੋਵੇ, ਤਾਂ ਕਰਦਾ ਹੈ ਦਾਹ ਰੋ- |
| ਸੁਦਾਗਤੀ ਸਿਧਿ ਭ੍ਰਦਸ਼ਿਰੋਰੁਜਿ। | ਗ ਗਲ ਬੇ ਸੁਧੀ, ਤੇਹ ਬਹੁਤ ਹੁੰਦੀ ਹੈ। ਪੇ- |
| | ਟ ਆਫਰ ਜਾਂਦਾ ਹੈ। ਤ੍ਰਿਕਾਰ ਥੇ ਹਦ ਜੋ- |
| | ਡਾਂ ਵਿਚ ਪੀੜਾਂ, ਸਿਰ ਦਾ ਭੌਣਾ ਤੇ ਪੀੜ |
| ਭ੍ਰਮੋ ਮਦ੍ਯਪਾਨੇ ਅਤ੍ਯਾ ਕਠਪੁ- | ਸ਼ਰਾਬ ਪੀਣ ਥੋਂ ਕਲੇਜੇ ਥੋਂ ਸੰਧਿਆਤ ਕਰੀਬ- |
| ਮੰਕਫਦਾਹ ਮੂਰੀ ਨ੍ਰੈ ਸ੍ਯਾਮ | ਕਦੀ ਸੜ੍ਹਾਂਧ ਜਿਹਾ ਧੂਆਂ। ਮੂੰਹ ਵਿਚ ਲੇ- |
| ਜਿਹਵੈ ਪਥੇਖੰ ਸੰਧਿਪਾਮਾ | ਸ ਕਫ਼ ਦਾਹ ਵਡੀ ਕਰਨੀ। ਤਪ ਜੋਰਦਾ। |
| | ਜੀਭ ਕਾਲੀ ਤੇ ਸੁਕੀ ਕਿਨ੍ਹਾ, ਤੇਹ ਬਹੁਤ |
| ਵੀਪਾਰਸ਼੍ਚ ਸ਼ੂਲਿ ਗਾਰਿਸ਼ੋਦਵੈ | ਡਾਕੀਆਂ ਪਸਲੀ ਵਿਚ ਪੀੜ ਇਕ ਭਾਰ |
| ਨੀਲਮੋਸ਼੍ਚ ਪਕੋਰਖਾਤ।" | ਹੋਣ ਨੀਲੇ ਐਸੇ ਲਛਣ ਹੋਣ ਤਾਂ ਪਾਨਾਦਿ- |
| | ਭ੍ਰਮ ਪਾਨਤ੍ਯਯ ਰੋਗ ਕਹਾਵੇ ਹਨ। |

ਜਿਸ ਤਰੀਕੇ ਦ੍ਵਾਰਾ ਆਪਣੇ ਪ੍ਰਸ਼ਨ ਕੀਤੇ ਸਨ, ਉਸੇ ਦੇ ਪ੍ਰਮਾਣ ਹੁਣ ਤੁਹਾਨੂੰ ਸੁਣਾਉਂਦੇ ਹਾਂ।:—

| | |
|---|---|
| (੧) ਕ੍ਰੋਧੇਨ ਭੀਤੇਨ ਪਿਪਾਸਿਤੇਨ | ਕ੍ਰੋਧ ਜਾਂ ਭੈ ਜਾਂ ਚਿੰਤਾ ਕਰਕੇ [ਜਿਸਦੇ ਚਿਤ ਵਿਚ ਕ੍ਰੋਧ ਭੈ ਜਾਂ ਚਿੰਤਾ ਹੋਵੇ।] |
| ਸ਼ੋਕਾਭਿਤਪ੍ਤੇਨ ਬੁਭੁਖਤੇਨ | ਸ਼ੋਕ, ਧੁਪ ਅਗ ਤੇ ਤੇਹ ਜਾਂ ਭੁੱਖਾ ਹੋਵੇ |
| ਵ੍ਯਾਯਾਮ ਭਾਰਾਧ੍ਵ ਪ੍ਰਿਖਤੇਨ | ਭਾਰ ਚੁਕਦਾ ਹੈ, ਕੰਮ ਆਂ ਪੈਂਡੇ ਕਰਕੇ ਥਕਾ ਹੋ- |
| ਵੇਗਾਵਰੋਧਾਭਿਹਤੇਨ ਚਾਪਿ | ਵੇ। ਬੁਰਾ ਰੋਕਿਆ ਹੋਵੇ, ਜਾਂ ਮਾਰ ਖਾਧੀ ਹੋਵੇ |
| ਅਤ੍ਯਮ੍ਲ ਰੂਖਾਂਵਤਤੇ ਵਰੋਲ | ਅਤਿ ਖੱਟਾ ਰੂਖਾ ਤੇ ਖਟਾ ਪਦਾਰਥ ਨੂੰ ਸਕੇ ਖਾਣਾ |
| ਅਜੀਰਣ ਭੁਕ੍ਤੇਨ ਤਥਾਬਲੇਨ | ਖਾਧੇ ਤੇ ਖਾਣਾ, ਨਿਰਬਲਤਾ ਦਾ ਹੋਣਾ। |
| ਉਸ਼੍ਣਾਭਿਤਪ੍ਤੇਨ ਚ ਸੇਵ੍ਯਮਾਣਿ | ਧੁਪ ਅਗ ਦਾ ਸੇਵਣਾ। ਇਨੇ ਕੰਮਾਂ ਦੇ ਪਿਛੋਂ |
| ਦੁਰੋਧੇ ਮੱਦ੍ਯੀ ਵਿਦਧਾਤਿ ਵਿਕਾਰਾਨ | ਆਪ ਜਦੋਂ ਸ਼ਰਾਬ ਪੀਵੇ ਤਾਂ ਬਹੁਤ ਰੋਗ ਹੋਵੇ- |

(੧) ਕ੍ਰੋਧ ਕਰੇ ਚਿਤ ਸ਼ੋਕ ਧਾਰੇ, ਮੂਤ੍ਰ [illegible] ਭੁਖ ਪ੍ਯਾਸਾ। [illegible] ਸਿਰ, ਮੇਲਣ ਵੇਗ [illegible] ਆਸਾ।
[illegible] ਜਨ ਤਾਪ ਤਪੁ ਧੁਪ [illegible] ਮਦਰਾਖਾ।

Digitized by Panjab Digital Library | www.panjabdigilib.org

ਗਊ ਉਪਜਦੇ ਹਨ।

ਇਥੇ ਜਰਾ ਸੋਚਣ ਦੀ ਗਲ ਹੈ ਕਿ ਸ਼ਰਾਬ ਪੀ ਕੇ ਇਨ੍ਹਾਂ ਗਲਾਂ ਵਿਚੋਂ ਕਿਹੜੀ ਨਹੀਂ ਕੀਤੀ ਜਾਂਦੀ। ਗੁਸਾ ਤੇ ਜੋਸ਼ ਪੀਦਿਆਂ ਸਾਰ ਆਉਂਦਾ ਹੈ। ਜੇ ਕੋਈ ਚਿੰਤਾ ਦੀ ਗਲ ਚੇਤੇ ਆ ਜਾਵੇ ਤਾਂ ਸ਼ੋਕ ਬੇਹਦ। ਅਰ ਬਹੁਧਾ ਡਿਠਾ ਹੈ ਕਿ ਚਿੰਤਾ ਵੇਲੇ ਸ਼ਰਾਬ ਇਸ ਖਿਆਲ ਤੇ ਪੀਂਦੇ ਹਨ ਕਿ ਚਿੰਤਾ ਭੁਲ ਜਾਏ। ਜੇ ਚੋਰੀ ਪੀਤੀ ਤਾਂ ਡਰ ਅਫਸੋਸ। ਨਸ਼ੇ ਵਿਚ ਭੁਖਾ ਤ੍ਰਿਹਾਇਆ ਬਿਸੁਧ ਪਿਆ ਰਹੇ ਤਾਂ ਕੋਈ ਅਚਰਜ ਨਹੀਂ ਉਠ ਕੇ ਘੁਲਣਾ ਤੇ ਧੇਲਣ ਨਾਲੋਂ ਵਧ ਕੇ ਹੈ। ਬਿਸੁਧੀ ਵਿਚ ਵੈਰ ਤਜ ਕਬੀਤਰਾਂ ਨਾਲ ਬਕਵਾਰ-ਤ੍ਰ ਲੈਂਦਾ ਹੈ। ਕਾਮ ਦੀ ਦਸ਼ਾ ਅਕਥਨੀਅ ਹੈ। ਸ਼ਰਾਬੀ ਨੂੰ ਸਾਂਵੇਟਾਂ ਦੀ ਕੁਝ ਪਰਵਾਹ ਨਹੀਂ ਰਹਿੰਦੀ। ਬੇਹੋਸ਼ੀ ਵਿਚ ਝਾੜੇ ਪੇਸ਼ਾਬ ਦਾ ਚਾਰ ਪਹਰ ਤਕ ਚੇਤਾ ਨਾ ਆਵੇ ਤਾਂ ਨਹੀਂ ਆਵੇ। ਖਟੀਆਂ ਚੀਜਾਂ ਪਕੌੜੀਆਂ ਆਦਿਕ ਬਿਨਾ ਸ਼ਰਾਬ ਪੀਤੀ ਹੀ ਨਹੀਂ ਜਾਂਦੀ। ਮਸਤੀ ਵਿਚ ਸ਼ਰਾਬੀ ਕਚਾ ਪਕਾ ਭਖ ਅਭਖ ਰੀਦਾ ਮੈਂਦਾ ਜਿਹਾ ਹੋਵੇ ਗੜੂਪ ਕਰੀ ਜਾਂਦਾ ਹੈ। ਖਾਧੇ ਤੇ ਖਾਣਾ ਸ਼ਰਾਬੀ ਦਾ ਕੰਮ ਹੀ ਹੈ। ਪੀਣ ਵਾਲਿਆਂ ਦਾ ਬਲ ਸ਼ਰਾਬ ਕਢਦੀ ਹੈ ਦੇਹ ਅਰੋਗਤਾ ਨੂੰ ਅੰਦਰੋ ਅੰਦਰ ਖਾਂਦੀ ਰਹਿੰਦੀ ਹੈ। ਮਤਵਲਾ ਹੋ ਕੇ ਬੁਪਛਾਂ ਦੀ ਪਛਾਣ ਕਿਸ ਨੂੰ ਰਹਿੰਦੀ ਹੈ। ਹੁਣ ਆਪਹੀ ਦਸੋ ਕਿ ਵੈਦਕ ਮਤ ਵਾਲਿਆਂ ਨੇ ਕਿਸ ਦਨਾਈ ਨਾਲ ਸ਼ਰਾਬ ਦੀ ਰੋਕ ਕੀਤੀ ਹੈ, "ਨਾ ਨੌ ਮਣ ਤੇਲ ਹੋਗਾ ਨਾ ਰਾਧਾ ਨਚੇਗੀ"।

ਲਛ ਹੋਰ ਸੁਣੋ :—

ਚਾਰ ਰੋਗ ਮਦਰਾ ਕਰੇ ਤਾਂ ਰੇਸੁਨ ਅਬਲਾਬ, ਤਿਨ ਰਸ ਫਲ ਕਹਤ ਕਵਿ ਜਨ ਗੀਗਾਰਾਮ।

| | |
|---|---|
| ਪਾਨਾਤ੍ਯਯੰ ਪਰਮਦੋ ਪਾਨਾਜੀਰਣ | (ਜਲਾਬਤੋਂ ੪ ਪ੍ਰਕਾਰ ਦੇ ਰੋਗ ਹੁੰਦੇ ਹਨ) ਪਾਨਾਤਯਯ, ਪ- |
| ਮਬਾ ਪਿਵ। ਪਾਨਾਵਿਭ੍ਰਮ ਮਤ੍ਯਯੰ | ਰਮਦ, ਪਾਨਾਜੀਰਣ, ਪਾਨਵਿਭ੍ਰਮ ਮਾਹੂ- |
| ਤੇਖਾਂ ਵਖ੍ਯਾਮਿ ਲਖਣੰਮ | ਣ ਹੋਵੇ ਦਖਰੇ ਲਛਣ ਸੁਣੋ। |
| ਹਿਕ੍ਕਾ ਸ੍ਵਾਸ ਸ਼ਿਰਃ ਕੰਪ ਪਾਰਸ੍ਵ ਸ਼ੂ- | ਜਿਸਨੂੰ ਹਿਡਕੀ ਸਾਹ ਸਿਰ ਕੰਬਣੀ (ਕੁੱਖ ਪੀੜਤ) |
| ਲ ਪ੍ਰਜਾਗਰੈਃ | ਪਸਲੀ ਦੀ ਪੀੜ ਤੇ ਉਨੀਂਦਾ ਹੋਵੇ। |
| ਵਿਦ੍ਯਾਤ ਪ੍ਰਬਲਪਨੈ ਤਮ੍ਯ ਵਾਤ ਪ੍ਰਾਯੰ | ਜਾਣੀਦਾ ਹੈ, ਉਸਦੇ ਬਕਵਾਸ ਤੋਂ ਕਿ |
| ਮਦਾਤ੍ਯਯੰ। | ਵਾਤ ਮਦਾਤਯਯ ਹੈ। |
| ਦਾਹ ਤ੍ਰਿਖਨਾ ਜ੍ਵਰ ਸ੍ਵਾਸ ਮੋਹਾਤੀ- | ਸੜਨ, ਤ੍ਰੇਹ, ਤਾਪ, ਸਾਹ, ਮੋਹ, ਦਸਤ |
| ਸਾਰ ਵਿਭ੍ਰਮੈਃ। | ਭ੍ਰਮ |
| ਵਿਦ੍ਯਾਦ੍ ਹਰਿਤ ਵਰਣ ਸ੍ਯ ਪਿੱਤ੍ਤ | ਜਾਣੀਦਾ ਹੈ ਤਿਸਨੂੰ ਹਰੇ ਰੰਗ (ਦੇ ਦਸਤਾਂ ਤੋਂ) |
| ਪ੍ਰਾਯੰ ਮਦਾਤ੍ਯਯੰ। | ਪਿੱਤ ਮਦਾਤਯਯ ਹੈ। |
| ਛਰ੍ਦ੍ਯਰੋਚਕ ਹ੍ਰੱਲਾਸ ਤੰਦ੍ਰਾ ਸ੍ਤੈ- | ਡਾਕੀ ਭੁਖ ਬੰਦ, ਉਬਤ ਆਲਸ ਫਿ- |
| ਮਿਤ੍ਯ ਗੌਰਵੈਃ | ਲਾ ਤੇ ਭਾਰਾ ਸਰੀਰ। |
| ਵਿਦ੍ਯਾਚ੍ਛੀਤ ਪਰੀਤਸ੍ਯ ਕਫ | ਜਾਣੀਦਾ ਹੈ ਠੰਢ ਲਗਣ ਤੋਂ ਕਿ |
| ਪ੍ਰਾਯੰ ਮਦਾਤ੍ਯਯੰ | ਕਫ ਮਦਾਤਯਯ ਹੈ। |
| ਗ੍ਯੇਯਸ੍ ਤ੍ਰਿਦੋਖਜ ਸ੍ਰਿਸਰਬ ਲਿਙ੍ਗ- | ਜਾਣੀਦਾ ਹੈ ਜਿਸ ਵਿਚ ਸਾਰੇ ਲਛ- |
| ਸ਼ੌਚ ਮਦਾਤ੍ਯਯਃ। | ਣ ਹੋਣ ਉਹ ਤ੍ਰਿਦੋਖ ਸੰਨਿ ਮਦਾਤ੍ਯ- |
| ਸ਼੍ਲੇਸ਼ਮੋਂ ਚ੍ਛੇਦੋ ਗੁਰੁਤਾ ਵਿਰਸਾ- | ਕਫ ਕਰਕੇ ਅੰਗ ਭਾਰੀ ਹੋਵੇ ਮੂੰਹ ਬੇ- |
| ਸ੍ਯਤਾ | ਸੁਆਦ ਹੋ ਜਾਵੇ |
| ਵਿਣ੍ਮੂਤ੍ਰ ਸਕ੍ਤਿਰ ਬਤੰਦ੍ਰਿ ਰਰੋਚਕ- | ਝਾੜਾ ਪੇਸ਼ਾਬ ਆਪੇ ਨਿਕਲ ਜਾਵੇ, ਆ- |
| ਸਤ। | ਲਸ ਤੇ ਭੁਖ ਬੰਦ। |
| ਲਿੰਗੰ ਪਰਮਦ ਸ੍ਯ ਵਦੰਤਿ | ਇਨਾਂ ਲਛਣਾਂ ਤੇ ਪਰਮਦ ਕਹਿੰਦੇ ਹ- |
| ਤਜ੍ਯਾਃ। | ਨ ਬੁਧਿਮਾਨ ਲੋਕ। |

Digitized by Panjab Digital Library | www.panjabdigilib.org

| | |
|---|---|
| ਸ਼੍ਰੋਤ੍ਰਸ਼ੂਲਾ। ਰੁਜਾ ਸ਼ਿਰਸਿ ਸੰਧਿਸ਼ੂਲਾ-ਪਿ ਤੋਦਾਃ | ਤੇਹ ਸਿਰਪੀੜ ਜੋੜਾਂ ਵਿਚ ਦੁਖ |
| (ਮੂਤ੍ਰਕ੍ਰਿਛ੍ਰ) ਅਧਾਨ ਮੂਤ੍ਰਮ ਬੇਵੇਦਿ ਗ੍ਰਹਣੇ ਵਿਦਾਹ : | ਅਫਾਰਾ, ਅਥਵਾ ਵਿਕਾਰ ਮਤ੍ਰਨ, ਦੇ-ਹ ਵਿਚੋਂ ਭਾਫ ਜਿਹੀ ਨਿਕਲੇ। |
| ਪਾਨੇ ਜਰਾਂ ਸਮੁਪਗੱਛੰਤਿ ਲਖ੍ਯਣਿ। | ਪਾਨ ਜੀਰਣ ਦੇ ਲਛਣ ਕਹੇ ਗਏ ਹਨ। |
| ਹ੍ਰਿਦ੍ਯਾਗਾੜ੍ਹ ਤੋਦਕਫ ਸਿਸ਼੍ਵਕੰਠਭ੍ਰਮ | ਛਾਤੀ ਸਰੀਰ ਸਾਰੇ ਵਿਚ ਸੂਈਆਂ ਜਿਹੀ-ਆਂ ਚੋਭਾਂ, ਸੋਧ ਭ੍ਰਮ ਜਿਹਾ। |
| ਮੂਰਛਾ ਵਮੀ ਮੂਰਸ਼ਿਰੋਰੁਜਨ ਪ੍ਰਦੇਹਾ | ਬੇਹੋਸ਼ੀ ਡਾਕੀ ਤਾਪ ਸਿਰਪੀੜ |
| ਦ੍ਵੇਖ ਸੁਰਾਨ੍ਨੇ ਕ੍ਰਿਤੇ ਸ਼ੂਚ ਤੇ ਸ਼ੂਕੇ | ਅੰਨ ਦ੍ਵੇਖ ਤੇ ਸਿਰ ਲਿੰਘਿਆ ਜਿਹਾ ਕ-ਫ ਤੇ ਸਿਰਪੀੜ, ਸੋਧ ਵਿਰ ਭ੍ਰਮਿਆਂ ਅ-ਦਿਕ |
| ਤ੍ਰਿਪਾਨ ਵਿਭ੍ਰਮ ਮੁਸ਼ਿਤ੍ਯ ਖਿਲਪੀਤਾਃ। | ਲਛਣ ਕਹੇ ਹਨ ਪਾਨ ਵਿਭ੍ਰਮ ਦੇ ਬ੍ਯਾਧਿ ਮਾਨਾਂ ਨੇ। |
| ਹੀਨੋ ਤ੍ਰੁਰੋਸ਼੍ਠ ਮਤਿ ਸ਼ੀਤ ਮੰਦਵਹੀ। | ਹੇਠਲਾ ਹੋਠ ਹੀਨ ਹੋ ਗਿਆ ਹੋਵੇ, ਪਾ-ਲਾ ਬਹੁਤ ਲਗੇ ਅੰਦਰ ਦਾਹ ਹੋਵੇ। |
| ਤੈਲ ਪ੍ਰਭਾਸ੍ਯ ਮਤਿ ਪਾਨ ਹਤੇ ਜੇਤੇ | ਤੇਲ ਵਰਗਾ ਚਿਹਰਾ ਚਮਕਦਾ ਹੋਵੇ, ਓਹ (ਬਹੁਤ ਪੀਣ ਕਰਕੇ), ਮਰ ਜਾਏਗਾ। ਹਕੀਮ ਦੇ ਇਲਾਜ ਜੋਗ ਨਹੀ ਹੈ। |
| ਜਿਹ੍ਵੋਸ਼੍ਠ ਦੰਤਮਸਿਤੰ ਤ੍ਵ ਬਾ-ਪਿ ਨੀਲੰ | ਜੀਭ ਹੋਠ ਦੰਦ ਕਾਲੇ ਹੋਣ ਅਥਵਾ ਨੀਲੇ। |
| ਪੀਤੇ ਚ ਯਸ੍ਯ ਨਯਨੇ ਰੁਧਿਰ ਪ੍ਰਭੇ ਚ | ਪੀਲੇ ਹੋ ਗਏ ਹੋਣ ਨੇਤ੍ਰ ਜਿਸ ਦੇ ਜਾਂ ਲਹੂ ਰੰਗੇ |
| ਹਿੱਕਾ ਜ੍ਵਰੋ ਵਮ ਥੁ ਵੇਪ ਥੁ ਪਾਰਸ਼੍ਵ ਸ਼ੂਲਾਃ | ਹਿਡਕੀ ਤਾਪ ਥੁਕ ਥੁਕੀ ਕੰਬਣੀ, ਪਸਲੀ ਦੀ ਪੀੜ। |

Digitized by Panjab Digital Library | www.panjabdigilib.org

ਕਾਸੁ ਪ੍ਰਭਾਵ ਪਿਛਪਾਨ ਤੇ ਭਜੀਤੇ।

ਕਹੋਂ ਫਰਗਾ ਰੋਗ ਹੋ ਜਾਵੇ ਦੇਹ ਦਾ ਜਾਣੋ
ਇਹ ਪਾਨ ਪੀਤੀ ਮਾਰਕੇ ਛਡੇਗੀ।

ਹੁਣ ਜ਼ਰਾ ਸੋਚੋ ਵੈਦ ਬਾਰਣੀ ਜੀ ਜੇਕਰ ਸ਼ਰਾਬ ਸੁ-
ਖਦ ਪਦਾਰਥ ਹੈ ਤਾਂ ਇਤਿਆਦਕ ਰੋਗ ਤੇ ਏਹ ਲਛਣ ਕਿ-
ਉਂ ਕਹੇ ਹਨ। ਅਸਾਂ ਤਾਂ ਤੁਹਾਨੂੰ ਬਹੁਤ ਥੋੜੇ ਪ੍ਰਮਾਣ ਦਸੇ ਹ-
ਨ ਜੇਕਰ ਆਪ ਚਰਕ ਸੁਸ੍ਰੁਤ ਬਾਘਭਟ ਆਦਿਕ ਸਿਧ-
ਤਾਂ ਵਿਚ ਮਦ ਪ੍ਰਕਰਣ ਦੇਖੋ ਤਾਂ ਤੁਹਾਡੀਆਂ ਹੋਰ ਭੀ ਅਖਾਂ
ਖੁਲਣ। ਭਾਵੇਂ ਸੀਖੀਏ ਆਦਿਕ ਬਿਖ ਪਦਾਰਥ ਨੂੰ ਕਿਨਾ ਸੋਧ-
ਣ ਕੇ ਮਾਰੀਏ ਅਤੇ ਕੈਮ ਭੀ ਅੰਮ੍ਰਿਤ ਦਾ ਲਈਏ। ਪਰ ਬਿਖ ਪ-
ਦਾਰਥ ਬਿਖ ਹੀ ਹੈ, ਜਦ ਕਦੀ ਹਕੀਮ ਸੋਚ ਸਮਝ ਕੇ ਨਾ ਵ-
ਰਤੇਗਾ। ਯਾ ਅਨਾੜੀ ਦੇ ਹਥ ਚੜ੍ਹੇਗਾ ਤਾਂ ਵਰਤਿਆ ਹੋਇਆ
ਜ਼ਰੂਰ ਮੌਤ ਲਿਆਵੇਗਾ। ਇਕੂਰ ਹੀ ਸ਼ਰਾਬ ਹੈ।

ਇਹ ਸਾਰਾ ਪ੍ਰਸੰਗ ਸੁਣਕੇ ਸ਼ਰਾਬੀ ਸਾਹਬ ਕਹ-
ਣ ਲਗੇ ਕਿ ਜੇ ਕੁਝ ਤੁਸਾਂ ਕਿਹਾ ਸ਼ੈਤ ਠੀਕ ਹੋਵੇ, ਪਰੰਤੂ ਇਹ
ਗਲਾਂ ਪੁਰਾਤਨ ਹਕੀਮਾਂ ਦੀਆਂ ਹਨ, ਅਰ ਸੰਸਕ੍ਰਿਤ ਵਿ-
ਚ ਹਨ। ਕੋਈ ਅਜ ਕਲ ਦੇ ਲਾਇਕ ਡਾਕਟਰ ਦੀ ਗਲ ਦਸੋ
ਤਾਂ ਜਾਣੀਏ। ਪਰ ਦਸੋ ਕਿਥੋਂ ਅੰਗ੍ਰੇਜ਼ ਤਾਂ ਆਪ ਭਾਰੇ ਪਅ,
ਕੜ੍ਹ ਹਨ, ਓਹ ਕਦ ਇਸ ਦੀ ਨਿੰਦਾ ਕਰਦੇ ਹਨ? ਅਰ ਉ-
ਨਾਂ ਦੀਆਂ ਸਾਰੀਆਂ ਦਵਾਈਆਂ ਹੀ ਸ਼ਰਾਬ ਆਸ੍ਰੇ ਹਨ।

ਸਿਧ ਸਾਹਬ ਨੇ ਉੱਤਰ ਦਿਤਾ ਕਿ ਤੁਹਾਡੀ ਪਿ-
ਛਲੀ ਗਲ ਦਾ ਮੈਂ ਉੱਤ੍ਰ ਦੇ ਚੁਕਾ ਹਾਂ। ਬਾਕੀ ਰਿਹਾ ਡਾਕਟ-
ਰਾਂ ਦੀਆਂ ਗਲਾਂ। ਸੋ ਜੇ ਸਾਰੀਆਂ ਲਿਖਣ ਲਗੀਏ ਤਾਂ
ਦਫਤ੍ਰ ਚਾਹੀਏ, ਪਰ ਕੁਝ ਕੁ ਆਪ ਨੂੰ ਸੁਣਾਉਂਦੇ ਹਾਂ।

Digitized by Panjab Digital Library | www.panjabdigilib.org

ਡਾਕਟਰ ਸਰ ਵਿਲੀਅਮ ਗਿਲ ਐਮ.ਡੀ. ਹਕੀਮ ਖਾਸ ਸ੍ਰੀ ਮਹਾਰਾਣੀ ਵਿਕਟੋਰੀਆ ਕਹਿੰਦੇ ਹਨ।

ਮੇਰਾ ਸਚ ਤੇ ਪੱਕਾ ਨਿਸਚਾ ਹੈ ਕਿ ਸ਼ਰਾਬ ਦਾ ਪਿਆਲਾ ਮੌਤ ਦਾ ਰੂਪ ਹੈ

ਡਾਕਟਰ ਸਰ ਐਂਡ੍ਰਯੂ ਕਲਾਰਕ ਐਮ.ਡੀ., ਹਕੀਮ ਖਾਸ ਸ੍ਰੀ ਮਹਾਰਾਣੀ ਵਿਕਟੋਰੀਆ ਦਾ ਕਥਨ ਹੈ

ਹਸਪਤਾਲ ਵਿਚ ਜਿੰਨੇ ਰੋਗੀ ਮੈਂ ਡਿੱਠੇ ਸੈਂਕੜੇ ਪਿਛੇ ੭੦ ਰੋਗੀ ਸ਼ਰਾਬ ਪੀਣ ਦੇ ਕਾਰਣ ਸਨ, ਤਿਸ ਪਰ ਬੀ ਸਰਕਾਰ ਸ਼ਰਾਬ ਪੀਣੋਂ ਕਿਉਂ ਨਹੀਂ ਰੋਕਦੀ।

ਡਾਕਟਰ ਸੈਬਟ ਰਥ ਸਾਹਿਬ ਬਹਾਦਰ ਸਦਾ ਆਪਣੇ ਰੋਗੀਆਂ ਨੂੰ ਇਹ ਖਬਰ ਦਸਦੇ ਸਨ—

ਜੇ ਤੇਰੀ ਰੋਟੀ ਖਾਣ ਦੀ ਮੇਜ਼ ਉਤੇ ਸ਼ਰਾਬ ਨਾ ਹੋਵੇਗੀ ਤਾਂ ਤੂੰ ਰਾਜ਼ੀ ਹੋਵੇਂਗਾ।

ਡਾਕਟਰ ਅਬਰਨਸੀ ਲਿਖਦੇ ਹਨ:—

ਜੇ ਕਦੀ ਲੋਕੀ ਸ਼ਰਾਬ ਪੀਣੀ ਛਡ ਦੇਣ ਤਾਂ ਕੇਡੀ ਵਡੀ ਚੰਗੀ ਗਲ ਹੋਵੇ, ਫਿਰ ਤਾਂ ਹਕੀਮਾਂ ਡਾਕਟਰਾਂ ਦੀ ਕਦੀ ਲੋੜ ਹੀ ਨਾ ਪਵੇ। ਕਿਉਂਕਿ ਸ਼ਰਾਬ ਕੋਈ ਖਾਣ ਪੀਣ ਦੀ ਚੀਜ਼ ਨਹੀਂ, ਪਰ ਪਾਪੀਆਂ ਨੂੰ ਭੜਕਾਉਣ ਤੇ ਮਸਤ ਕਰਨ ਵਾਲੀ ਹੈ।

ਡਾਕਟਰ ਐਲੈਕਜ਼ੈਂਡਰ ਮਿਗਾਲਾਨ ਸਾਹਿਬ ਕਥਨ ਕਰਦੇ ਹਨ।

ਜਿਹੜੀ ਪ੍ਰਜਾ ਸ਼ਰਾਬ ਦੀ ਖਰੀਦੋ ਖਰਾਦੀ ਵਿਚ ਰੁਕਦੀ ਹੈ, ਉਹੋ ਪ੍ਰਜਾ ਆਪਣੀ ਲੋਕ ਪਲੋਕ ਦੀ ਹੋਸ਼ ਵਾਲੀ ਹੁੰਦੀ ਹੈ।

ਡਾਕਟਰ ਲੈਂਕਸ੍ਟਰ ਸਾਹਿਬ ਦਾ ਵਾਕ ਹੈ।

ਧਿਕਾਰ ਹੈ ਉਸ ਦੇਸ ਤੇ ਜਿਹੜਾ ਦੂਸਰੇ ਦੇਸਾਂ ਵਲ ਸ਼ਰਾਬ ਨੂੰ ਚੰਗੀ ਚੀਜ਼ ਜਾਣ ਕੇ ਘਲਦਾ ਹੈ।

ਡਾਕਟਰ ਮਿਕਲੀਨ ਸਾਹਿਬ ਦਾ ਉਲੇਖ ਹੈ।

ਇਹ ਗਲ ਭਾਵੇਂ ਸਚ ਹੈ ਕਿ ਸ਼ਰਾਬ ਅੰਗਾਂ ਵਿਚ ਚੁਸਤੀ ਚਲਾਕੀ ਪ੍ਰਗਟ ਕਰ ਦੇਂਦੀ ਹੈ, ਪਰ ਇਹ ਚੁਸਤੀ ਅਸਲੀ ਚਾਲਾਕੀ ਦੀ ਬੀ ਸਤਿਆਨਾਸ ਕਰ ਦੇਂਦੀ ਹੈ।

ਡਾਕਟਰ ਚਾਰਲਸ ਸਮਿਥ ਸਾਹਬ ਕਿਸੇ ਸ਼ਰਾਬੀਆਂ ਦੀ ਮਜਲਸ ਵਿਚ ਘਿਰੇ ਹੋਏ ਕਹਨ ਲਗੇ।

ਮੌਤ ਤਾਂ ਬੜੀ ਪ੍ਰਸੰਨਤਾ ਨਾਲ ਮਨਜ਼ੂਰ ਕਰਾਂਗਾ ਪਰ ਸ਼ਰਾਬ
ਨਹੀ ਪੀਵਾਂਗਾ।

ਡਾਕਟਰ ਜੇ ਬੀ ਗਿਲ ਐਮ ਡੀ ਲਿਖਦੇ ਹਨ:-

ਸ਼ਰਾਬ ਇਕ ਮਾਦਿਕ ਨਸ਼ੇਦਾਰ ਪੀੜਾਂ ਦੇ ਪ੍ਰਗਟ ਕਰਨ ਵਾਲੀ
ਵਸਤੂ ਹੈ। ਜਿਨੀ ਵਧੇਰੀ ਤੁਸੀ ਪੀਓਗੇ ਉਨੀ ਹੀ ਮੌਤ ਦੇ ਨੇੜੇ
੨ ਪਹੁੰਚਦੇ ਜਾਓਗੇ। ਭਾਂਵੇ ਕੋਈ ਕਿਤਨਾ ਹੀ ਜਵਾਨ ਬਹਾਦਰ ਮੋਟਾ
ਡੱਟਾ ਹੋਵੇ ਪਰ ਇਹ ਬਲਾ ਮਾਰ ਕੇ ਢਾਹ ਲੈਂਦੀ ਹੈ। ਇਹ ਕੋਈ ਖਾ
ਣ ਪੀਣ ਦੀ ਚੀਜ਼ ਨਹੀ, ਸਗੋਂ ਤ੍ਰੇਹ ਵਧਾਉਣ ਵਾਲੀ ਹੈ। ਇਸ ਪ
ੀਣ ਦੀ ਅਗ ਨਾਲੋਂ ਨਿਰੋਲ ਪਾਣੀ ਹਜ਼ਾਰ ਗੁਣਾ ਚੰਗਾ ਹੈ, ਕਿਉਂ
ਕਿ ਜੀਵਨ ਦਾ ਅਧਾਰ ਤਾਂ ਹੈ। ਮੁਕਦੀ ਗਲ ਸ਼ਰਾਬ ਦਾ ਵਰਤਣਾ
ਬਹੁਤ ਹੀ ਬੁਰਾ ਹੈ।

ਡਾਕਟਰ ਸੈਮੂਅਲ ਵੋਲੀ ਸਾਹਬ ਕਹਿੰਦੇ ਹਨ।

ਸ਼ਰਾਬ ਥੋੜੀ ੨ ਪੀਤਿਆਂ ਭਰੋਸਾ ਹੈ ਬਹੁਤ ਵਧ ਜਾਂਦੀ ਹੈ।
ਉਹ ਬਹੁਤੀ ਵਧੀ ਹੋਈ ਹਜ਼ਾਰਾਂ ਦੁਖੜੇ ਤੇ ਮੌਤ ਦਾ ਘਰ ਹੋ ਜਾਂਦੀ ਹੈ

ਡਾਕਟਰ ਮੇਟਕ ਐਮ ਡੀ ਕਹਿੰਦੇ ਹਨ।

ਇਹ ਬੜੀ ਝੂਠੀ ਗਲ ਜਹਾਨ ਵਿਚ ਖਿਲਰੀ ਹੋਈ ਹੈ, ਕਿ ਸ਼ਰਾਬ ਪੀਤਿ
ਆਂ ਸਟਾਂ ਤੇ ਪੀੜਾਂ ਮਲੂਮ ਹੀ ਨਹੀ ਹੁੰਦੀਆਂ।

ਡਾਕਟਰ ਵਾਲਟਸਨ ਕਹਿੰਦੇ ਹਨ।

ਜ਼ੁਕਾਮ ਹਟਾਉਣ ਲਈ ਸ਼ਰਾਬ ਪੀਣੀ ਬੜੀ ਭੁਲਣ ਵਾਲੀ ਗਲ ਹੈ।

ਡਾਕਟਰ ਤੁਸਕ ਐਮ ਡੀ ਸਾਹਬ ਦਾ ਕਥਨ ਹੈ:-

ਮਰਦਾਂ ਨੂੰ ਬਹੁਤ ਸਾਰੀਆਂ ਬੀਮਾਰੀਆਂ ਕੇਵਲ ਸ਼ਰਾਬ ਪੀਣ ਦੀ
ਕ੍ਰਿਆ ਨਾਲ ਪ੍ਰਾਪਤ ਹੁੰਦੀਆਂ ਹਨ।

Digitized by Panjab Digital Library | www.panjabdigilib.org

ਡਾਕਟਰ ਸਰ ਐਂਰ ਹਾਲੈਂਡ ਸਾਹਬ ਦਾ ਮੁਖਵਾਕ ਹੈ :—

ਨਿਰਸੰਦੇਹ ਸ਼ਰਾਬ ਬਹੁਤੇ ਰੋਗਾਂ ਵਿਚ ਹਾਜ਼ਮੇ ਅਤੇ ਸਿਰ ਦੇ ਰੋਗਾਂ
ਲਈ ਭਾਰੀ ਵਿਗਾੜੂ ਹੈ।

ਡਾਕਟਰ ਚੈਨ ਸਾਹਬ ਦਾ ਕਹਣਾ ਹੈ:—

ਜਿਹੜੇ ਲੋਕ ਮੁਕਾਮ ਤੇ ਰਾਤ ਜਾਗੇ ਵਾਸਤੇ ਤੇ ਥਕੇਵੇਂ ਅਰ ਤਾਪਲ-
ਈ ਸ਼ਰਾਬ ਪੀਂਦੇ ਹਨ ਬਹੁਤ ਹੀ ਬੁਰਾ ਕਰਦੇ ਹਨ।

ਡਾਕਟਰ ਹਰਬਰਟ ਡੀ.ਡੀ. ਸਾਹਬ ਦਾ ਵਾਕ ਹੈ :—

ਜਿਸ ਪੁਰਖ ਦੀ ਸ਼ਰਾਬੀ ਨਾਲ ਮਿਤ੍ਰਾਈ ਹੋਵੇ, ਅਥਵਾ ਜਿਸ-
ਦੀ ਮਜਲਸ ਵਿਚ ਸਦਾ ਸ਼ਰਾਬ ਹੋਵੇ ਉਸ ਨੂੰ ਹੋਰ ਦੁਸ਼ਮਨ ਬ-
ਣਾਉਣ ਦੀ ਕੋਈ ਲੋੜ ਨਹੀਂ ਰਹਿੰਦੀ।

ਡਾਕਟਰ ਆਰਨਲਡ ਸਾਹਬ ਦਾ ਕਹਣਾ ਹੈ :—

ਸ਼ਰਾਬ ਤੇ ਜ਼ਹਰ ਦੋਵੇਂ ਗਲਾਂ ਇਕੋ ਹੀ ਹਨ।

ਡਾਕਟਰ ਰਹੀਮ ਖਾਂ ਸਾਹਬ ਖਾਂ ਬਹਾਦਰ, ਆਨਰੇਰੀ ਸਰਜਨ, ਮੈਂਬਰ ਸੈਨੇਟ ਉਸਤਾਦ ਮੈਡੀਕਲ-
ਸਕੂਲ ਨੇ ਲਿਖਿਆ ਹੈ:- ਸ਼ਰਾਬ ਸੰਖੀਏ ਵਾਂਙੂ ਮਾਰ ਦੇਣ ਵਾਲਾ ਜ਼ਹ-
ਰ ਹੈ। ਜਿਸ ਤਰਾਂ ਸੰਖੀਏ ਦੀ ਸ਼ੀਸ਼ੀ ਪੁਰ ਜ਼ਹਰ ਦੀ ਟਿਕਟ ਲਾਕੇ
ਹੋਰ ਜ਼ਹਰਾਂ ਨਾਲ ਵਖਰੀ ਅਲਮਾਰੀ ਵਿਚ ਜੰਦ੍ਰੇ ਹੇਠ ਰਖਦੇ ਹਨ
ਅਤੇ ਰੋਗ ਵੇਲੇ ਵਡੀ ਹੁਸ਼ਿਆਰੀ ਨਾਲ ਵਰਤਦੇ ਹਨ, ਉਕਰਾਂ ਹੀ
ਸ਼ਰਾਬ ਨੂੰ ਬੀ ਵਰਤਣਾ ਚਾਹੀਏ। ਤੁਸੀਂ ਨਹੀਂ ਦੇਖਦੇ ਕਿ ਸੈਂਕੜੇ
ਜੁਆਨ ਇਸ ਪਾਪਣ ਦੇ ਪੰਜੇ ਫਸਕੇ ਬਿਨਾ ਆਈ, ਆਪਣੀ
ਜਾਨ ਗੁਆਉਂਦੇ ਹਨ। ਤੁਸੀ ਨਹੀਂ ਦੇਖਦੇ ਕਿ ਇਹ ਦੁਜ਼ੂ ਜਿਗਰ
ਦਾ ਕੀ ਹਾਲ ਕਰ ਦਿੰਦੀ ਹੈ। ਤੁਸੀਂ ਨਹੀਂ ਦੇਖਦੇ ਕਿ ਇਹ ਪਾਪਣ
ਗੁਰਦਿਆਂ ਦਾ ਜੋ ਪਰਮੇਸੁਰ ਵਲੋਂ ਸਰੀਰ ਦੀ ਸਫਾਈ ਦੇਣ
ਰੋੜ੍ਹੇ ਹਨ-ਕੀ ਹਾਲ ਕਰ ਦਿੰਦੀ ਹੈ। ਤੁਸੀਂ ਨਹੀਂ ਦੇਖਦੇ ਜੋ ਇਹ

Digitized by Panjab Digital Library | www.panjabdigilib.org

ਹਤਿਆਰਨ ਦਿਮਾਗ ਦਾ ਜਿਸਨੂੰ ਪਰਮੇਸੁਰ ਨੇ ਸਰੀਰ ਦਾ ਗਵਰਨਰ ਜਨਰਲ ਥਾਪਿਆ ਹੈ, ਕਿਤਨਾ ਕੁ ਬੁਰਾ ਹਾਲ ਕਰ ਦਿਦੀ ਹੈ। ਆਦਮੀ ਨੂੰ ਸੁਦਾਈ ਬਣਾ ਦਿੰਦੀ ਹੈ। ਬੇਹਿਆ ਬੇਸ਼ਰਮ ਕਰ ਦਿੰਦੀ ਹੈ। ਪਰਮੇਸੁਰ ਤੇ ਗੁਰੂ ਪੀਰ ਦਾ ਡਰ ਦਿਲ ਥੋਂ ਦੂਰ ਕਰ ਦਿੰਦੀ ਹੈ। ਗਲੀਆਂ ਮੋਰੀਆਂ ਵਿਚ ਲਿਆ ਸੁਟਦੀ ਹੈ। ਠੋਕਰਾਂ ਲੁਆਉਂਦੀ ਕੁਤਿਆਂ ਥੋਂ ਮੂੰਹ ਚਟਵਾਉਂਦੀ ਹੈ। ਸ਼ੋਕ ਮਹਾਂ ਸ਼ੋਕ ਹੈ। ਫੇਰ ਬੀ ਲੋਕ ਨਹੀਂ ਮੰਨਦੇ। ਹੇ ਦੇਸੀ ਭਰਾਓ, ਇਸਨੂੰ ਮੂੰਹ ਨਾ ਲਾਓ ਸਿਰ ਚੜ੍ਹ ਜਾਏਗੀ; ਭੂਤ ਵਾਂਗੂ ਚੰਬੜੇਗੀ, ਠੋਰ ਰੋਵੋਗੇ, ਹਾਏ ਜਾਨ ਤੇ ਆ ਬਣੀ। ਹੁਣ ਸੀਖੀਏ ਨਾਲੋਂ ਵਧਕੇ ਇਸਨੂੰ ਮਾਰ ਮੁਕਾਊ। ਬਿਖ ਸਮਝੋ। ਅਰ ਸਚ ਜਾਣੋ ਕਿ ਚਰਿਤਸਾਂ ਮੂਜਬ ਦੇਹ ਅਰੋਗਤਾ ਵਿਚ ਸ਼ਰਾਬ ਪੀਣੀ ਆਪਣੀ ਜਾਨ ਪੁਰ ਖੇਡਨਾ ਹੈ। ਅਪਣੇ ਵਰਤਾਵੇ ਵਿਚ ਜੋ ਜੋ ਦੁਖ ਦੇਖੇ ਹਨ ਕੀ ਕਹਾਂ, ਉਨਾਂ ਨੂੰ ਇਨਾਂ ਤੁਕਾਂ ਪੁਰ ਮੁਕਾਉਂਦਾ ਹਾਂ।

ਅਪਨੇ ਪਯਾਰੇ ਬਹੁਤ ਹੀ ਮਰੇ ਕਿ ਬਸ ਮੈਂ ਰੋਇ।
ਫਿਰ ਜੋ ਕੁਝ ਅਸਾਂ ਨੇ ਰਬ ਨ ਦਿਖਾਏ ਸੋਇ।
ਭਰੀ ਜੁਆਨੀ ਛਡਕੇ ਗਏ ਪ੍ਰਾਣ ਤਨ ਤਿਆਗ,
ਗਾਹੜੇ ਮਿਤ੍ਰ ਕਰੀਬ ਬਨ ਦੇਤ ਪਰਮ ਦੁਖ ਦਾਗ।

ਫੇਰ ਇਕ ਜਗਾਂ ਡਾਕਟਰ ਸਾਹਬ ਲਿਖਦੇ ਹਨ।

ਹਿੰਦੁਸਤਾਨ ਵਿਚ ਸ਼ਰਾਬ ਦਾ ਪੀਣਾ ਮਾਨੋ ਅਗ ਵਿਚ ਘਿਉ ਛਡਣਾ ਹੈ

## ਅਠਵੇਂ ਸ਼ਰਾਬੀ ਨੂੰ ਰਿਤ੍ਰ।

ਸਤਵੇਂ ਸ਼ਰਾਬੀ ਨੂੰ ਅਲੂਣ ਕਰਕੇ ਹੁਣ ਸਿੱਧ ਸਾਹਬ ਅਠਵੇਂ ਵਲ ਪਰਤੇ, ਕਹੇ ਮਹਾਰਾਜ ਜੀ ਸ਼ਰਾਬ ਨਿੰਦ ਹੈ ਕਿਆ-

Digitized by Panjab Digital Library | www.panjabdigilib.org

ਨਿਦ। ਜਰਾ ਸਮਝ ਸਮਝ ਕੇ ਸੋਚੋ, ਕਿ ਜਦ ਸ਼ਰਾਬ ਦੇ ਮੂੰਹ ਧਨ ਪਦਾਰਥ ਵਿਅਰਥ ਉਡ ਜਾਂਦਾ ਹੈ, ਤਦ ਰੁਖੀ ਸੁਖੀ ਲੂਣ ਨਾਲ ਜੁੜਨੀ ਭੀ ਕਠਨ ਹੋ ਜਾਂਦੀ ਹੈ, ਉਸ ਵੇਲੇ ਸ਼ਰਾਬ ਦਾ ਕਿਹਾ ਕੁ ਅ-ਨੰਦ ਆਉਂਦਾ ਹੈ। ਅਸੀਂ ਤਾਂ ਸਦੀਵ ਕਾਲ ਪਰਮੇਸੁਰ ਅਗੇ ਇਹੋ ਬੇਨਤੀ ਕਰਦੇ ਹਾਂ, ਕਿ ਸ਼ਰਾਬੀਆਂ ਦਿਲਾਵਰਾਂ ਦੀ ਸੰਗਤ ਨਾ ਦੇਹ। ਕਿਉਂਕਿ ਏਹ ਅਜਿਹੇ ਹੁਸਿਆਰੇ ਹੁੰਦੇ ਹਨ ਕਿ ਆ-ਪਣੇ ਲਖਾਂ ਹਜਾਰਾਂ ਰੁਪਯਾਂ ਦੇ ਮਿਲਖ ਗਹਣੇ, ਇਜ਼ਤ ਨਾਮ ਕੁਲ ਪਦਾਰਥ ਤੇ ਸਰੀਰ ਸਭੋ ਕੁਝ ਸ਼ਰਾਬ ਦੀ ਅਗ ਵਿਚ ਫੂ-ਕ ਸਾੜ ਸੁਆਹ ਕਰਕੇ ਦੂਸਰਿਆਂ ਮਿਤ੍ਰਾਂ ਪਿਆਰਿਆਂ ਦੇ ਸਰਬ-ਸ ਫੂਕਣ ਦੇ ਉਦਮ ਵਿਚ ਲਗੇ ਰਹਿੰਦੇ ਹਨ। ਇਹੋ ਜੇਹੇ ਪੁਰਖਾਂ ਦੀ ਰੀਸ ਕ-ਰਨੀ ਜੋ "ਘਰ ਫੂਕ ਤਮਾਸ਼ਾ ਦੇਖਣ" ਨੂੰ ਅਕਲ ਤੇ ਵਡਿਆਈ ਸਮ-ਝਨ, ਪਰਮ ਮੂਰਖਤਾ ਹੈ।

ਇਹ ਸ਼ਰਾਬੀ ਦਾਖ ਭਾਵੇਂ ਕੌੜੀ ਭਾਵੇਂ ਖਟੀ ਹੋਵੇ, ਪਰੰਤੂ ਅਸੀਂ ਲੋਕ ਤਾਂ ਕਲ ਇਸ ਦੀ ਛਾਇਆ ਤਕ ਜਾਣਾ ਪਸਿੰਦ ਨਹੀਂ ਕਰਦੇ ਫੇਰ ਸੁਆਦ ਤੇ ਪਰਖਣ ਦੇ ਨਾਲ ਕੀ? ਕਿਉਂਕਿ ਮੈਂ ਜਾਣਦਾ ਹਾਂ ਕਿ ਜਦ ਤਕ ਤਰਕ ਮਿਸ੍ਰਤ ਉਸਤਤੀ ਕਿਸੇ ਪਦਾਰਥ ਦੀ ਨਾ ਹੋਵੇ ਤਦ ਤਕ ਬੇ ਖਬਰ ਮਨੁਖ ਫਸਦਾ ਨਹੀਂ। ਪਰੰਤੂ ਮੇਰਾ ਫਸਣਾ ਆਪ ਅਸਿਧ ਜਾਣੋ। ਜੇ ਕਦੀ ਆਪ ਆਪਣੇ ਅਨਭੈ ਕਰਕੇ ਸੋਚੋ, ਅਤੇ ਅਕਲ ਦੇ ਤੱਕੜ ਤੇ ਤੋਲੋ ਕਿ ਸ਼ਰਾਬ ਦਾ ਤਿਆਗ ਭਲਾ ਹੈ ਜਾਂ ਅਨੁਰਾਗ? ਤਾਂ ਆਪ ਬੇਸ਼ਕ ਇਸ ਅਗ ਥੋਂ ਬਚ ਜਾਓਗੇ, ਨਹੀਂ ਤਾਂ ਪਰਤੱਖ ਪਾਣੀ ਦੀ ਅਗ ਵਿਚ ਤਾਂ ਦਗਧ ਹੋ ਹੀ ਰਹੇ ਹੋ। ਇਹ ਗਲ ਆਪ ਦੀ ਬਹੁਤ ਪਸਿੰਦ ਹੈ ਕਿ "ਮਾ-ਨੁਖਾਂ ਨਾਲੋਂ ਪਸੂ ਚੰਗੇ" ਸਚ ਹੈ ਪਸੂ ਨੂੰ ਕਿਨਾ ਜ਼ੋਰ ਲਾਓ ਕਦੀ

Digitized by Panjab Digital Library | www.panjabdigilib.org

ਸ਼ਰਾਬ ਨਹੀ ਪੀਏਗਾ, ਕਿਉਂਕਿ ਮੁਸ਼ਕ ਲੈਂਦਿਆਂ ਪਰਖ ਲੈਂਦਾ ਹੈ ਕਿ ਇਹ ਬਿਖ ਹੈ, ਪੀਤੀ ਤਾਂ ਮੌਤ। ਪਰੰਤੂ ਮਨੁਖ ਇਸ ਜ਼ਹਰ ਨੂੰ ਨਿਤ ਪੀਂਦੇ ਅਤੇ ਨਿਤ ਨਵੇਂ ਸੂਰਜ ਇਸ ਬਿਖ ਦੇ ਗੁਣ ਔਗੁਣ ਵੇਖਦੇ ਫਲ ਭੋਗਦੇ ਅੰਤ ਨੂੰ ਕੁਤੇ ਦੀ ਮੌਤ ਮਰਦੇ (ਤਜਰਬਾ)। ਪਰੰਤੂ ਫਿਰ ਬੀ ਇਸ ਨੂੰ ਨਹੀ ਤਿਆਗਦੇ ਇਸ ਕਾਰਨ ਪਸੂ ਚੰਗੇ।

ਬਾਸਨ ਮੈਮਦ ਮਦ ਛਕਯੋ ਨਰ ਮਿਲ ਮਦ ਮਲ ਮੂਤ, ਬਿਬਾ ਮੇਲ ਜਗ ਦੁਹਨ ਕੂੰ ਤਪਰ ਖਰਬਸ (ਸੁਖਸੂਤ)

ਜੇ ਕਦਾਪਿ ਮਾਨੁਖ ਮੂਰਤ ਹੋਣ ਦਾ ਫਲ ਇਹੋ ਹੀ ਹੈ, ਕਿ ਕਲੇਜਾ ਲੂਹਣਾ ਬੇਹੋਸ਼ ਹੋਣਾ ਬਕਣਾ ਡਾਕੀਆਂ ਕਰਕੇ ਲੇਟਣਾ ਮੋਰੀਆਂ ਵਿਚ ਰੁਲਨਾ, ਪੁਲਸ ਦੇ ਡੰਡੇ ਖਾਣੇ, ਸ਼ਫਾ ਖਾਨੇ ਪਾਗਲਖਾਨੇ ਤੇ ਜੇਲਖਾਨਿਆਂ ਦੀ ਸੈਰ ਕਰਨੀ, ਦੀਨ ਦੁਨੀਆਂ ਦਾ ਕਲੰਕ ਸਹੇੜਨਾ ਪੁਤਾਂ ਪੋਤਿਆਂ ਤਕ ਸਰੀਰਕ ਰੋਗ ਛਡ ਜਾਣੇ ਆਦਿ: ਤਾਂ ਅਸੀ ਸਾਫ ਕਹਿੰਦੇ ਹਾਂ ਕਿ ਸਾਨੂੰ ਉਨ੍ਹਾਂ ਪ੍ਰੇਤ ਮਨੁਖਾਂ ਵਿਚ ਨ ਗਿਣੋ।

ਜੇਹੜਾ ਦ੍ਰਿਸ਼ਟਾਂਤ ਵਿਚ ਆਪਨੇ ਦੋ ਸੌ ਸਠਵੇਂ ਚਰਿਤ੍ਰ ਦੇ ਛੇਕੜਲੇ ਦੋਹੇ ਦੀ ਪਿਛਲੀ ਤੁਕ ਕਹੀ ਹੈ, ਉਸ ਤੋਂ ਪਹਲੀ ਤੁਕ ਆਪ ਨੂੰ ਯਾਦ ਨਹੀ ਹੈ, ਨਹੀ ਤਾਂ ਆਪ ਭੁਲ ਕੇ ਬੀ ਨਾ ਕਹਿੰਦੇ। ਦੋਹਰਾ

ਇਹ ਛਲ ਸੋ ਮਿਸ੍ਰ ਛਲਾ ਪਾਹਨ ਦਏ ਬਹਾਇ।

ਮਹਾਂਕਾਲ ਕੋ ——— ਸਿਖ ਕਰ ਮਦਰਾ ਭੰਗ ਪਿਵਾਇ

ਪੁਣ ਇਸ ਦੋਹੇ ਵਿਚ ਛਲ ਕਰਕੇ ਬ੍ਰਾਹਮਣ ਛਲਿਆ, ਛਲ ਕਰਕੇ ਹੀ ਪੂਜਾ ਦੇ ਪਥਰ ਰੁੜ੍ਹਾਏ ਛਲ ਕਰਕੇ ਹੀ ਮਹਾਕਾਲ ਦਾ ਸਿਖ ਕੀਤਾ ਛਲ ਕਰਕੇ ਹੀ ਮਦਰਾ ਤੇ ਭੰਗ ਪਿਆਈ। ਛਲ ਦੇ ਪਕਰਣ ਵਿਚ

(੪) ਅਰਥ—ਵਿਚ ਪਈ ਤਾਂ ਸਰਾਬ ਹੀ ਫੁਕੀ ਪਈ ਹੈ, ਪਰ ਜਦ ਆਦਮੀ ਨਾਲ ਮਿਲੀ ਮਲ ਮੂਤ੍ਰ ਹੀ ਹੋ ਗਈ ਇਸ ਕਾਰਣ ਸ਼ਰਾਬ ਤੇ ਆਦਮੀ ਦਾ ਮੇਲ ਹੀ ਅਜਬ ਹੈ, ਪਰ ਖੋਤੇ ਚੰਗੇ ਜੇਹੜੇ ਨਹੀ ਪੀਂਦੇ ਤੇ ਸੁਖੀ ਜੀਉਂਦੇ। (ਪ) ਇਸ ਛਲ ਨਾਲ ਮਿਸ੍ਰ ਛਲਿਆ ਗਿਆ, ਤੇ ਪੂਜਾ ਦੇ ਪਥਰ ਰੋੜ੍ਹ ਦਿਤੇ ਗਏ। ਮਹਾਂਕਾਲ [illegible] ਦਾ ਸਿਖ ਕੀਤਾ ਸ਼ਰਾਬ ਤੇ ਭੰਗ ਪਿਆਇਕੇ। ਭਾਵ ਇਹ ਕਿ ਪ੍ਰਾਤਹਕਾਲ ਹੀ [illegible] ਮਿਸ੍ਰ ਜੀ ਨੂੰ ਛਲਣ ਦਾ ਵੇਲਾ ਹੋਈ। ਇਥੇ ਬੀ ਭੰਗ ਸ਼ਰਾਬ ਫਿਰ ਦਸਤੂਰੀ ਨਹੀ। [illegible] ਵਡਾ ਵੇਲਾ ਸਵੇਰ ਨੂੰ ਕਹਿੰਦੇ ਹਨ ਤੇ [illegible] ਕਾਲ ਦਾ ਅਰਥ ਵਡਾ ਵੇਲਾ ਹੈ।

ਮਦਰਾ ਆਦਿਕ ਅਮਲ ਸਭ ਵਿਹਤ ਹਨ। ਇਹ ਚਰਿਤ੍ਰ ਰਾਜ ਕੈਨ
ਆਂਦਾ ਹੈ। ਜਦ ਚਰਚਾ ਕਰਕੇ ਮਿਸਰ ਨਹੀ ਜਿਤਿਆ ਗਿਆ ਤਦ
ਉਸ ਨੇ ਛਲ ਕੀਤਾ, ਉਸ ਛਲ ਦੇ ਫਲੇ ਮਿਸਰ ਦਾ ਸਿਖ ਹੋਣਾ, ਪਬਰ
ਰੋਣਾ ਨੇ ਸ਼ਰਾਬ ਤੇ ਭੰਗ ਪੀਣੀ ਇਹ ਨਹੀ ਸਿਧ ਕਰਦੀ ਕਿ ਸਦਾ ਸ਼-
ਰਾਬ ਪੀਓ। ਆਪ ਨਹੀ ਜਾਣਦੇ ਆਪਦ ਪਰੇ ਤੇ ਕਹੋ ਕਹਾਣਾ ਕੀ-
ਜੀਏ।" ਇਸ ਵਿਚੋਂ ਇਹ ਸਿਧ ਤਾਂ ਨਹੀ ਹੁੰਦਾ ਕਿ ਸਿਖਾਂ ਨੂੰ ਪੀਣ ਦੀ
ਆਗਿਆ। ਕੀ ਕਿਸੇ ਪਾਪੀ ਰਾਜਾ ਦੇ ਇਤਹਾਸ ਲਿਖਣ ਵਾਲੇ
ਦਾ ਇਹ ਮਤਲਬ ਹੁੰਦਾ ਹੈ ਕਿ ਜੋ ਕੋਈ ਇਸ ਨੂੰ ਪੜ੍ਹੇ, ਉਹ ਇਹੋ ਪਾ-
ਪ ਕਰੇ। ਆਪ ਝਟ ਕਹੋਗੇ ਕਿ ਨਹੀ, ਉਹ ਤਾਂ ਹਾਲ ਲਿਖਣ ਵਾਲਾ
ਹੈ, ਜੋ ਵਰਤਾਰਾ ਵਰਤਿਆ ਉਸ ਨੇ ਲਿਖ ਦਿਤਾ। ਇਸੇ ਤਰਾਂ ਇਹ
ਚਰਿਤ੍ਰ ਦੀ ਵਾਰਤਾ ਹੈ। ਚੇਤੇ ਰਖੋ ਕਿ ਜਿਥੇ ਕਿਤੇ ਸ਼ਰਾਬ ਭੰਗ ਹ-
ਫੀਮ ਆਦਿਕ ਦਾ ਵਰਣਨ ਕੀਤਾ ਹੈ, ਸਾਹਬ ਗੁਰੂ ਜੀ ਉਸ ਤਰਾਂ
ਪਕਰਣ ਅਨੁਸਾਰ ਕਹਿੰਦੇ ਰਹੇ ਹਨ, ਜਿਕੁਰ ਮੁਸਵਰ ਡੁਬਦੇ
ਪੁਰਖ ਦੀ ਮੂਰਤ ਖਿਚ ਕੇ ਇਹ ਤਾਂ ਨਹੀ ਪ੍ਰਗਟ ਕਰਦਾ ਕਿ ਡੁ-
ਰ ਤੁਸੀ ਬੀ ਡੁਬੋ ਸਗੋਂ ਉਸਦਾ ਤਾਤਪਰਜ ਹੁੰਦਾ ਹੈ, ਇਸ ਦੁਰਦ-
ਸ਼ਾ ਨੂੰ ਦੇਖ ਕੇ ਲੋਕੀ ਸੁਧਰ ਜਾਣ। ਨਸ਼ੇ ਕਰਕੇ ਵਾਲਿਆ ਜਾਣ-
ਸਾਂਮਨੇ ਦੇ ਭੇਤ ਕੇਹੇ ਵੇਟੇ ਆਦਿਕ ਔਗੁਣਾਂ ਦੇ ਪਗਟ ਕਰਨ ਥੋਂ
ਗੁਰੂ ਜੀ ਨੇ ਸਾਫ਼ ਦਿਖਾ ਦਿਤਾ ਹੈ ਕਿ ਨਸ਼ਾ ਨਿੰਦ ਵਸਤੂ ਹੈ।
ਆਪ ਨੂੰ ਅਸਾਂ ਪ੍ਰਸ਼ਨਾਂ ਦੇ ਉਤਰ ਮੈਂ ਦੇ ਦਿਤੇ
ਹਨ, ਅਬ ਆਪ ਪੂਰ ਪ੍ਰਗਟ ਕਰ ਦਿਤਾ ਹੈ। ਕਿ ਨਸ਼ੇ ਦਾਰ ਚੀਜ਼ਾਂ
ਕਿਸ ਤਰਾਂ ਦੀਆਂ ਜਾਨਾਂ ਨੂੰ ਖੁਰਦੀਆਂ ਹਨ ਦੇਹ; ਅਤੇ ਆਤਮਾ ਦੇ ਸਰੀ-
ਰ ਦੀਆਂ ਅਨੇਕ ਤਰਾਂ ਦੇ ਰੋਗ ਉਤਪਤ ਕਰਦੀਆਂ ਹਨ। ਗੁਰ
ਮਤ ਨੂੰ ਵੇ ਜਨਮ ਕਰਦੇ ਪੈਰ ਪਾਪੀ ਬਣਾਉਂਦੀਆਂ ਹਨ। ਦੌਲਤ

ਧਨ ਮਾਲ, ਪਤ ਆਬਰੋ ਨਾਮ ਜਸ ਨੂੰ ਕਿਵੇਂ ਝਾੜੂ ਫੇਰਦੀਆਂ ਹਨ। ਸਾਰਿਆਂ ਅੰਗਾਂ ਨੂੰ ਕਿਵੇਂ ਦੁਖੀ ਕਰਦੀਆਂ ਹਨ। ਗੱਲ ਕਾਹਦੀ ਸਰੀਰਕ, ਆਤਮਕ, ਧਾਰਮਕ, ਸੰਸਾਰਕ, ਨਿਜ ਦੇ, ਸਭ ਦੇ, ਵਿਹਾਰਕ, ਪਦਾਰਥਕ ਦੁਖੜੇ ਜੋ ਜੋ ਇਨ੍ਹਾਂ ਥੋਂ ਉਪਜਦੇ ਹਨ, ਮੂਰਤ ਦੀ ਤਰਾਂ ਖਿਚ ਕੇ ਦਿਖਾ ਦਿਤੇ ਹਨ। ਆਓ, ਹੁਣ ਇਨ੍ਹਾਂ ਦਾ ਤਿਆਗ ਕਰੋ। ਆਪ ਨੂੰ ਤੇ ਦੇਸ਼ ਨੂੰ ਬਚਾਓ।

ਪਿਆਰੇ ਪਾਠਕੋ ਸਿੰਘ ਸਾਹਬ ਦੇ ਬਚਨਾਂ ਨੇ ਉਹ ਬਿਜਲੀ ਵਰਗਾ ਅਸਰ ਦਿਖਾਇਆ ਕਿ ਬੈਦ ਬਾਰਨੀ ਜੀ ਨੇ ਹਥ ਜੋੜ ਕੇ ਆਖਿਆ ਕਿ ਮਹਾਰਾਜ ਜੀ ਆਪ ਦੇ ਉਪਦੇਸ਼ ਸੱਤ ਹਨ ਮੈਂ ਅਜ ਤੋਂ ਕਦੀ ਸ਼ਰਾਬ ਨਹੀ ਪੀਆਂਗਾ ਅਰ ਜਿਥੋਂ ਤਕ ਹੋ ਸਕੂ ਹੋਰਨਾਂ ਨੂੰ ਬੀ ਰੋਕਾਂਗਾ। ਇਨ੍ਹਾਂ ਨੂੰ ਦੇਖ ਬਾਕੀ ਸਤ ਸ਼ਰਾਬੀ ਜੋ ਗੋਡਿਆਂ ਵਿਚ ਸਿਰ ਪਾਈ ਸੋਚ ਰਹੇ ਸਨ ਬੋਲੇ, ਕਿ ਮਹਾਰਾਜ, ਅਸੀਂ ਤਾਂ ਚੰਗੇ ਸੂਰਜ ਪਏ ਖੂਹ ਵਿਚ ਡਿਗਦੇ ਸਾਂ, ਆਪ ਨੇ ਵਡੀ ਕ੍ਰਿਪਾ ਕੀਤੀ ਜੋ ਸਾਨੂੰ ਬਚਾ ਲਿਆ। ਅਸੀਂ ਨੇਮ ਕਰਦੇ ਹਾਂ ਕਿ ਅਜ ਤੋਂ ਲੈ ਕੇ ਮਰਦਿਆਂ ਤੀਕ ਕੋਈ ਨਸ਼ਾ ਨਹੀ ਵਰਤਾਂਗੇ। ਸਾਡਾ ਪਿਛਲਾ ਪੀਤਾ ਈਸ਼੍ਵਰ ਬਖਸ਼ੇ, ਅਰ ਕਰਤਾਰ ਇਹ ਸਾਮਰਥਾ ਬੀ ਪ੍ਰਦਾਨ ਕਰੇ ਕਿ ਹੋਰਨਾਂ ਨੂੰ ਬੀ ਬਚਾਈਏ। ਫੇਰ ਸਾਰਿਆਂ ਨੇ ਮਿਲ ਕੇ ਕਿਹਾ:—

## ਕਰੋਤਿ ਮੱਦਯੰ ਬਿਬਧਾਨ ਵਿਕਾਰਨ

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

B-7687
to
B-7688

Digitized by Panjab Digital Library | www.panjabdigilib.org

Digitized by Panjab Digital Library | www.panjabdigilib.org